INTERNATIONAL MAGAZINE
RNI No. 61816/95

Postal Regd. No. CHD/0081/2018-20

Date of Publishing : 24/09/2020
Page No. from 1 to 60
Date of posting
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਅਕਤੂਬਰ 2020

ਨਾਨਕ ਬਧਾ ਘਰੁ ਤਹਾਂ
ਜਿਥੈ ਮਿਰਤੁ ਨ ਜਨਮੁ ਜਰਾ ॥



ਸੱਚਖੰਡਵਾਸੀ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਰਤਵਾੜਾ ਸਾਹਿਬ
( 17 ਜੂਨ 1918 – 31 ਅਕਤੂਬਰ 2001)

ਸੱਚਖੰਡਵਾਸੀ
ਸਤਿਕਾਰਯੋਗ ਮਾਤਾ (ਬੀਜੀ) ਰਣਜੀਤ ਕੌਰ ਜੀ
ਰਤਵਾੜਾ ਸਾਹਿਬ
(8 ਅਗਸਤ 1918 – 1 ਨਵੰਬਰ 2013)

# ਗੁਰਮਤਿ ਸਮਾਗਮ

31 ਅਕਤੂਬਰ ਤੇ 1 ਨਵੰਬਰ 2020 ਨੂੰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)

# ਅਭੁੱਲ ਯਾਦਾਂ



# ਆਤਮ ਮਾਰਗ

ਸਾਲ-ਛੱਬੀਵਾਂ, ਮਹੀਨਾ-ਅਕਤੂਬਰ, 2020

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ


| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379,

Email :atammarg1@yahoo.co.in



Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur
Garibdas, Teh. Kharar, Distt. S.A.S Nagar
(MOHALI) - 140901, Pb. India


### SUBSCRIPTION – ਚੰਦਾ – (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- (For outstation cheques) | |

### SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।



Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com


## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE)
0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.)
95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| | | 98147-12900 |
| ਕੇਬਲ ਟੀ.ਵੀ ਨੈਟਵਰਕ | - | 94172-14385 |

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5

*(ਡਾ.) ਭਾਈ ਸੁਖਵਿੰਦਰ ਸਿੰਘ*

2. ਬਾਰਹ ਮਾਹਾ 7

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*

3. ਬਾਬਾਣੀਆਂ ਕਹਾਣੀਆਂ 12

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਸਾਈ ਨਾਮੁ ਅਮੋਲੁ 16

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਜੋ ਮੈ ਕੀਆ ਸੋ ਮੈ ਪਾਇਆ.................॥ 24

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਹਉਮੈ ਦੀਰਘ ਰੋਗ ਹੈ 36

*ਸੰਤ ਬਾਬਾ ਹਰਪਾਲ ਸਿੰਘ ਜੀ*

7. ਜਪੁਜੀ ਦੇ ਪੰਜ ਖੰਡ 40

*ਡਾ. ਰਾਮ ਸਿੰਘ*

8. ਨੂਰਾਨੀ ਮਿਲਾਪ 45

*(ਡਾ.) ਭਾਈ ਸੁਖਵਿੰਦਰ ਸਿੰਘ*

9. ਵਾਰਾਂ ਭਾਈ ਗੁਰਦਾਸ ਜੀ 47

10. ਈਸ਼੍ਵਰ ਅਮੋਲਕ ਲਾਲ 49

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

11. ਭਾਈ ਨੰਦ ਲਾਲ ਜੀ 51

12. ਗੁਰਬਾਣੀ ਅਰਥ ਭੰਡਾਰ 53

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

13. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ 54

*ਡਾ. ਸਵਾਮੀ ਰਾਮ ਜੀ*

14. ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ ਅਤੇ ਪੁਸਤੱਕ ਸੂਚੀ 56

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

*ਸਗਲ ਸੰਗਿ ਆਤਮ ਉਦਾਸੁ ॥*
*ਐਸੀ ਜੁਗਤਿ ਨਾਨਕ ਰਾਮਦਾਸੁ ॥ ੬ ॥ ਅੰਗ-੨੭੫*

ਦਿਸਦਾ ਅਣਦਿਸਦਾ ਸਾਰਾ ਬ੍ਰਹਿਮੰਡ ਕਿਸੇ ਜੁਗਤਿ (ਨਿਯਮਾਵਲੀ) ਅਧੀਨ ਕੰਮ ਕਰ ਰਿਹਾ ਹੈ। ਜੁਗਤਿ ਤੋਂ ਬਿਨਾਂ ਹਰ ਸ਼ੈਅ, ਹਰ ਕਾਰਜ ਉਥਲ ਪੁਥਲ ਹੋ ਜਾਵੇਗਾ। ਸਾਰੇ ਖੰਡ, ਬ੍ਰਹਿਮੰਡ, ਤਾਰੇ, ਸਿਤਾਰੇ, ਗ੍ਰਹਿ ਚਾਲ ਕਿਸੇ ਜੁਗਤਿ ਅਧੀਨ ਕਾਰਜ ਕਰ ਰਹੇ ਹਨ ਭਾਵ ਕਿਰਿਆਸ਼ੀਲ ਹਨ। ਜੈਸਾ ਕਿ ਬਾਣੀ ਵਿਚ ਫੁਰਮਾਨ ਹੈ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥ ਅੰਗ- ੪੬੪*

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥......... ਅੰਗ- ੨੮੪*

ਇਹ ਸਾਰੇ ਪ੍ਰਮੇਸ਼ਰ ਦੇ ਬੰਨ੍ਹੇ ਹੋਏ ਨਿਯਮਾਂ ਅਰਥਾਤ ਹੁਕਮ ਅਨੁਸਾਰ ਚਲ ਰਹੇ ਹਨ। ਸਾਰੇ ਪਸਾਰੇ ਵਿਚ ਹੁਕਮ ਦੀ ਖੇਡ ਵਰਤ ਰਹੀ ਹੈ -

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਅੰਗ - ੧*

ਇਹਨਾਂ ਖੰਡਾਂ ਬ੍ਰਹਿਮੰਡਾਂ ਵਿਚੋਂ ਮਾਤ ਲੋਕ ਵੀ ਇਕ ਖੰਡ ਹੈ -

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ*
*ਸਰਬ ਜੀਆ ਕਾ ਦਾਤਾ ਰੇ ॥ ਅੰਗ- ੬੧੨*

ਹੁਣ ਇਸ ਦਿਸਦੇ ਸੰਸਾਰ ਭਾਵ ਮਾਤ ਲੋਕ ਵਿਚ ਵੀ 84 ਲੱਖ ਜੂਨਾਂ ਮੰਨੀਆਂ ਜਾਂਦੀਆ ਹਨ। ਨਵੀਨ ਖੋਜਾਂ ਅਨੁਸਾਰ ਇਹਨਾਂ 84 ਲੱਖ ਦੀਆਂ ਅੱਗੋਂ ਫਿਰ ਅਨੇਕਾਂ ਕਿਸਮਾਂ ਹਨ। ਪਰ ਪੁਰਾਤਨ ਧਰਮ ਗ੍ਰੰਥਾਂ ਨੇ 84 ਲੱਖ ਜੂਨਾਂ ਅਰਥਾਤ ਕਿਸਮਾਂ ਨੂੰ ਮੰਨਿਆ ਹੈ -

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥ ਅੰਗ- ੧੦੭੫*

ਇਨ੍ਹਾਂ 84 ਲੱਖ ਜੂਨਾਂ ਵਿਚ ਮਨੁੱਖਾ ਜਨਮ ਸਰਵੋਤਮ ਹੈ-

*ਅਵਰ ਜੋਨਿ ਤੇਰੀ ਪਨਿਹਾਰੀ ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ਅੰਗ- ੩੭੪*

ਮਨੁੱਖਾ ਜੂਨੀ ਨੂੰ ਸਰਦਾਰ ਮੰਨਿਆ ਗਿਆ। ਕਿਉਂਕਿ ਇਹ ਭੋਗ ਜੂਨੀ ਦੇ ਨਾਲ-ਨਾਲ ਕਰਮ ਜੂਨੀ ਵੀ ਹੈ। ਮਨੁੱਖ ਕਰਮ ਕਰਦਾ ਵੀ ਹੈ ਤੇ ਕਰਮ ਭੋਗਦਾ ਵੀ ਹੈ। ਤਿੰਨ ਕਿਸਮਾਂ ਦੇ ਕਰਮ ਹਨ - ਕਿਰਿਆਮਾਨ, ਸੰਚਿਤ ਤੇ ਪਰਾਲਬਧ ਕਰਮ। ਕਰਮਾਂ ਦੀ ਥਿਊਰੀ ਦਾ ਅਲੱਗ ਵਿਸ਼ਾ ਹੈ ਪਰ ਮਨੁੱਖ ਇਕ ਧਰਾਤਲ ਤੇ ਖੜ੍ਹਾ ਹੈ। ਇਹ ਕਰਮ ਕਰਕੇ ਨਿਵਾਨ ਵਲ ਨੂੰ ਵੀ ਡਿਗ ਸਕਦਾ ਹੈ ਤੇ ਉਚਾਈ ਵੀ ਚੜ੍ਹ ਸਕਦਾ ਹੈ। ਇਸ ਵਾਸਤੇ ਦੋ ਰਸਤੇ ਹਨ। ਪਰ ਮਨੁੱਖੀ ਮਨ ਦੀ ਇਹ ਫਿਤਰਤ ਰਹੀ ਹੈ ਕਿ ਇਹ ਨਿਵਾਨ ਵਲ ਨੂੰ ਜ਼ਿਆਦਾ ਡਿਗਦਾ ਹੈ ਕਿਉਂਕਿ ਚੜ੍ਹਾਈਆਂ ਚੜ੍ਹਨੀਆਂ ਔਖੀਆਂ ਤੇ ਬਿਖਮ ਹੁੰਦੀਆਂ ਹਨ। ਪਰ ਸਮਰੱਥ ਸਤਿਗੁਰੂ ਦੀ ਬਖਸ਼ਿਸ਼ ਨਾਲ ਗੁਰਸਿਖ '***ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥'(ਅੰਗ-1096)*** ਦੀ ਬਖਸ਼ਿਸ਼ ਪਾ ਕੇ ਉਚਾਈ ਵਲ ਵਧਦੇ ਹਨ। ਇਹ ਸਾਰਾ ਕੁਝ ਸੁਖਾਲਾ ਹੋ ਜਾਂਦਾ ਹੈ ਜਦੋਂ ਗੁਰਸਿੱਖ ਸਮਰੱਥ ਸਤਿਗੁਰੂ ਵਲੋਂ ਦਰਸਾਈ ਜੀਵਨ ਜੁਗਤਿ ਅਨੁਸਾਰ ਜੀਵਨ ਬਤੀਤ ਕਰਦੇ ਹਨ। ਹੁਕਮ ਦੀ ਖੇਡ ਵਿਚ ਮਨੁੱਖੀ ਜੀਵਨ ਜਿਉਣ ਦੀ ਜੁਗਤਿ ਧਾਰਨ ਕਰਨੀ ਪੈਂਦੀ ਹੈ। ਐਸੀ ਜੁਗਤਿ ਸਮਰੱਥ ਸਤਿਗੁਰੂ ਬਖਸ਼ਿਸ਼ ਕਰਦੇ ਹਨ। ਸਤਿਗੁਰੂ ਵਲੋਂ ਦਰਸਾਈ ਜੀਵਨ ਜੁਗਤਿ ਅਪਨਾ ਕੇ ਗੁਰਸਿੱਖ ਇਸ ਭਵਜਲ ਤੋਂ ਪਾਰ ਹੋ ਜਾਂਦੇ ਹਨ -

*ਏਹੁ ਭਉਜਲੁ ਜਗਤੁ ਸੰਸਾਰੁ ਹੈ*
*ਗੁਰੁ ਬੋਹਿਥੁ ਨਾਮਿ ਤਰਾਇ॥*
*ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥*
*ਅੰਗ- ੧੪੨੪*

ਸਮੁੱਚੀ ਵੀਚਾਰ ਦਾ ਨਿਚੋੜ ਜੁਗਤਿ ਤੇ ਆਣ ਟਿਕਦਾ ਹੈ। ਜੀਵਨ ਵੀ ਇਕ ਕਲਾ ਹੈ ਜਿਸ ਨੂੰ ਇਸ ਸੁਚੱਜੀ ਕਲਾ ਦਾ ਭੇਤ ਲੱਗ ਗਿਆ ਉਹ ਫਿਰ ਲੋਕ ਤੇ ਪ੍ਰਲੋਕ ਦੋਨੋਂ ਸੁਹੇਲਾ ਬਣਾ ਲੈਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*
*ਅੰਗ-੪੬੯*

ਸੁਚੱਜੀ ਜੀਵਨ ਜੁਗਤਿ ਦੀ ਗੁਰਬਾਣੀ ਸਾਨੂੰ ਸੋਝੀ ਕਰਾਉਂਦੀ ਹੈ। ਪਵਿੱਤਰ ਫੁਰਮਾਨ ਹੈ -

*ਸਗਲ ਸੰਗਿ ਆਤਮ ਉਦਾਸੁ ॥*
*ਐਸੀ ਜੁਗਤਿ ਨਾਨਕ ਰਾਮਦਾਸੁ ॥ ੬ ॥ ਅੰਗ-੨੭੫*

ਗੁਰਸਿੱਖ ਸਾਰੇ ਸੰਗੀਆਂ ਸਾਥੀਆਂ ਵਿਚ ਰਹਿੰਦਾ ਹੋਇਆ ਮਨ ਕਰਕੇ ਉਦਾਸੀ ਧਾਰਨ ਕਰਦਾ ਹੈ ਭਾਵ ਨਿਰਲੇਪ ਰਹਿੰਦਾ ਹੈ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ- ੯੩੮*

ਜਿਵੇਂ ਜਲ ਦੇ ਵਿਚ ਕਮਲ ਦਾ ਫੁੱਲ ਨਿਰਲੇਪ ਹੈ, ਮੁਰਗਾਬੀ ਜਲ ਵਿਚ ਰਹਿੰਦੀ ਹੋਈ ਆਪਨੇ ਖੰਭ ਨਹੀਂ ਭਿੱਜਣ ਦਿੰਦੀ ਇਸੇ ਤਰ੍ਹਾਂ ਗੁਰਮੁਖ ਪਿਆਰੇ ਸੁਰਤਿ ਤੇ ਸਬਦ ਦੇ ਮੇਲ ਕਰਕੇ ਸੰਸਾਰ ਵਿਚ ਰਹਿੰਦੇ ਹੋਏ ਸੰਸਾਰਕ ਨਹੀਂ ਹੁੰਦੇ। ਆਮ ਹੈ ਕਿ ਰਾਜਨੀਤੀ ਕਰਨ ਵਾਲੇ ਨੂੰ ਰਾਜਨੀਤਿਕ, ਸਮਾਜ ਵਿਚ ਰਹਿਣ ਵਾਲੇ ਨੂੰ ਸਮਾਜਿਕ, ਪੈਸੇ ਟਕੇ ਦੇ ਵਿਹਾਰ ਵਾਲੇ ਨੂੰ ਆਰਥਿਕ ਇਤਿਆਦਿਕ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪਰ ਸੰਸਾਰ ਵਿਚ ਰਹਿਣ ਵਾਲੇ ਸਾਰਿਆਂ ਨੂੰ ਸੰਸਾਰਿਕ ਨਹੀਂ ਕਿਹਾ ਸਕਦਾ। ਇਹਨਾਂ ਵਿਚ ਕੁਝ ਐਸੀਆਂ ਰੱਬੀ ਰੂਹਾਂ ਹੁੰਦੀਆਂ ਹਨ ਜੋ ਸੁਰਤਿ ਸ਼ਬਦ ਦੇ ਮਾਰਗ ਦੀਆਂ ਪਾਂਧੀ ਹੁੰਦੀਆਂ ਹਨ। ਜੋ ਆਤਮ ਮੰਡਲਾਂ ਦੇ ਵਾਸੀ ਹੁੰਦੇ ਹਨ। ਉਹ ਸਰੀਰ ਕਰਕੇ ਭਾਵੇਂ ਸੰਸਾਰ ਵਿਚ ਜਨਮ ਲੈਂਦੇ ਹਨ। ਸੰਸਾਰ ਵਿਚ ਵਿਚਰਦੇ ਵੀ ਹਨ ਪਰ ਉਹ ਸਾਰੇ ਦੁਨਿਆਵੀ ਕਾਰਜ ਕਰਦੇ ਹੋਏ ਵੀ ਸੰਸਾਰੀ ਨਹੀਂ ਬਣਦੇ। ਆਤਮਿਕ ਪੱਧਰ ਤੇ ਉਨ੍ਹਾਂ ਦਾ ਸੰਸਾਰ ਨਾਲ ਕੋਈ ਮੇਲ ਨਹੀਂ ਬਣਦਾ –

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥*

*ਅੰਗ- ੧੪੫*

ਉਹਨਾਂ ਕੋਲ ਸਮਰੱਥ ਸਤਿਗੁਰੂ ਵਲੋਂ ਦਰਸਾਈ ਜੀਵਨ ਜੁਗਤਿ ਹੁੰਦੀ ਹੈ। ਐਸੀ ਜੀਵਨ ਜੁਗਤਿ –

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥*

*ਅੰਗ- ੨੭੫*

ਉਹਨਾਂ ਦੀ ਜੀਵਨ ਜੁਗਤਿ ਅਧਿਆਤਮਕ ਜੀਵਨ ਹੈ। ਸੰਸਾਰਿਕ ਜੀਵਨ ਜੁਗਤਿ ਨਹੀਂ। ਸੰਸਾਰ ਦੀ ਖੇਡ ਵੱਖਰੀ ਹੈ –

*ਭਗਤਾ ਕੀ ਚਾਲ ਨਿਰਾਲੀ ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ*
*ਹਰਿ ਵਾਸਨਾ ਸਮਾਣੀ ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥ ੧੪ ॥*

*ਅੰਗ- ੯੧੯*

ਉਹ ਮਾਇਆਵੀ ਬੰਧਨਾਂ ਤੋਂ ਉਪਰ ਹੁੰਦੇ ਹਨ, ਭਾਵ ਮੁਕਤ ਹੁੰਦੇ ਹਨ। ਹਰਖ, ਸੋਗ; ਸੋਨਾ, ਮਿਟੀ; ਮਾਨ, ਅਪਮਾਨ; ਗਰੀਬੀ ਅਮੀਰੀ; ਸਭ ਕੁਝ ਉਨ੍ਹਾਂ ਲਈ ਬਰਾਬਰ ਹਨ। ਆਪਣਾ ਆਪ ਨਹੀਂ ਜਣਾਉਂਦੇ –

*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ ॥* *ਅੰਗ- ੩੮੩*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥* *ਅੰਗ-੮੨੭*

ਦਾ ਸਿਧਾਂਤ ਉਹਨਾਂ ਦੀ ਆਤਮਿਕ ਅਵਸਥਾ ਵਿਚੋਂ ਪ੍ਰਤੱਖ ਨਜ਼ਰ ਆਉਂਦਾ ਹੈ। ਉਹਨਾਂ ਦੀ ਜੀਵਨ ਜੁਗਤਿ ਗੁਰਬਾਣੀ ਦੇ ਗੁਹਝ ਸਿਧਾਂਤ ਦੇ ਆਧਾਰ 'ਤੇ ਹੁੰਦੀ ਹੈ–

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥*

*ਅੰਗ- ੫੨੨*

ਐਸੇ ਸੰਤ ਮਹਾਂਪੁਰਸ਼ ਸੁਚੱਜੀ ਜੀਵਨ ਜੁਗਤਿ ਨੂੰ ਅਪਨਾ ਕੇ ਬੇਗਮਪੁਰੇ ਦੇ ਵਾਸੀ ਬਣ ਜਾਂਦੇ ਹਨ। ਉਹਨਾਂ ਬਾਰੇ ਫੁਰਮਾਨ ਹੈ –

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ*
*ਸਿਉ ਲੈਨਿ ਮਿਲਾਏ ॥ ੨ ॥* *ਅੰਗ – ੭੪੯*

ਗੁਰਮਤਿ ਜੀਵਨ ਜੁਗਤਿ ਅਪਨਾ ਕੇ ਜੀਵਨ ਬਸਰ ਕਰਦੇ ਹਨ। ਉਹ ਫਿਰ ਨਾਮ ਬਾਨੀ ਨਾਲ ਇਕਮਿਕ ਹੋਏ ਸਦਾ ਜਿਉਂਦੇ ਰਹਿੰਦੇ ਹਨ।

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥ ਅੰਗ- ੬੩੪*

ਜਨਮ ਮਰਨ ਤੋਂ ਰਹਿਤ ਹੋ ਕੇ ਲੱਖਾਂ ਜੀਵਾਂ ਨੂੰ ਜੀਅ ਦਾਨ ਦੇਣ ਦਾ ਮੁੱਖ ਕਾਰਜ ਉਹਨਾਂ ਦੇ ਹੀ ਹਿੱਸੇ ਆਇਆ ਹੈ। ਸਰੀਰ ਵਿਚ ਰਹਿੰਦੇ ਹੋਏ ਵੀ ਅਭੇਦ ਅਵਸਥਾ ਤੇ ਸਰੀਰ ਦੇ ਪ੍ਰਤੀਤਿਆਗ ਤੋਂ ਬਾਅਦ ਵੀ –ਜਿਉ ਪਾਨੀ ਸੰਗਿ ਪਾਨੀ' ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਐਸੀਆਂ ਰੱਬੀ ਰੂਹਾਂ ਨੂੰ ਸੰਤ, ਮਹਾਂਪੁਰਸ਼, ਬ੍ਰਹਮਗਿਆਨੀ ਗੁਰਮੁਖ ਪਿਆਰੇ ਇਤਿਆਦਿਕ ਸ਼ਬਦਾਂ ਨਾਲ ਮਾਣ ਸਤਿਕਾਰ ਦਿਤਾ ਜਾਂਦਾ ਹੈ। ਐਸੇ ਸਨ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ ਅਤੇ ਉਹਨਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ। ਸੰਸਾਰ ਵਿਚ ਰਹਿੰਦੇ ਹੋਏ ਸਮਰੱਥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਜੀਵਨ ਜੁਗਤਿ ਪ੍ਰਾਪਤ ਕਰਕੇ ਆਪ ਗੁਰਮਤਿ ਗਾਡੀ ਰਾਹ ਤੇ ਤੁਰੇ ਤੇ ਅਨੇਕਾਂ ਪ੍ਰਾਣੀਆਂ ਨੂੰ ਇਸ ਰਾਹ ਦੇ ਪਾਂਧੀ ਬਣਾਇਆ। ਆਪ ਜੀ ਨੇ 'ਗੁਰਮਖਿ ਮਾਇਆ ਵਿਚ ਉਦਾਸੀ' ਵਾਲਾ ਜੀਵਨ ਬਤੀਤ ਕੀਤਾ। ਸਿੱਖੀ ਦੇ ਤਿੰਨ ਸੁਨਹਿਰੀ ਅਸੂਲਾਂ ਤੇ ਪਹਿਰਾ ਦਿਤਾ। ਧਰਮ ਦੀ

*(ਬਾਕੀ ਪੰਨਾ 11 'ਤੇ)*

# ਕਤਿਕਿ

## ਸੰਗਰਾਂਦ-ਅਕਤੂਬਰ 17 (ਸ਼ਨਿੱਚਰਵਾਰ)

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥***
***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥***
***ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥***
***ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥***
***ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥***
***ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥***
***ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥***
***ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥ ੯ ॥***

***ਅੰਗ- ੧੩੫***

ਪਰਮ ਸਨਮਾਨ ਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ - ਕੱਤਕ ਦਾ ਮਹੀਨਾ ਆਰੰਭ ਹੋਇਆ ਤੇ ਜਿਹੜੇ ਕਰਮ ਤੂੰ ਆਪਣੀ ਜ਼ਿੰਦਗੀ ਦੇ ਅੰਦਰ ਕਰਦਾ ਪਿਆ ਹੈਂ, ਇਨ੍ਹਾਂ ਕੀਤੇ ਹੋਏ ਕਰਮਾਂ ਦਾ ਫਲ ਵੀ ਤੈਨੂੰ ਭੁਗਤਣਾ ਪੈਣਾ ਹੈ। ਆਪਣੀ ਜ਼ਬਾਨ ਤੋਂ ਕਦੀ ਵੀ ਕਿਸੇ 'ਤੇ ਦੋਸ਼ ਨਾ ਲਗਾ ਕਿ ਕਰਮ ਮੈਂ ਕਰਾਂ ਤੇ ਫਲ ਕੋਈ ਹੋਰ ਭੁਗਤੇ। ਸਾਹਿਬ ਨੇ ਬਚਨ ਕੀਤਾ ਕਿ ਜਦੋਂ ਮਨੁੱਖ ਪਰਮਾਤਮਾ ਦੇ ਚਰਨਾਂ ਤੋਂ ਟੁੱਟ ਜਾਵੇ, ਮਾਲਕ ਦੇ ਚਰਨਾਂ ਤੋਂ ਬੇਮੁਖ ਹੋ ਜਾਏ ਤਾਂ ਪਰਮਾਤਮਾ ਤੋਂ ਟੁੱਟਣਾ ਹੀ ਸਾਰੇ ਦੁੱਖਾਂ ਨੂੰ ਆਵਾਜ਼ ਦੇਣੀ ਹੈ ਤੇ ਧੰਨ ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ ਕਿ ਜਿਸ ਮਨੁੱਖ ਦਾ ਅੰਦਰ ਪਰਮਾਤਮਾ ਤੋਂ ਦੂਰ ਹੋ ਗਿਆ ਹੈ, ਉਸ ਦੇ ਅੰਦਰ ਨੂੰ ਪਰਮਾਤਮਾ ਨਾਲ ਜੁੜਨ ਤੋਂ ਬਿਨਾਂ ਹੋਰ ਕੋਈ ਟਿਕਾਅ ਨਹੀਂ। ਸਾਹਿਬ ਕਹਿੰਦੇ ਹਨ, ਜੋ ਕੁਝ ਤੂੰ ਕਰਦਾ ਪਿਆ ਹੈਂ, ਉਹ ਕੁਝ ਤੈਨੂੰ ਆਪਣੀ ਜ਼ਿੰਦਗੀ ਵਿਚ ਕਮਾਉਣਾ ਪੈਣਾ ਹੈ, ਪਰ ਕਰਮ ਕਰਦਿਆਂ ਇਕ ਗੱਲੋਂ ਸੁਚੇਤ ਰਹੀਂ ਕਿ ਤੂੰ ਉਹ ਕਰਮ ਨਾ ਕਰੀਂ, ਜਿਸ ਨਾਲ ਤੂੰ ਮਾਲਕ ਦੀ ਦਰਗਾਹ ਦੇ ਵਿਚ ਜਾ ਕੇ ਆਪਣੇ ਆਪ ਨੂੰ ਸ਼ਰਮਸਾਰ ਮਹਿਸੂਸ ਕਰੇਂ।

ਮਨੁੱਖ ਜਦੋਂ ਵੀ ਕੋਈ ਕਰਮ ਕਰਦਾ ਹੈ ਤਾਂ ਕਈ ਵਾਰੀ ਉਹ ਕਰਮ ਜੋ ਸਾਈਂ ਨੇ ਵਰਜੇ ਹਨ, ਉਨ੍ਹਾਂ ਨੂੰ ਹੀ ਕਰੇਗਾ। ਫਿਰ ਉਨ੍ਹਾਂ ਨੂੰ ਕਰਕੇ ਵੀ ਮਾਲਕ ਨੂੰ ਦੋਸ਼ ਦੇਣ ਦਾ ਯਤਨ ਕਰਦਾ ਹੈ। ਕਹਿੰਦੇ ਹਨ ਕਿ ਜ਼ਮੀਨ ਵਿਚੋਂ ਅੰਗੂਰਾਂ ਦੀ ਵੇਲ ਪੈਦਾ ਹੋਈ ਹੈ ਤੇ ਉਸ ਵੇਲ ਨੂੰ ਬੜੇ ਮਿੱਠੇ ਅੰਗੂਰ ਲੱਗੇ ਹਨ। ਉਹ ਅੰਗੂਰ ਮੇਰੇ ਮਾਲਕ ਨੇ ਤੈਨੂੰ ਇਸ ਕਰਕੇ ਦਿਤੇ ਹਨ ਕਿ ਤੂੰ ਇਸ ਧਰਤੀ 'ਤੇ ਆਇਆ ਹੈਂ। ਜਿੰਨੀਆਂ ਵੀ ਸਹੂਲਤਾਂ ਮੇਰੇ ਮਾਲਕ ਨੇ ਤੈਨੂੰ ਦਿਤੀਆਂ ਹਨ, ਇਨ੍ਹਾਂ ਸਹੂਲਤਾਂ ਦਾ ਮਤਲਬ ਵੀ ਕੋਈ ਹੋਵੇਗਾ। ਮਾਲਕ ਨੇ ਸਾਹ ਲੈਣ ਲਈ ਪਵਣ ਦਿਤੀ, ਰਹਿਣ ਲਈ ਧਰਤੀ ਦਿਤੀ, ਪੀਣ ਲਈ ਪਾਣੀ ਦਿਤਾ, ਇੰਨੀਆਂ ਸਹੂਲਤਾਂ ਦੇ ਕੇ ਤੇਰੇ ਕੋਲੋਂ ਕੋਈ ਨਾ ਕੋਈ ਆਸ ਕੀਤੀ ਜਾ ਸਕਦੀ ਹੈ। ਜੋ ਇੰਨਾਂ ਕੁਝ ਦਿਤਾ, ਉਸ ਦਾ ਕਾਰਨ ਕੀ ਹੈ? ਸਾਹਿਬ ਸੱਚੇ ਪਾਤਿਸ਼ਾਹ ਕਹਿੰਦੇ ਹਨ, ਬਸ ਇਕੋ ਤੇਰੇ ਕੋਲੋਂ ਆਸ ਹੈ ਕਿ ਹਵਾ ਦਾ ਤੂੰ ਆਨੰਦ ਮਾਣ, ਪਾਣੀ ਨਾਲ ਤੈਨੂੰ ਜ਼ਿੰਦਗੀ ਮਿਲੇਗੀ, ਧਰਤੀ ਵਿਚੋਂ ਤੈਨੂੰ ਅਨੇਕਾਂ ਤਰ੍ਹਾਂ ਦੇ ਕੀਮਤੀ ਪਦਾਰਥ ਮਿਲਣਗੇ। ਤੇਰੇ ਕੋਲੋਂ ਇਕੋ ਹੀ ਆਸ ਹੈ ਕਿ ਇਸ

ਧਰਤੀ 'ਤੇ ਰਹਿ ਕੇ ਤੂੰ ਆਪਣੀ ਜ਼ਿੰਦਗੀ ਵਿਚ ਧਰਮ ਕਮਾ ਲੈ। ਜੇ ਪੁੱਛੋ ਕਿ ਧਰਮ ਕੀ ਹੈ? ਸਾਹਿਬ ਨੂੰ ਪੁੱਛੀਏ ਦਾਤਾ! ਕੇਵਲ ਯੋਗ-ਸਾਧਨਾ ਰਾਹੀਂ ਰਿੱਧੀਆਂ-ਸਿੱਧੀਆਂ ਇਹ ਹੀ ਇਨ੍ਹਾਂ ਦਾ ਧਰਮ ਹੈ। ਸਾਹਿਬ ਨੇ ਧਰਮ ਦੀ ਵਿਆਖਿਆ ਕਰਦਿਆਂ ਕਿਹਾ ਕਿ ਜਿਹੜੇ ਧਰਮ ਦੀ ਮੈਂ ਗੱਲ ਕਰਦਾ ਹਾਂ, ਜੇਕਰ ਕੋਈ ਮਨੁੱਖ ਉਸ ਧਰਮ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਅ ਲਏ ਤਾਂ ਮੈਂ ਉਸ ਦੇ ਚਰਨਾਂ ਦੀ ਰਾਖ ਆਪਣੇ ਮੱਥ 'ਤੇ ਲਗਾਉਣ ਨੂੰ ਤਿਆਰ ਹਾਂ। ਕਹਿੰਦੇ ਹਨ ਕਿ ਇਕ ਨਾਮ ਕਮਾਉਣਾ ਹੀ ਧਰਮ ਹੈ ਤੇ ਜਿਹੜਾ ਨਾਮ ਦੇ ਕਮਾਉਣ ਦਾ ਭੇਦ ਸਮਝ ਜਾਏ, ਉਹ ਹੀ ਦੁਨੀਆਂ 'ਚ ਤਰ ਸਕਦਾ ਹੈ। ਜਿਹੜੇ ਕਰਮ ਅਸੀਂ ਕਰਦੇ ਹਾਂ, ਉਸ ਦਾ ਫਲ ਤਾਂ ਸਾਨੂੰ ਜ਼ਰੂਰ ਮਿਲੇਗਾ। ਸਾਹਿਬ ਕਹਿੰਦੇ ਹਨ, ਇਕ ਮਨੁੱਖ ਦੀ ਬਿਰਤੀ ਹੈ ਕਿ ਜਦੋਂ ਉਹ ਆਪਣੀ ਜ਼ਿੰਦਗੀ ਵਿਚ ਵਿਚਰਦਾ ਹੈ, ਉਥੇ ਜੇ ਕਿਤੇ ਕੋਈ ਚੰਗਾ ਕੰਮ ਉਸ ਦੀ ਜ਼ਿੰਦਗੀ ਵਿਚ ਹੋ ਜਾਵੇ ਤਾਂ ਉਸ ਨੇ ਹਰ ਥਾਂ 'ਤੇ ਦਾਅਵਾ ਕਰਨਾ ਹੈ ਕਿ ਇਹ ਕੰਮ ਮੈਂ ਕੀਤਾ ਹੈ। ਜਿਸ ਦਿਨ ਉਸ ਦਾ ਕੰਮ ਠੀਕ ਨਾ ਹੋਵੇ ਤਾਂ ਕਦੀ ਵੀ ਬੰਦਾ ਆਪਣੀ ਕੀਤੇ ਹੋਏ ਕੰਮ ਦੀ ਗਲਤੀ ਸਵੀਕਾਰ ਨਹੀਂ ਕਰਦਾ। ਹਮੇਸ਼ਾ ਉਸ ਕੰਮ ਦਾ ਦੋਸ਼ ਕਿਸੇ ਹੋਰ 'ਤੇ ਲਗਾਵੇਗਾ। ਸਾਹਿਬ ਕਹਿਣ ਲੱਗੇ, ਜਿਸ ਕੰਮ ਨਾਲ ਤੇਰੇ ਕੁਝ ਨਹੀਂ ਪੱਲੇ ਪੈਣਾ, ਉਹ ਕੰਮ ਕਰਕੇ ਸਾਈਂ ਦੀ ਦਰਗਾਹ 'ਤੇ ਸ਼ਰਮਸਾਰ ਨਾ ਹੋਈਂ।

ਧੰਨ ਸ੍ਰੀ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿਚ ਜੁੜੇ ਭਾਈ ਲਹਿਣਾ ਜੀ ਹਜ਼ੂਰ ਦੇ ਚਰਨਾਂ ਵਿਚ ਆਏ। ਉਨ੍ਹਾਂ ਨੇ ਕੇਵਲ ਇਕ ਬਾਬਾ ਜੀ ਦੀ ਪਉੜੀ ਸੁਣੀ ਆਸਾ ਦੀ ਵਾਰ ਵਿਚੋਂ। ਵਾਰਾਂ ਪਹਿਲਾਂ ਕੇਵਲ ਪਉੜੀਆਂ ਦਾ ਰੂਪ ਸਨ। ਧੰਨ ਸ੍ਰੀ ਗ੍ਰੰਥ ਸਾਹਿਬ ਜੀ ਦੇ ਅੰਦਰ ਦੋ ਵਾਰਾਂ ਐਸੀਆਂ ਹਨ। ਇਕ ਰਾਮਕਲੀ ਕੀ ਵਾਰ, ਉਸ ਦੀਆਂ ਕੇਵਲ ਅੱਠ ਪਉੜੀਆਂ ਹਨ ਤੇ ਦੂਸਰੀ ਬਸੰਤ ਕੀ ਵਾਰ ਮਹਲਾ ਪੰਜਵਾਂ, ਉਸ ਦੀਆਂ ਤਿੰਨ ਪਉੜੀਆਂ ਹਨ। ਪਹਿਲੇ ਵਾਰਾਂ ਪਉੜੀਆਂ ਦੇ ਰੂਪ ਵਿਚ ਸਨ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕ੍ਰਿਪਾ ਕੀਤੀ ਅਤੇ ਉਹਨਾਂ ਨੇ ਪਉੜੀਆਂ ਦੇ ਨਾਲ ਮਿਲਦੇ-ਜੁਲਦੇ ਸਲੋਕ ਅੰਕਿਤ ਕੀਤੇ। ਇਹੀ ਕਾਰਨ ਹੈ ਕਿ ਜਿਹੜੇ ਸਲੋਕ ਵਧ ਗਏ, ਮੇਰੇ ਮਾਲਕ ਨੇ ਸਿਰਲੇਖ ਅਖ਼ੀਰ 'ਤੇ ਦੇ ਦਿਤਾ-ਸਲੋਕ ਵਾਰਾਂ ਤੇ ਵਧੀਕ। ਵਾਰਾਂ ਤੋਂ ਵਧੇ ਹੋਏ ਸਲੋਕ ਇਥੇ ਦਰਜ ਕੀਤੇ, ਪਰ ਇਹ ਸਾਈਂ ਦੀ ਮਰਜ਼ੀ ਹੈ ਕਿ ਰਾਮਕਲੀ ਕੀ ਵਾਰ ਨਾਲ ਸਲੋਕ ਕਿਉਂ ਨਹੀਂ? ਬਸੰਤ ਕੀ ਵਾਰ ਨਾਲ ਕਿਉਂ ਨਹੀਂ? ਹਜ਼ੂਰ ਸੱਚੇ ਪਾਤਿਸ਼ਾਹ ਦਾ ਸਿੱਖ ਭਾਈ ਜੋਧ, ਜੋ ਪ੍ਰੇਮ ਵਿਚ ਭਿੱਜਾ ਹੋਇਆ ਹੈ, ਉਸ ਦੇ ਮੁਖ ਤੋਂ ਕੇਵਲ ਇਕ ਪਉੜੀ ਸੁਣੀ ਭਾਈ ਲਹਿਣਾ ਜੀ ਨੇ ਤੇ ਮਨ ਦੇ ਅੰਦਰ ਇੰਨੀ ਵੱਡੀ ਤਬਦੀਲੀ ਆ ਗਈ ਤੇ ਕਹਿੰਦੇ ਹਨ, ਮਨਾਂ! ਆਪਣੀ ਜ਼ਿੰਦਗੀ ਵਿਚ ਉਹ ਕੰਮ ਕਰੀਂ, ਜਿਸ ਦੇ ਨਾਲ ਸਾਈਂ ਦੇ ਘਰ ਵਿਚ ਤੈਨੂੰ ਸ਼ਰਮਿੰਦਗੀ ਨਾ ਉਠਾਉਣੀ ਪਵੇ।

*ਜਿਤੁ ਸੇਵਿਐ ਸੁਖੁ ਪਾਈਐ*

ਕਰਮ ਕਰਨ ਲੱਗਿਆਂ ਸੋਚ -

*ਸੋ ਸਾਹਿਬੁ ਸਦਾ ਸਮ੍ਹਾਲੀਐ ॥*
*ਜਿਤੁ ਕੀਤਾ ਪਾਈਐ ਆਪਣਾ*
*ਸਾ ਘਾਲ ਬੁਰੀ ਕਿਉ ਘਾਲੀਐ ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*

*ਅੰਗ- ੪੭੪*

ਤੂੰ ਕਰਮ ਕਰਨ ਲੱਗਾ ਹੈਂ ਤਾਂ ਇਹੋ ਜਿਹਾ ਮੰਦਾ ਕਰਮ ਨਾ ਕਰੀਂ, ਜਿਸ ਨਾਲ ਤੂੰ ਸਾਈਂ ਤੋਂ ਅਲੱਗ ਹੋ ਜਾਵੇਂ। ਕਹਿੰਦੇ ਹਨ, ਜੇ ਜ਼ਿੰਦਗੀ ਦੀ ਬਾਜ਼ੀ ਜਿੱਤਣੀ ਚਾਹੁੰਦਾ ਹੈਂ ਤਾਂ ਇਹੋ ਜਿਹੀ ਬਾਜ਼ੀ ਖੇਡੀਂ ਕਿ ਸਾਰੀ ਜ਼ਿੰਦਗੀ ਪ੍ਰਮਾਤਮਾ ਨਾਲੋਂ ਤੇਰੀ ਪ੍ਰੀਤ ਟੁੱਟੇ ਨਾ। ਸਾਹਿਬ ਕਹਿੰਦੇ ਹਨ, ਜੇ ਅਸੀਂ ਪਰਿਵਾਰ ਵਿਚ ਰਹਿੰਦੇ ਹਾਂ ਤਾਂ ਪਰਿਵਾਰ ਵਿਚ ਰਹਿੰਦਿਆਂ ਇਹੋ ਜਿਹੇ ਕੰਮ ਨਾ ਕਰ ਲਈਂ, ਜਿਸ ਕਰਕੇ ਤੇਰੀ ਬਿਰਤੀ, ਤੇਰਾ ਮੋਹ ਪਰਿਵਾਰ ਵਿਚ ਖਚਿੱਤ ਰਹਿ ਜਾਏ। ਰਹਿ ਜ਼ਰੂਰ ਪਰਿਵਾਰ ਦੇ ਅੰਦਰ, ਪਰ ਇਸ ਤਰ੍ਹਾਂ ਰਹੀਂ ਜਿਵੇਂ ਇਕ ਮਹਿਮਾਨ ਰਾਤ ਰਹਿੰਦਾ ਹੈ। ਕਹਿੰਦੇ ਹਨ, ਮੰਨ ਲਉ ਇਕ ਮਨੁੱਖ ਨੇ ਮੰਜ਼ਿਲ 'ਤੇ ਜਾਣਾ ਹੋਵੇ ਤੇ ਉਸ ਰਸਤੇ 'ਤੇ ਤੁਰਿਆ ਜਾਂਦਿਆਂ ਸਰਾਂ ਆ ਗਈ। ਜੇ ਉਹ ਸਰਾਂ ਵਿਚ ਕਮਰਾ ਭਾਲਦਾ ਹੈ ਤਾਂ ਪਹਿਲਾਂ ਜਿਹੜੇ ਰਹਿੰਦੇ ਹਨ, ਉਹ ਰੌਲਾ ਪਾ ਕੇ ਕਹਿਣਗੇ ਕਿ ਤੈਨੂੰ ਇਸ ਕਮਰੇ ਵਿਚ ਨਹੀਂ ਰਹਿਣ ਦੇਣਾ, ਪਰ ਸਿਆਣਾ ਯਾਤਰੀ ਕਦੀ ਝਗੜਦਾ ਨਹੀਂ, ਉਹ ਕਹਿੰਦਾ ਹੈ, ਸਿਰਫ਼ ਇਕ ਰਾਤ ਦੀ ਖ਼ਾਤਿਰ ਕ੍ਰਿਪਾ ਕਰੋ। ਸਵੇਰੇ ਸੂਰਜ ਚੜ੍ਹੇ ਮੈਂ ਨਿਕਲ ਜਾਣਾ ਹੈ, ਮੇਰਾ ਇਸ ਕਮਰੇ ਦੇ ਨਾਲ ਕੀ ਸਬੰਧ ਹੈ।

ਕਹਿੰਦੇ ਹਨ, ਰਸਤੇ ਵਿਚ ਕਿਸੇ ਦੇ ਪੁੱਤਰ ਦਾ ਵਿਆਹ ਹੁੰਦਾ ਪਿਆ ਸੀ। ਵਾਜੇ ਵੱਜ ਰਹੇ ਸਨ। ਲੋਕ ਭੰਗੜੇ ਪਾ ਰਹੇ ਹਨ। ਇਸ ਨੇ ਵਿਆਹ ਨੂੰ ਵੇਖਿਆ ਜ਼ਰੂਰ ਹੈ, ਪਰ ਚਿੱਤ ਨਹੀਂ ਲਾਇਆ। ਥੋੜ੍ਹਾ ਜਿਹਾ ਅਗਾਂਹ ਗਿਆ ਤਾਂ ਕਿਸੇ ਦੇ ਨੌਜਵਾਨ ਪੁੱਤਰ ਦੀ ਮੌਤ ਹੋ ਗਈ। ਉਥੇ ਵੈਣ ਪਏ ਪੈਂਦੇ ਹਨ। ਉਹ ਰੋਇਆ ਨਹੀਂ। ਪੁੱਛਿਆ ਕਿਉਂ? ਤਾਂ ਕਹਿਣ ਲੱਗਾ, ਰਸਤੇ ਤੇ ਤੁਰਿਆ ਜਾਣਾ ਖੁਸ਼ੀ ਵੀ ਆਉਣੀ ਹੈ, ਗ਼ਮੀ ਵੀ ਆਉਣੀ

ਹੈ। ਜੇਕਰ ਮੈਂ ਇਨ੍ਹਾਂ ਨੂੰ ਵੇਖ ਕੇ ਨੱਚਣ ਤੇ ਰੋਣ ਲੱਗ ਪਵਾਂ ਤਾਂ ਮੈਂ ਆਪਣੀ ਮੰਜ਼ਿਲ 'ਤੇ ਪਹੁੰਚ ਨਹੀਂ ਸਕਦਾ। ਸਾਹਿਬ ਕਹਿਣ ਲੱਗੇ, ਫਿਰ ਉਹ ਹੀ ਮਨੁੱਖ ਮੰਜ਼ਿਲ 'ਤੇ ਪਹੁੰਚ ਗਿਆ। ਕਹਿਣ ਲੱਗੇ, ਸਫ਼ਰ ਵਿਚ ਰੱਬ ਨੇ ਪੁੱਤਰ ਵੀ ਦੇਣਾ ਹੈ, ਇਸਤਰੀ, ਪਰਿਵਾਰ ਵੀ ਦੇਣਾ ਹੈ, ਪਰ ਇਕ ਗੱਲ ਚੇਤੇ ਰੱਖੀਂ, ਇਹ ਤੇਰੇ ਸਾਥੀ ਨਹੀਂ। ਤੂੰ ਚਿੱਤ ਇਨ੍ਹਾਂ ਨਾਲ ਲਾਉਣਾ ਨਹੀਂ। ਇਨ੍ਹਾਂ ਦੀ ਖੁਸ਼ੀ ਗ਼ਮੀ ਵਿਚੋਂ ਲੰਘਣਾ ਜ਼ਰੂਰ ਹੈ, ਪਰ ਚਿੱਤ ਤੇਰਾ ਉਥੇ ਲੱਗਾ ਹੈ, ਜਿਸ ਘਰ ਦੇ ਅੰਦਰ ਗਏ ਨੂੰ ਕਿਸੇ ਨੇ ਤੱਕਿਆ ਨਹੀਂ।

ਸਾਹਿਬ ਨੇ ਇਕ ਸਿੱਖ ਦਾ ਜ਼ਿਕਰ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਹੋਇਆ ਹੈ। ਕਮਾਲ ਕਰ ਦਿਤੀ ਉਸ ਸਿੱਖ ਦੇ ਜੀਵਨ ਦਾ ਜ਼ਿਕਰ ਕਰਕੇ। ਕਹਿੰਦੇ ਹਨ, ਜਿਸ ਨੇ ਆਪਣੀ ਮੰਜ਼ਿਲ ਗੁਰੂ ਨੂੰ ਬਣਾ ਦਿਤੀ ਕਿ ਮੈਂ ਸਿਰਫ਼ ਗੁਰੂ ਦੇ ਚਰਨਾਂ ਨਾਲ ਹੀ ਜੁੜਨਾ ਹੈ। ਉਸ ਸਿੱਖ ਦਾ ਨਾਮ ਭਾਈ ਸਾਧ ਦੱਸਿਆ। ਉਹ ਕਾਬਲ ਦਾ ਰਹਿਣ ਵਾਲਾ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਹੁਕਮ ਮਿਲਿਆ ਕਿ ਤੂੰ ਦਸਵੰਧ ਦੀ ਮਾਇਆ ਲੈ ਕੇ ਕੀਮਤੀ ਘੋੜੇ ਖ਼ਰੀਦ ਕੇ ਲਿਆਉਣੇ ਹਨ। ਭਾਈ ਸਾਹਿਬ ਨੇ ਹੁਕਮਨਾਮੇ ਨੂੰ ਪੜ੍ਹਿਆ, ਨਮਸਕਾਰ ਕੀਤੀ ਤੇ ਦੂਸਰੇ ਦਿਨ ਸਵੇਰੇ ਤੁਰ ਪਿਆ। ਕੇਵਲ ਉਸ ਨੇ ਇਕ ਪੜਾਅ ਕੀਤਾ ਸੀ ਕਿ ਘਰੋਂ ਸੁਨੇਹਾ ਪਹੁੰਚ ਗਿਆ, ਸਾਧ ਵਾਪਸ ਮੁੜ ਆ। ਪੁੱਛਿਆ ਕਿਉਂ? ਕਹਿਣ ਲੱਗਾ, ਤੇਰਾ ਇਕੋ ਇਕ ਪੁੱਤਰ ਹੈ, ਉਹ ਸਖ਼ਤ ਬਿਮਾਰ ਹੋ ਗਿਆ ਹੈ। ਵੈਦਾਂ, ਹਕੀਮਾਂ ਨੇ ਜੁਆਬ ਦੇ ਦਿਤਾ ਹੈ। ਪਤਾ ਨਹੀਂ ਉਸ ਨੇ ਬਚਣਾ ਹੈ ਕਿ ਨਹੀਂ। ਤੂੰ ਵਾਪਿਸ ਆ ਜਾ। ਪਹਿਲਾਂ ਸੁਣਿਆ ਤਾਂ ਉਹ ਇਕ ਦਮ ਗੰਭੀਰ ਹੋ ਗਿਆ ਤੇ ਫਿਰ ਕੁਝ ਸਮਾਂ ਚੁੱਪ ਕਰਕੇ ਕਹਿੰਦਾ ਹੈ ਸੱਜਣੋ! ਉਸ ਸਾਈਂ ਨੇ ਦਿਤਾ ਸੀ ਪੁੱਤਰ, ਹੁਣ ਉਸ ਨੇ ਹੁਕਮ ਦਿਤਾ ਕਿ ਤੂੰ ਗੁਰੂ ਦੀ ਸੇਵਾ ਕਰਨੀ ਹੈ ਤੇ ਗੁਰੂ ਆਵਾਜ਼ ਮਾਰ ਕੇ ਸੇਵਾ ਕਦੀ-ਕਦੀ ਬਖਸ਼ਦਾ ਹੈ। ਜੇ ਪੁੱਤਰ ਬਚ ਜਾਏ ਤਾਂ ਵਾਹ ਭਲਾ ਤੇ ਜੇ ਨਾ ਬਚਿਆ ਤਾਂ ਲੱਕੜਾਂ ਘਰ ਪਈਆਂ ਹਨ, ਉਸ ਦਾ ਸਸਕਾਰ ਕਰ ਦਿਉ ਤੇ ਸਾਈਂ ਦੇ ਭਾਣੇ ਨੂੰ ਮੰਨ ਲਇਆ। ਹੁਣ ਉਸ ਦੀ ਮੰਜ਼ਿਲ ਕੀ ਸੀ? ਪਰਿਵਾਰ ਘਰ ਹੈ, ਪਰ ਚਿੱਤ ਉਸ ਦਾ ਗੁਰੂ ਦੇ ਚਰਨਾਂ ਨਾਲ ਜੁੜਿਆ ਹੋਇਆ ਹੈ। ਸਾਹਿਬ ਕਹਿੰਦੇ ਹਨ -

*ਕਤਿਕਿ ਕਰਮ ਕਮਾਵਣੇ*

ਕੱਤਕ ਦੇ ਮਹੀਨੇ ਰਾਹੀਂ ਕ੍ਰਿਪਾ ਕਰਦੇ ਹਨ ਕਿ ਜਿਹੜੇ ਕਰਮ ਤੂੰ ਕਮਾਉਂਦਾ ਪਿਆ ਹੈਂ -

*ਦੋਸੁ ਨ ਕਾਹੂ ਜੋਗੁ॥*

ਇਹਨਾਂ ਕੀਤੇ ਹੋਏ ਕਰਮਾਂ ਦਾ ਦੋਸ਼ ਕਿਸੇ ਹੋਰ ਨੂੰ ਨਾ ਦੇਈਂ। ਤੈਨੂੰ ਗੱਲ ਚੰਗੀ ਨਹੀਂ ਲੱਗਦੀ ਕਿਸੇ 'ਤੇ ਦੋਸ਼ ਲਗਾਉਂਦਿਆਂ। ਪੁੱਛਿਆ ਮਹਾਰਾਜ! ਫਿਰ ਦੁਖੀ ਕਿਉਂ ਹੈ? ਸਾਹਿਬ ਕਹਿਣ ਲੱਗੇ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*

ਰੋਗ ਉਦੋਂ ਲਗਦੇ ਹਨ ਜਦੋਂ ਸਾਈਂ ਭੁੱਲ ਜਾਵੇ। ਭੁੱਲ ਜਾਣਾ ਹੀ ਸਭ ਤੋਂ ਵੱਡਾ ਰੋਗ ਹੈ। ਕਹਿੰਦੇ ਹਨ, ਜਦੋਂ ਰੱਬ ਭੁੱਲ ਜਾਏ ਤਾਂ ਕਿਹੜੇ ਰੋਗ ਲੱਗਦੇ ਹਨ? ਤੇ ਉਹਨਾਂ ਦੀ ਨਵਿਰਤੀ ਕਿਵੇਂ ਹੁੰਦੀ ਹੈ? ਧੰਨ ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਸਰੀਰ ਨੂੰ ਰੋਗ ਲੱਗੇ ਤਾਂ ਅਸੀਂ ਕੁਰਲਾ ਉਠਦੇ ਹਾਂ, ਪਰ ਜਿਹੜਾ ਕਈ ਜਨਮਾਂ ਦਾ ਰੋਗ ਲੱਗਾ ਹੈ, ਉਸ ਦੀ ਸਮਝ ਕਿਸੇ ਵਿਰਲੇ ਨੂੰ ਹੀ ਲਗਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਸਭ ਤੋਂ ਪਹਿਲਾ ਰੋਗ ਇਹ ਲੱਗ ਗਿਆ ਕਿ ਜਿਸ ਦਿਨ ਸਾਈਂ ਦਾ ਤੇਰੇ ਤੋਂ ਵਿਛੋੜਾ ਪੈ ਗਿਆ। ਸਭ ਤੋਂ ਪਹਿਲਾ ਰੋਗ ਵਿਛੋੜਾ, ਦੂਜਾ ਰੋਗ ਵਿਛੜ ਕੇ ਜਿਹੜੀ ਤ੍ਰਿਸ਼ਨਾ ਤੇਰੇ ਅੰਦਰ ਨੂੰ ਚਮੜੀ ਹੈ, ਤੇਰੇ ਅੰਦਰ ਨੂੰ ਸੰਤੋਖ ਨਹੀਂ। ਇਹ ਤੇਰੇ ਅੰਦਰ ਦੀ ਭੁੱਖ ਹੀ ਦੂਜਾ ਰੋਗ ਹੈ। ਤੀਜਾ ਰੋਗ ਹੈ ਮੌਤ ਦੇ ਜਮਦੂਤ ਦਾ, ਚੌਥਾ ਰੋਗ ਜਿਹੜਾ ਸਰੀਰ ਨੂੰ ਲਗ ਜਾਏ, ਮੇਰੇ ਸਤਿਗੁਰੂ! ਇਹ ਰੋਗ ਲੱਗ ਕਿਸ ਤਰ੍ਹਾਂ ਗਏ? ਕੀ ਕਾਰਣ ਸੀ? ਸਾਹਿਬ ਕਹਿੰਦੇ ਹਨ -

*ਖਸਮੁ ਵਿਸਾਰਿ ਕੀਏ ਰਸ ਭੋਗ ॥* *ਅੰਗ- ੧੨੫੬*

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*

ਕਹਿੰਦੇ ਹਨ ਕਿ ਪ੍ਰਮੇਸ਼ਰ ਨੂੰ ਭੁੱਲਣਾ ਹੀ ਸਭ ਤੋਂ ਵੱਡਾ ਰੋਗ ਹੈ।

*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*

ਵਿਜੋਗ ਦਾ ਅਰਥ ਹੈ ਵਿਛੋੜਾ। ਜਦੋਂ ਸਾਈਂ ਦੇ ਚਰਨਾਂ ਤੋਂ ਬੇਮੁਖ ਹੋ ਗਿਆ ਤਾਂ ਪਿਆਰਿਆ! ਇਸ ਜਨਮ ਵਿਚ ਰੋਗ ਨਹੀਂ ਮਿਟਣੇ। ਪਤਾ ਨਹੀਂ ਕਿੰਨੇ ਜਨਮ ਲੱਗ ਜਾਂਦੇ ਹਨ, ਜਿਹੜੇ ਸਾਈਂ ਦੇ ਚਰਨਾਂ ਨਾਲੋਂ ਟੁੱਟ ਜਾਂਦੇ ਹਨ। ਕਦੀ ਦੇਖਿਉ ਭਾਈ ਸਾਹਿਬ ਭਾਈ ਮਾਨ ਸਿੰਘ ਜੀ ਨੂੰ। ਭਾਵੇਂ ਮੇਰੇ ਸਾਹਿਬ ਜੀ ਦੀ ਅਪਾਰ ਕ੍ਰਿਪਾ ਹੋਵੇ, ਭਾਈ ਗੁਰਦਾਸ ਜੀ ਕਹਿੰਦੇ ਹਨ, ਜਦੋਂ ਸਿੱਖ ਗੁਰੂ ਜੀ ਦੇ ਚਰਨਾਂ ਨਾਲ ਜੁੜਦਾ ਹੈ ਤਾਂ ਉਸ ਵੇਲੇ ਇਸ ਦੇ ਅੰਦਰ ਰੱਬ ਲੀਨ ਹੁੰਦਾ ਹੈ। ਕਹਿੰਦੇ ਹਨ, ਉਸ ਸਮੇਂ ਇਹਦੇ ਅੰਦਰ ਖੇੜਾ ਵੀ ਹੁੰਦਾ ਹੈ। ਜਿਸ ਦਿਨ ਇਸ ਦੇ ਅੰਦਰ ਬੇਮੁਖਤਾਈ ਹੋ ਗਈ ਤਾਂ ਪਿਆਰਿਉ! ਉਸ ਸਮੇਂ ਨਾ ਰੱਬ ਰਹਿੰਦਾ ਹੈ, ਨਾ ਉਹਦੇ

ਅੰਦਰ ਖੇੜਾ ਰਹਿੰਦਾ ਹੈ, ਨਾ ਉਹਦੇ ਅੰਦਰ ਖੁਸ਼ਬੂ ਰਹਿੰਦੀ ਹੈ। ਤੇਰੇ ਚਰਨਾਂ ਨਾਲੋਂ ਟੁੱਟਿਆਂ ਤਾਂ ਨਾਮ ਦਾ ਰਸ ਚੱਲਿਆ ਗਿਆ। ਜਿਸ ਦਿਨ ਸਰੀਰ ਵਿਚੋਂ ਆਤਮਾ ਨਿਕਲ ਗਈ, ਉਸ ਦਿਨ ਇਸ ਦਾ ਕੋਈ ਸਾਥੀ ਨਹੀਂ, ਸਾਰੇ ਦੁਸ਼ਮਣ ਹੀ ਦੁਸ਼ਮਣ ਹਨ। ਭਾਈ ਸਾਹਿਬ ਭਾਈ ਮਾਨ ਸਿੰਘ ਜੀ ਚਲੇ ਗਏ। ਅਖੀਰ 'ਤੇ ਜਦੋਂ ਗੁਰੂ ਦੇ ਚਰਨਾਂ ਵਿਚ ਆਏ। ਕੁਝ ਸਿੱਖ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਨੂੰ ਅਖ਼ੀਰਲੇ ਸਮੇਂ ਵਿਚ ਮੇਰੇ ਸਤਿਗੁਰੂ ਦੀ ਗੋਦ ਨਸੀਬ ਹੋਈ।

ਸਭ ਤੋਂ ਪਹਿਲਾ ਭਾਈ ਮਰਦਾਨਾ ਜੀ, ਜਿਨ੍ਹਾਂ ਨੂੰ ਗੁਰੂ ਜੀ ਦੀ ਗੋਦ ਨਸੀਬ ਹੋਈ। ਉਸ ਤੋਂ ਬਾਅਦ ਆਉਂਦੇ ਹਨ ਭਾਈ ਮੋਹਣ ਜੀ ਤੇ ਭਾਈ ਗੋਪਾਲ ਜੀ। ਅੰਮ੍ਰਿਤਸਰ ਦੀ ਪਹਿਲੀ ਜੰਗ ਜਦੋਂ ਹੋਈ ਤਾਂ ਇਹਨਾਂ ਦੋ ਸਿੱਖਾਂ ਦੇ ਪ੍ਰਾਣ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੋਦ ਵਿਚ ਨਿਕਲੇ। ਉਸ ਤੋਂ ਅੱਗੇ ਸਤਿਕਾਰਯੋਗ ਬਾਬਾ ਬੁੱਢਾ ਸਾਹਿਬ ਜੀ, ਜਿਨ੍ਹਾਂ ਦੇ ਅੰਤਲੇ ਸਮੇਂ ਸੱਚੇ ਪਾਤਿਸ਼ਾਹ ਕੋਲ ਸਨ। ਉਸ ਤੋਂ ਅੱਗੇ ਭਾਈ ਗੁਰਦਾਸ ਜੀ, ਜਿਨ੍ਹਾਂ ਨੇ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਆਪਣੇ ਪ੍ਰਾਣ ਤਿਆਗੇ। ਉਸ ਤੋਂ ਅੱਗੇ ਭਾਈ ਮੁਗਲੂ ਜਿਹੜਾ ਪਹਿਲੀ ਜੰਗ ਵਿਚ ਲੜਿਆ ਸੀ ਤੇ ਜਦੋਂ ਜਿੱਤ ਕੇ ਆਇਆ ਤਾਂ ਗੁਰੂ ਜੀ ਕਹਿਣ ਲੱਗੇ - ਭਾਈ ਮੁਗਲੂ, ਕੁਝ ਮੰਗ ਲੈ। ਹੱਥ ਜੋੜ ਕੇ ਭਾਈ ਮੁਗਲੂ ਕਹਿੰਦਾ ਹੈ - ਗੁਰੂ ਜੀ! (ਗੁਰੂ ਹਰਿਗੋਬਿੰਦ ਸਾਹਿਬ ਜੀ) ਜੇ ਤਰੁੱਠੇ ਹੋ ਤਾਂ ਇਕ ਕ੍ਰਿਪਾ ਕਰਿਉ, ਜਦੋਂ ਦੁਨੀਆਂ ਤੋਂ ਕੂਚ ਕਰਾਂ, ਤੁਸੀਂ ਮੇਰੇ ਕੋਲ ਬੈਠਿਉ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਚੁੱਪ ਕਰ ਗਏ। ਭਾਈ ਮੁਗਲੂ ਦਾ ਅੰਤਮ ਸਮਾਂ ਆਇਆ ਤਾਂ ਜਦੋਂ ਸਾਹਿਬ ਸੱਚੇ ਪਾਤਿਸ਼ਾਹ ਪਹੁੰਚੇ ਤਾਂ ਭਾਈ ਮੁਗਲੂ ਦਾ ਅੰਤਲਾ ਸਮਾਂ ਗੁਰੂ ਤੇਗ ਬਹਾਦਰ ਜੀ ਦੀ ਗੋਦ ਵਿਚ ਆਇਆ।

ਭਾਈ ਮਹਾਂ ਸਿੰਘ ਕਿੰਨਾ ਕੁ ਭਾਗਾਂ ਵਾਲਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਪਏ ਹਨ। ਗੁਰੂ ਜੀ ਨੇ ਆਪਣੇ ਬੱਚਿਆਂ ਦੇ ਸਿਰ ਉਤੇ ਪਿਆਰ ਨਹੀਂ ਦਿਤਾ। ਉਹਨਾਂ ਨੇ ਬੱਚਿਆਂ ਦੇ ਤਨ ਉਤੇ ਬਸਤਰ ਨਹੀਂ ਪਾਇਆ। ਆਪਣੇ ਪੁੱਤਰ ਨੂੰ ਇਕੋ ਗੱਲ ਕਹੀ ਸੀ ਕਿ-

*ਬੇਟਾ! ਤੁਮਹੀ ਹੋ ਪੰਥ ਕੇ ਬੇੜੇ ਕੇ ਖਵਈਆ।*
*ਸਿਰ ਭੇਟ ਕਰੋ ਤਾਂ ਕਿ ਧਰਮ ਕੀ ਚਲੇ ਨਈਆ।*

ਕਹਿਣ ਲੱਗੇ, ਬੇਟਾ! ਹਰ ਬਾਪ ਦੀ ਇਕ ਇੱਛਾ ਹੁੰਦੀ ਹੈ ਕਿ ਮੇਰਾ ਪੁੱਤਰ ਡਾਕਟਰ ਬਣੇ, ਮੇਰਾ ਪੁੱਤਰ ਇੰਜੀਨੀਅਰ ਬਣੇ, ਮੇਰਾ ਪੁੱਤਰ ਜੱਜ ਬਣੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਖ਼ਾਹਿਸ਼ ਕੀ ਹੈ? ਇਕੋ ਇਕ ਪੁੱਤਰ ਕੋਲ ਹੈ। ਦੋ ਚਲੇ ਗਏ ਹਨ। ਇਕ ਜੰਗ ਵਿਚ ਸ਼ਹੀਦ ਹੋ ਗਿਆ ਹੈ।

*ਖ਼ਾਹਿਸ਼ ਹੈ ਕਿ ਤੁਮਹੇ ਤੇਗ਼ ਚਲਾਤੇ ਹੂਏ ਦੇਖੇਂ।*
*ਹਮ ਆਂਖ ਸੇ ਤੁਮਹੇ ਬਰਛੀ ਖਾਤੇ ਹੂਏ ਦੇਖੇਂ।*

ਭਾਈ ਮਹਾਂ ਸਿੰਘ ਨੂੰ ਵਿਛੋੜੇ ਨੇ ਤੜਪਾਇਆ ਹੈ। ਕਹਿੰਦੇ ਹਨ, ਮਾਨ ਸਿੰਘ ਕਰਮ ਖੰਡ ਦਾ ਵਾਸੀ ਹੈ। ਅੱਖਾਂ ਖੋਲ੍ਹ ਕੇ ਇਕੋ ਗੱਲ ਕਹੀ। ਚਿੱਠੀ ਉਤੇ ਲਿਖਿਆ ਹੈ - ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ, ਬਸ ਉਹ ਚਿੱਠੀ ਅੰਦਰ ਨੂੰ ਸਕੂਨ ਨਹੀਂ ਲੈਣ ਦਿੰਦੀ। ਸਾਹਿਬ ਕਹਿੰਦੇ ਹਨ, ਦੇਖ, ਬੇਮੁਖ ਹੋ ਜਾਏਂਗਾ, ਵਿਛੋੜੇ ਕਈ ਜਨਮਾਂ ਦੇ ਪੈ ਜਾਣਗੇ। ਸਾਹਿਬ ਕਹਿੰਦੇ ਹਨ -

*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*

ਜਿਤਨੇ ਵੀ ਮਾਇਆ ਦੇ ਭੋਗ ਸਨ, ਪਦਾਰਥ ਸਨ, ਇਕ ਖਿਨ ਵਿਚ ਹੀ ਕੌੜੇ ਹੋ ਗਏ। ਕਿਵੇਂ ਕੌੜੇ ਹੋ ਗਏ? ਮੂੰਹ ਕਾਇਮ ਹੈ। ਸਭ ਕੁਝ ਸਿਰਹਾਣੇ ਪਿਆ ਹੈ, ਪਰ ਅੰਦਰ ਖਾਣ ਦੀ ਤਾਕਤ ਨਹੀਂ। ਅੰਦਰੋਂ ਹੰਸ ਉਡਾਰੀ ਮਾਰ ਗਿਆ। ਹੁਣ ਜਦੋਂ ਤਰਲੇ ਲੈਂਦਾ ਹੈ ਕਿ ਕੋਈ ਮੇਰਾ ਹੈ? ਸਾਹਿਬ ਕਹਿਣ ਲੱਗੇ -

*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*

ਹੁਣ ਜਿੰਨਾ ਮਰਜ਼ੀ ਰੋਈ ਜਾ, ਕਲਪੀ ਜਾ, ਕੋਈ ਵੀ ਵਿਚੋਲਾ ਬਣ ਕੇ ਤੈਨੂੰ ਨਹੀਂ ਛੁਡਾ ਸਕਦਾ। ਸਾਹਿਬ ਕਹਿਣ ਲੱਗੇ -

*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*

ਜੋ ਧੁਰ ਦਰਗਾਹ ਤੋਂ ਲਿਖਿਆ ਗਿਆ ਹੈ ਤਾਂ ਹੁਣ ਕੋਈ ਕੀ ਕਰ ਸਕਦਾ ਹੈ? ਪਰ ਪਿਆਰਿਉ! ਇਕ ਰਸਤਾ ਦੱਸ ਦਿਤਾ। ਕਹਿੰਦੇ ਹਨ, ਤੂੰ ਬਚ ਸਕਦਾ ਹੈਂ-

*ਵਡਭਾਗੀ ਮੇਰਾ ਪ੍ਰਭੁ ਮਿਲੈ*

ਜਿਸ ਤੋਂ ਵਿਛੜਿਆ ਹੈਂ, ਗੁਰੂ ਕ੍ਰਿਪਾ ਕਰੇ, ਉਹ ਗੁਰੂ ਤੈਨੂੰ ਮਿਲ ਜਾਏ।

*ਤਾਂ ਉਤਰਹਿ ਸਭਿ ਬਿਓਗ॥*

ਜਿਹੜੇ ਵਿਛੋੜੇ ਦਾ ਦੁੱਖ ਹੈ, ਇਹ ਬਖਸ਼ਿਆ ਜਾ ਸਕਦਾ ਹੈ ਜੇਕਰ ਤੂੰ ਸਾਈਂ ਦੇ ਚਰਨਾਂ ਨਾਲ ਜੁੜ ਜਾਵੇਂ। ਸਾਹਿਬ ਕਹਿੰਦੇ ਹਨ, ਫਿਰ ਜਦੋਂ ਤੈਨੂੰ ਗੁਰੂ ਮਿਲ ਜਾਏ ਤਾਂ ਉਸ ਦੇ ਚਰਨ ਫੜ ਕੇ ਕਹੀਂ -

*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*

ਹੇ ਮੇਰੇ ਵਾਹਿਗੁਰੂ! ਕ੍ਰਿਪਾ ਕਰ! ਕਰਮ ਮੇਰੇ ਚੰਗੇ ਨਹੀਂ। ਕਰਮ ਕਰਕੇ ਵੀ ਨਾ ਕਹਿ ਕਿ ਮੈਂ ਮਾੜੇ ਕਰਮ

ਕੀਤੇ ਹਨ। ਸਾਹਿਬ ਕਹਿੰਦੇ ਹਨ, ਕਈ ਵਾਰੀ ਚੰਗੇ ਕਰਮ ਕਰਕੇ ਵੀ ਬੰਦਾ ਫਸ ਜਾਂਦਾ ਹੈ। ਦਾਨ ਕਰਨਾ ਕੋਈ ਮਾੜਾ ਕੰਮ ਥੋੜ੍ਹਾ ਹੈ। ਸਾਹਿਬ ਕਹਿਣ ਲੱਗੇ, ਕਰਮ ਚੰਗਾ ਸੀ, ਪਰ ਹੰਕਾਰ ਆ ਗਿਆ। ਦਾਤਾ! ਕਿਹੜਾ ਕਰਮ ਕਰੀਏ? ਸ੍ਰੀ ਗੁਰੂ ਅਰਜਨ ਸਾਹਿਬ ਫ਼ਰਮਾਉਂਦੇ ਹਨ - ਸਾਰਿਆਂ ਕਰਮਾਂ ਤੋਂ ਸ੍ਰੇਸ਼ਟ ਕਰਮ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥ ਅੰਗ- ੬੪੨*

ਸਭ ਤੋਂ ਸ੍ਰੇਸ਼ਟ ਕਰਮ ਇਹ ਹੈ ਕਿ ਸਾਈਂ ਦੇ ਚਰਨਾਂ ਵਿਚ ਚੰਗੇ ਕਰਮ ਕਰਕੇ ਵੀ ਕਹਿ ਕਿ ਮੇਰਾ ਕਰਮ ਚੰਗਾ ਨਹੀਂ। ਭਾਈ ਗੁਰਦਾਸ ਜੀ ਨੇ ਆਪਣੇ ਇਕ ਕਬਿੱਤ ਵਿਚ ਕਿਹਾ ਹੈ ਕਿ ਜਦੋਂ ਮੈਂ ਆਪਣੇ ਕੰਮਾਂ ਵਲ ਝਾਤੀ ਮਾਰਾਂ ਤਾਂ ਮੇਰੇ ਦਾਤਾ! ਲੋਕ ਕਹਿੰਦੇ ਹਨ ਕਿ ਮਾੜੇ ਕਰਮ ਕਰਨ ਵਾਲੇ ਨੂੰ ਨਰਕ ਵਿਚ ਢੋਈ ਨਹੀਂ ਮਿਲਦੀ। ਜਦੋਂ ਮੈਂ ਕਰਮਾਂ ਵਲ ਝਾਤੀ ਮਾਰਦਾ ਹਾਂ ਤਾਂ ਸੋਚਦਾ ਹਾਂ ਕਿ ਪਾਪੀਆਂ ਨੂੰ ਤਾਂ ਨਰਕ ਵਿਚ ਜਗ੍ਹਾ ਮਿਲ ਜਾਵੇਗੀ, ਪਰ ਮੇਰੇ ਲਈ ਤਾਂ ਨਰਕਾਂ ਵਿਚ ਵੀ ਕੋਈ ਜਗ੍ਹਾ ਨਹੀਂ। ਮੇਰੇ ਵਾਹਿਗੁਰੂ! ਮੈਨੂੰ ਰੱਖ ਲੈ। ਸਾਹਿਬ ਕਹਿੰਦੇ ਹਨ, ਇਕ ਕੰਮ ਕਰ ਲੈ, ਤੇਰੀ ਰੱਖਿਆ ਹੋ ਸਕਦੀ ਹੈ।

*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥*

ਜਿਹੜੀ ਚਿੰਤਾ ਤੈਨੂੰ ਲੱਗੀ ਹੋਈ ਹੈ, ਕੱਤਕ ਦੇ ਮਹੀਨੇ ਵਿਚ ਸਾਧ ਸੰਗਤ ਕਰਿਆ ਕਰ, ਫਿਰ ਦੇਖ ਤੇਰੀ ਸੋਚ, ਤੇਰੀ ਚਿੰਤਾ ਸਾਰੀ ਮਿਟ ਜਾਵੇਗੀ। ਜੁੜੇ ਹੋਏ ਕੋਲ ਇੰਨੀ ਕੁ ਤਾਕਤ ਹੈ। ਪਿਆਰਿਉ! ਗੁਰੂ-ਘਰ ਵਿਚ ਬੜੀ ਰਹਿਮਤ ਜੇ। ਗੁਰੂ ਬਖ਼ਸ਼ਿੰਦ ਹੈ। ਇਕ ਉਰਦੂ ਦਾ ਵਿਦਵਾਨ ਕਹਿੰਦਾ ਹੈ ਕਿ ਜੇ ਮਾੜੇ ਕਰਮ ਕੀਤੇ ਤਾਂ ਭੱਜ ਨਾ ਜਾਈਂ। ਸਤਿਗੁਰੂ ਕ੍ਰਿਪਾ ਕਰਨ, ਅੰਦਰੋਂ ਸ਼ਬਦ ਨਾਲ ਜੁੜ ਜਾਈਏ। ਉਹ ਬੜਾ ਬਖਸ਼ਿੰਦ ਦਾਤਾ ਹੈ। ਜੇ ਅਜੇ ਤੱਕ ਨਹੀਂ ਜੁੜੇ ਤਾਂ ਅਰਦਾਸ ਕਰੋ ਤਾਂ ਜੋ ਜੁੜ ਜਾਈਏ, ਕਿਉਂਕਿ ਇਕ ਦਿਨ ਦੇਹ ਨੇ ਬਿਨਸਨਾ ਹੈ। ਸੁਆਸ-ਸੁਆਸ ਸਤਿਗੁਰੂ ਨਾਲ ਜੁੜਾਂਗੇ ਤਾਂ ਸਤਿਗੁਰੂ ਮਿਹਰ ਕਰਨਗੇ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

*(ਪੰਨਾ 6 ਦੀ ਬਾਕੀ)*

ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਤੇ ਅਧਾਰਿਤ ਆਪ ਜੀ ਦਾ ਸਮੁੱਚਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਤੇ ਉਤਸ਼ਾਹ ਭਰਪੂਰ ਰਹੇਗਾ। ਅੱਜ ਵੀ ਉਹਨਾਂ ਦੇ ਗੁਰਮੁਖ ਜੀਵਨ ਨੂੰ ਯਾਦ ਕਰਕੇ ਸਾਨੂੰ ਡਿਗਿਆਂ ਡੋਲਿਆਂ ਨੂੰ ਧਰਮ ਦੇ ਪ੍ਰਤੀ ਉਤਸ਼ਾਹ, ਸਮਾਜਿਕ ਕਦਰਾਂ ਕੀਮਤਾਂ, ਪਰਿਵਾਰਿਕ ਫਰਜ਼ਾਂ ਤੇ ਪਰਉਪਕਾਰ ਕਰਨ ਦੀ ਪ੍ਰੇਰਨਾ ਮਿਲਦੀ ਹੈ। ਆਪ ਜੀ ਇਕ ਬਹੁਪੱਖੀ ਸਖਸ਼ੀਅਤ ਦੇ ਮਾਲਕ ਸਨ। ਸਾਰੀ ਜ਼ਿੰਦਗੀ ਵਿਚ ਆਪ ਜੀ ਨੇ ਧਰਮ ਦੇ ਅਸੂਲਾਂ ਨੂੰ ਪਹਿਲੀ ਦਿਤੀ। ਬਚਪਨ ਤੋਂ ਲੈ ਕੇ ਮੁਢਲੀ ਸਕੂਲੀ ਪੜ੍ਹਾਈ, ਫੌਜ ਦੀ ਸਰਵਿਸ, ਸੈਕਟਰੀਏਟ ਸਰਵਿਸ ਤੇ ਖੇਤੀ ਬਾੜੀ ਦੇ ਕਾਰਜਾਂ ਵਿਚ ਭਾਵ ਸਾਰੀ ਜ਼ਿੰਦਗੀ ਧਰਮ ਨੂੰ ਮੂਹਰੇ ਰਖਿਆ। ਹਰ ਵਕਤ ਨਾਮ ਬਾਣੀ ਵਿਚ ਰੱਤੇ, ਬਾਣੀ ਦੇ ਚਾਨਣੇ ਵਿਚ ਹੀ ਜੀਵਨ ਬਤੀਤ ਕਰਦੇ ਰਹੇ। ਭਾਵੇਂ ਆਪ ਜੀ ਨੇ ਸਰੀਰ ਦਾ ਪ੍ਰਤਿਆਗ 31 ਅਕਤੂਬਰ 2001 ਨੂੰ ਕੀਤਾ ਪਰ ਅੱਜ ਵੀ ਉਹਨਾਂ ਦੀ ਯਾਦ ਉਸੇ ਤਰ੍ਹਾਂ ਪਿਆਰ ਕਰਨ ਵਾਲਿਆਂ ਦੇ ਹਿਰਦਿਆਂ ਨੂੰ ਪ੍ਰਕਾਸ਼ਮਾਨ ਕਰ ਰਹੀ ਹੈ। 31 ਅਕਤੂਬਰ ਤੇ 1 ਨਵੰਬਰ ਸਾਡੇ ਸਾਰਿਆਂ ਲਈ ਵਿਸ਼ੇਸ਼ ਦਿਨ ਹਨ। ਆਉ! ਉਨ੍ਹਾਂ ਨੂੰ ਯਾਦ ਕਰਦਿਆਂ ਗੁਰਮਤਿ ਦੇ ਗਾਡੀ ਰਾਹ ਦੀ ਜੀਵਨ ਜੁਗਤਿ ਦੇ ਧਾਰਨੀ ਬਣੀਏ। ਅਰਦਾਸ ਵਿਚ ਜੁੜੀਏ ਕਿ-

*ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ*
*ਕਿਉ ਚਾਲਹ ਗੁਰ ਚਾਲੀ ॥*
*ਸਤਗੁਰੁ ਦਇਆ ਕਰੇ ਸੁਖਦਾਤਾ*
*ਹਮ ਲਾਵੈ ਆਪਨ ਪਾਲੀ ॥ ੧ ॥ ਅੰਗ- ੬੬੭*

ਸਾਨੂੰ ਵੀ ਉਹ ਆਤਮਿਕ, ਦਿਬਯ ਨੇਤ੍ਰ ਪ੍ਰਾਪਤ ਹੋਣ, ਉਹ ਸੋਝੀ ਪ੍ਰਾਪਤ ਹੋਵੇ ਜਿਸ ਨਾਲ ਸਾਡਾ ਵੀ ਲੋਕ ਤੇ ਪ੍ਰਲੋਕ ਸੁਹੇਲਾ ਬਣ ਜਾਵੇ। ਸਾਨੂੰ ਵੀ ਉਹ ਅਸੀਸ ਪ੍ਰਾਪਤ ਹੋਵੇ -

*ਦੇਹੁ ਸਜਣ ਅਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥ ਅੰਗ - ੧੨*
*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥*
*ਅੰਗ - ੭੨੯*

ਉਨ੍ਹਾਂ ਦਾ ਸੰਚਾਲਨ ਕੀਤਾ ਮੈਗਜ਼ੀਨ 'ਆਤਮ ਮਾਰਗ' ਉਹਨਾਂ ਦੀ ਨਿੱਘੀ ਯਾਦ ਦਾ ਅਤੇ ਸੰਗਤ ਦਾ ਸੁਚੱਜਾ ਅਨੰਦਮਈ ਖਜ਼ਾਨਾ ਹੈ। 'ਆਤਮ ਮਾਰਗ' ਬਾਰੇ ਆਪ ਜੀ ਦੇ ਸਦੀਵ-ਕਾਲੀ ਅਨੁਭਵੀ ਬਚਨ ਹਮੇਸ਼ਾ ਲਈ ਯਾਦ ਰਖਣ ਵਾਲੇ ਹਨ - ''ਜਿਸ ਜਿਸ ਘਰ ਵਿਚ 'ਆਤਮ ਮਾਰਗ' ਪੜ੍ਹਿਆ ਜਾਵੇਗਾ, ਓਥੇ ਦੁਖਾਂ ਦਰਦਾਂ ਕਲੇਸ਼ਾਂ ਦਾ ਵਿਨਾਸ਼ ਹੋਵੇਗਾ ਅਤੇ ਖੁਸ਼ੀਆਂ, ਆਤਮਿਕ ਅਨੰਦ ਦਾ ਪ੍ਰਕਾਸ਼ ਹੋਵੇਗਾ।''

ਸਰਬੱਤ ਦੇ ਭਲੇ ਦੀ ਅਰਦਾਸ।

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-22)*

ਐਸਾ ਸੁਣਿਆ ਗਿਆ ਹੈ ਕਿ ਸ਼ਕਤੀਸ਼ਾਲੀ ਪੁਰਸ਼ਾਂ ਦੇ ਬੋਲ ਵਿਚ ਐਨੀ ਖਿੱਚ ਹੋਇਆ ਕਰਦੀ ਹੈ ਕਿ ਉਹ ਹਰ ਕਿਸੇ ਨੂੰ ਧੁਰ ਅੰਦਰੋਂ ਮੋਹ ਲਿਆ ਕਰਦੇ ਹਨ। ਹੁਣ ਸਾਇੰਸ ਦਾ ਜ਼ਮਾਨਾ ਹੈ, ਅੱਜ ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਜੋ ਅਸੀਂ ਬੋਲਦੇ ਹਾਂ, ਉਹਦੇ ਨਾਲ ਅੰਦਰਲੇ ਦਾ ਪੂਰਾ ਸਬੰਧ ਹੋਇਆ ਕਰਦਾ ਹੈ। ਜੇ ਆਦਮੀ ਦੇ ਅੰਦਰ ਕੇਵਲ ਵਿਦਿਆ ਹੈ, ਵਿਦਿਆ ਦੀ ਚਤੁਰਾਈ ਹੈ, ਉਹ ਬਹੁਤ ਗੱਲਾਂ ਬੋਲ-ਬੋਲ ਕੇ ਸਮਝਾਉਂਦਾ ਹੈ ਪਰ ਸੁਣਨ ਵਾਲਿਆਂ ਉਪਰ ਕੋਈ ਅਸਰ ਨਹੀਂ ਹੋਇਆ ਕਰਦਾ। ਕਿਉਂ ਨਹੀਂ ਹੁੰਦਾ? ਕਿਉਂਕਿ ਉਹਦੇ ਅੰਦਰ ਆਪਣੇ ਬੋਲ ਦੇ ਪਿਛੇ ਹੀ ਕੋਈ ਸ਼ਕਤੀ ਕੰਮ ਨਹੀਂ ਕਰ ਰਹੀ ਹੁੰਦੀ। ਉਹ ਕੇਵਲ ਵਿਦਿਆ ਦੇ ਬਲ ਕਰਕੇ ਹੀ ਲੋਕਾਂ ਨੂੰ ਉਪਦੇਸ਼ ਦੇ ਰਹੇ ਹਨ। ਜੇ ਉਹਦੇ ਅੰਦਰ ਸ਼ਕਤੀ ਕੰਮ ਕਰ ਰਹੀ ਹੁੰਦੀ ਤਾਂ ਉਸ ਦੇ ਦੋ-ਚਾਰ ਬਚਨ ਕਹੇ ਹੋਏ ਹੀ ਬਹੁਤ ਹੁੰਦੇ ਹਨ। ਗੁਰੂ ਮਹਾਰਾਜ ਜੀ ਇਸ ਦਾ ਨਿਰਣਾ ਕਰਦੇ ਹੋਏ ਫੁਰਮਾਨ ਕਰਦੇ ਹਨ -

***ਜਿਸ ਕੈ ਅੰਤਰਿ ਬਸੈ ਨਿਰੰਕਾਰੁ॥***
***ਤਿਸ ਕੀ ਸੀਖ ਤਰੈ ਸੰਸਾਰੁ॥ ਅੰਗ - ੨੬੯***

ਜਦੋਂ ਆਪ ਢੱਕੀ ਵਿਚ ਨਿਵਾਸ ਰੱਖਿਆ ਕਰਦੇ ਸਨ ਤਾਂ ਸੰਗਰਾਂਦ ਤੇ ਪੂਰਨਮਾਸ਼ੀ ਦੇ ਦੀਵਾਨ ਰਾਤ ਨੂੰ ਲੱਗਿਆ ਕਰਦੇ ਸਨ। ਸਾਡੇ ਪਿੰਡ (ਧਮੋਟ) ਤੋਂ ਵੀ ਟਾਂਵੇ-ਟਾਂਵੇ ਪ੍ਰੇਮੀ ਆਇਆ ਕਰਦੇ ਸੀ। ਜਦੋਂ ਅਸੀਂ ਘੁਢਾਣੀ ਪਿੰਡ ਦੇ ਰਾੜੇ ਸਾਹਿਬ ਵਲ ਦੇ ਦਰਵਾਜ਼ੇ ਵਿਚੋਂ ਲੰਘਣਾ ਤਾਂ ਉਥੇ ਸੰਤ ਮਹਾਰਾਜ ਜੀ ਦੀ ਅਵਾਜ਼ ਸੁਣ ਜਾਣੀ ਕਿਉਂਕਿ ਆਵਾਜ਼ ਪੂਰੇ ਬਲ ਵਾਲੀ ਸੀ, ਕੰਨ ਵੀ ਉਸ ਵੇਲੇ ਚੰਗੇ ਹੋਇਆ ਕਰਦੇ ਸਨ, ਹੁਣ ਤਾਂ ਲਾਉਡ ਸਪੀਕਰਾਂ ਨੇ ਬਹੁਤ ਕਮਜ਼ੋਰ ਕਰ ਦਿਤੇ। ਐਉਂ ਲਗਣਾ ਜਿਵੇਂ ਸੰਤ ਮਹਾਰਾਜ ਜੀ ਦੀ ਅਵਾਜ਼ ਗਗਨ ਮੰਡਲ ਵਿਚ ਤੁਰੀ ਜਾ ਰਹੀ ਹੈ। ਠੀਕ ਉਸੇ ਤਰ੍ਹਾਂ ਜਿਵੇਂ ਅਮੋਘ ਬਾਣ ਕਮਾਨ ਵਿਚੋਂ ਨਿਕਲੇ ਹੋਏ ਆਪਣੇ ਨਿਸ਼ਾਨੇ ਵਲ ਨੂੰ ਵਧਦੇ ਤੁਰੇ ਜਾ ਰਹੇ ਹੋਣ। ਉਹ ਅਵਾਜ਼ ਜਦੋਂ ਅਸੀਂ ਸੁਣਨੀ, ਉਸ ਵੇਲੇ ਐਨੀ ਕਰੰਟ ਸਰੀਰ ਵਿਚ ਪੈਦਾ ਹੋ ਜਾਣੀ ਕਿ ਪੈਦਲ ਤੁਰਨ ਦੀ ਥਾਂ ਨੱਠਣਾ ਸ਼ੁਰੂ ਕਰ ਦੇਣਾ। ਮੇਰੀ ਉਮਰ ਛੋਟੀ ਹੁੰਦੀ ਸੀ। ਮੈਂ ਤੇ ਮੇਰੇ ਕਈ ਸਾਥੀਆਂ ਨੇ ਨੱਠ ਕੇ ਅੱਗੇ ਲੰਘ ਜਾਣਾ, ਸਾਥ ਨਾਲੋਂ ਵਿਛੁੜ ਜਾਣਾ ਅਤੇ ਸਿੱਧੇ ਸੰਤ ਮਹਾਰਾਜ ਜੀ ਦੇ ਦੀਵਾਨ ਵਿਚ ਪਹੁੰਚ ਕੇ ਦਮ ਲੈਣਾ। ਭਾਵੇਂ ਉਸ ਸਮੇਂ ਸਾਨੂੰ ਕੁਝ ਸਮਝ 'ਚ ਨਹੀਂ ਸੀ ਆਇਆ ਕਰਦਾ ਪਰ ਅਵਾਜ਼ ਹੀ ਖਿੱਚ ਲਿਆ ਕਰਦੀ ਸੀ। ਇਸ ਅਵਾਜ਼ ਵਿਚ ਕੋਈ magnetic (ਚੁੰਬਕ) ਸ਼ਕਤੀ ਸੀ ਜੋ ਹਰ ਕਿਸੇ ਨੂੰ ਆਪਣੇ ਵਲ ਖਿੱਚ ਲਿਆ ਕਰਦੀ ਸੀ। ਇਹ ਸ਼ਕਤੀ ਸੰਤ ਮਹਾਰਾਜ ਜੀ ਦੇ ਬੋਲ ਅੰਦਰ ਸਾਰੀ ਉਮਰ ਰਹੀ। ਇਥੇ ਹੀ ਬਸ ਨਹੀਂ ਜਦੋਂ ਹੁਣ ਅਸੀਂ ਟੇਪਾਂ ਸੁਣਦੇ ਹਾਂ ਤਾਂ ਵੀ ਹਿਰਦੇ ਵਿਚ ਖਿੱਚ ਪ੍ਰਤੀਤ ਹੁੰਦੀ ਹੈ। ਅਵਾਜ਼ ਤਾਂ ਰਾਗੀਆਂ ਦੀ ਬਹੁਤ ਮਿੱਠੀ ਹੁੰਦੀ ਹੈ, ਸੁਰ ਤਾਲ ਵਧੀਆ ਹੁੰਦਾ ਹੈ ਪਰ ਉਹ ਖਿੱਚ ਤੋਂ ਹੀਣੀ ਹੁੰਦੀ ਹੈ ਕਿਉਂਕਿ ਉਨ੍ਹਾਂ ਵਿਚ ਨਿਰੰਕਾਰ ਨਾਲ ਜੋੜ ਨਾ ਹੋਣ ਕਰਕੇ ਕੇਵਲ ਮਾਇਆ ਮੰਡਲ ਵਿਚ ਹੋਣ ਕਰਕੇ ਕੋਈ ਖਿੱਚ ਨਹੀਂ ਹੋਇਆ ਕਰਦੀ।

ਲੰਮੇ ਮੋਨ ਵਰਤ ਜਦੋਂ ਖਤਮ ਹੋ ਜਾਣੇ, ਸੰਤ ਮਹਾਰਾਜ ਜੀ ਨੇ ਸੈਰ ਵਾਸਤੇ ਜਾਣਾ, ਉਸ ਵੇਲੇ ਆਪ ਦੇ ਖੜ੍ਹਾਵਾਂ ਪਹਿਨੀਆਂ ਹੁੰਦੀਆਂ ਸਨ ਅਤੇ ਆਪ ਨਹਿਰ ਦੀ ਪਟੜੀ ਤੇ ਘੱਟ ਹੀ ਚਲਦੇ ਸਨ। ਜਦੋਂ ਮੈਂ ਮਹਾਰਾਜ ਜੀ ਦੀ ਸੇਵਾ ਵਿਚ ਆਇਆ ਤਾਂ ਉਸ ਵੇਲੇ ਭਾਈ ਇੰਦਰ ਸਿੰਘ ਜੀ, ਮਹਾਰਾਜ ਜੀ ਦੇ ਮੁੱਖ ਗੜਵਈ ਦੀ ਡਿਊਟੀ ਨਿਭਾਇਆ ਕਰਦੇ ਸਨ, ਉਹ ਬਹੁਤ ਸਿਆਣੇ ਸਨ। ਮੈਨੂੰ ਉਹ ਕਈ ਤਰ੍ਹਾਂ ਦੇ ਉਪਦੇਸ਼ ਦਿਆ ਕਰਦੇ ਸਨ ਪਰ ਮੈਨੂੰ ਸਮਝ ਵਿਚ ਨਹੀਂ ਸੀ ਆਇਆ ਕਰਦਾ ਕਿਉਂਕਿ ਉਹ ਥੋੜ੍ਹੀਆਂ ਗੱਲਾਂ ਕਰਕੇ ਕਹਿ ਦਿਆ ਕਰਦੇ ਸਨ ਕਿ ਦੇਖੋ, ਇਹ ਰਾਜਨੀਤੀ ਹੈ। ਮੈਂ ਰਾਜਨੀਤੀ ਨੂੰ ਇਹ ਸਮਝਣਾ ਕਿ ਦਿਲ ਵਿਚ ਹੋਰ ਗੱਲ ਹੋਵੇ ਅਤੇ ਉਪਰੋਂ ਕੁਝ ਹੋਰ ਕਹੀ ਜਾਣਾ। ਮੈਨੂੰ ਸਹਿਜ ਸੁਭਾਅ ਦਾ ਵਰਤਾਵਾ ਹੀ ਠੀਕ ਲੱਗਿਆ ਕਰਦਾ ਸੀ। ਮੈਨੂੰ ਉਨ੍ਹਾਂ ਨੇ ਕਹਿਣਾ ਕਿ ਜਦੋਂ ਮਹਾਰਾਜ ਜੀ ਸੈਰ ਕਰਨ ਜਾਂਦੇ ਹਨ ਤਾਂ ਰਸਤੇ ਵਿਚ ਮਿਰਾਸੀ ਤੇ ਮੰਗਤੇ ਆ ਜਾਇਆ ਕਰਦੇ ਹਨ। ਉਨ੍ਹਾਂ ਨੂੰ ਦੂਰ ਰੱਖਣ ਲਈ ਵੈਸੇ ਤਾਂ ਦੋ ਸਿੰਘ ਸੰਤ ਮਹਾਰਾਜ ਜੀ ਤੋਂ ਪਹਿਲਾਂ ਹੀ ਭੇਜੇ ਜਾਂਦੇ ਹਨ ਪਰ ਫੇਰ ਵੀ ਤੂੰ ਵੀ ਧਿਆਨ ਰੱਖਿਆ ਕਰ। ਮੈਂ ਕਿਹਾ ਕਿ ਮਹਾਰਾਜ ਜੀ ਤਾਂ ਪਟੜੀ ਤੇ ਚਲਦੇ ਹੀ ਨਹੀਂ। ਉਹ ਤਾਂ ਨਹਿਰ ਦੇ ਕੰਢਿਆਂ ਤੇ ਜੋ ਉਚੇ ਮਿੱਟੀ ਦੇ ਢੇਰ ਹਨ, ਉਥੇ ਜੋ ਪਸ਼ੂਆਂ ਦੀਆਂ ਪਾਈਆਂ ਹੋਈਆਂ ਡੰਡੀਆਂ ਹਨ, ਉਨ੍ਹਾਂ ਵਿਚੀਂ ਚਲਿਆ ਕਰਦੇ ਹਨ। ਇਹ ਉਪਦੇਸ਼ ਮੈਨੂੰ ਭਾਈ ਇੰਦਰ ਸਿੰਘ ਜੀ ਇਸ ਕਰਕੇ ਦਿਆ ਕਰਦੇ ਸਨ ਕਿ ਇਕ ਦਿਨ ਮਹਾਰਾਜ ਜੀ ਨੇ ਗਰਮ ਵਸਤਰ ਪਹਿਨੇ ਹੋਏ ਸਨ, ਆਪ ਸੈਰ ਕਰਨ ਲਈ ਜਾ ਰਹੇ ਸਨ ਤਾਂ ਅੱਗੋਂ ਕੋਈ ਮਿਰਾਸੀ ਮਿਲ ਗਿਆ ਤਾਂ ਉਸ ਨੇ ਕਿਹਾ ਕਿ ਹੇ ਪ੍ਰਭਾ! ਆਹ ਦੇਖ, ਮੇਰੇ ਕਪੜੇ ਪਤਲੇ ਹਨ, ਮੈਨੂੰ ਵੀ ਕੁਝ ਦੇਹ। ਉਸ ਵੇਲੇ ਮਹਾਰਾਜ ਜੀ ਨੇ ਆਪਣੇ ਸਾਰੇ ਵਸਤਰ ਲਾਹ ਦਿਤੇ ਕੇਵਲ ਬੁਨੈਣ ਰਹਿ ਗਈ। ਉਪਰ ਲਈ ਹੋਈ ਸ਼ਾਲ ਸਮੇਤ ਉਸ

ਮਿਰਾਸੀ ਦੇ ਹਵਾਲੇ ਕਰ ਦਿਤੇ। ਜਦੋਂ ਆਪ ਵਾਪਸ ਆਏ ਤਾਂ ਸਾਰੇ ਹੈਰਾਨ ਹੋ ਗਏ ਕਿ ਸੰਤ ਮਹਾਰਾਜ ਜੀ ਦੇ ਵਸਤਰ ਕਿਥੇ ਗਏ? ਇਸ ਤਰ੍ਹਾਂ ਇਕ ਵਾਰੀ ਨਹੀਂ ਸੀ ਹੋਇਆ ਕਈ ਵਾਰੀ ਹੋ ਚੁਕਿਆ ਸੀ। ਸੋ ਡੇਰੇ ਵਾਲੇ ਪ੍ਰਬੰਧਕ ਸਿੰਘਾਂ ਨੇ ਮੰਗਤਿਆਂ ਨੂੰ ਮਹਾਰਾਜ ਜੀ ਤੋਂ ਦੂਰ ਰਖਣ ਲਈ ਸੈਰ ਵੇਲੇ ਕਾਫੀ ਅੱਗੇ ਜਾਣਾ ਸ਼ੁਰੂ ਕਰ ਦਿਤਾ। ਜਿਸ ਦੇ ਹੋਰ ਕਾਰਨ ਵੀ ਸੀ ਕਿ ਉਨ੍ਹਾਂ ਦਿਨਾਂ ਵਿਚ ਸਾਇਕਲ ਤਾਂ ਹੋਇਆ ਨਹੀਂ ਸਨ ਕਰਦੇ, ਕਿਸੇ ਟਾਂਵੇਂ-ਟਾਂਵੇਂ ਬੰਦੇ ਕੋਲ ਸਾਇਕਲ ਹੋਇਆ ਕਰਦਾ ਸੀ, ਬਾਕੀ ਸਾਰੇ ਕੰਮ ਕਾਜ ਤੇ ਜਾਣ ਲਈ ਪੈਦਲ ਜਾਇਆ ਕਰਦੇ ਸਨ। ਉਨ੍ਹਾਂ ਨੇ ਦੂਰੋਂ ਹੀ ਸੰਤ ਮਹਾਰਾਜ ਜੀ ਨੂੰ ਦੇਖ ਲੈਣਾ ਅਤੇ ਭੱਜ ਕੇ ਆ ਕੇ ਨਮਸ਼ਕਾਰਾਂ ਕਰਨੀਆਂ ਸ਼ੁਰੂ ਕਰ ਦੇਣੀਆਂ। ਇਥੇ ਹੀ ਬਸ ਨਹੀਂ ਸੀ ਹੁੰਦੀ ਆਪਣੀਆਂ ਘਰੋਗੀ ਗੱਲਾਂ ਚਲਾ ਲੈਣੀਆਂ। ਸੰਤ ਮਹਾਰਾਜ ਜੀ ਹਰ ਸਮੇਂ ਆਪਣੀ ਬਿਰਤੀ ਨੂੰ ਅੰਦਰ ਖਿੱਚ ਕੇ ਰਖਦੇ ਸਨ ਅਤੇ ਸਾਨੂੰ ਵੀ ਨਾਲ ਉਪਦੇਸ਼ ਦਿਆ ਕਰਦੇ ਸਨ ਕਿ ਤੁਸੀਂ 15 ਫੁੱਟ ਉਪਰ ਝਾਕ ਕੇ ਤੁਰੋ, ਉਚੇ ਨੇਤਰ ਨਹੀਂ ਕਰਨੇ ਕਿਉਂਕਿ ਉਸ ਦੇ ਨਾਲ ਕਿਤੇ ਪਸ਼ੂ ਦਿਸਦੇ ਹਨ, ਕਿਤੇ ਫੁੱਲ ਖਿੜੇ ਦਿਸਦੇ ਹਨ, ਕਿਤੇ ਟਾਹਣੀ ਟੁੱਟੀ ਦਿਸਦੀ ਹੈ, ਕਿਤੇ ਪੱਥਰ ਪਿਆ ਹੈ, ਕਿਤੇ ਪਾਣੀ ਵਿਚ ਲੱਕੜੀ ਰੁੜੀ ਜਾ ਰਹੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਬਿਰਤੀ ਖਿੰਡ ਜਾਂਦੀ ਹੈ ਜੋ ਅਖੰਡ ਧੁਨੀ ਨਾਮ ਦੀ ਅੰਦਰ ਚਲ ਰਹੀ ਹੁੰਦੀ ਹੈ ਉਸ ਵਿਚ ਫੁਰਨੇ ਰਲ ਜਾਂਦੇ ਹਨ ਅਤੇ ਉਹ ਮੱਧਮ ਪੈ ਜਾਂਦੀ ਹੈ। ਇਕ ਫੁਰਨਾ ਦੂਜੇ ਨੂੰ ਅਤੇ ਦੂਜਾ ਫੁਰਨਾ ਤੀਜੇ ਨੂੰ ਅਤੇ ਤੀਜਾ ਚੌਥੇ ਨੂੰ ਜਨਮ ਦਿੰਦਾ ਹੈ। ਇਸ ਤਰ੍ਹਾਂ ਫੁਰਨਿਆਂ ਵਿਚ ਪ੍ਰਵੇਸ਼ ਕਰਕੇ ਨਾਮ ਧੁਨ ਨਾਲੋਂ ਟੁੱਟ ਜਾਈਦਾ ਹੈ। ਆਪ ਹਮੇਸ਼ਾਂ ਸੁਰਤ ਨੂੰ ਅੰਦਰ ਖਿੱਚ ਕੇ ਰਖਦੇ ਸਨ, ਅਸਾਨੂੰ ਵੀ ਅਜਿਹਾ ਕਰਨ ਵਾਸਤੇ ਹੀ ਹੁਕਮ ਦਿੰਦੇ ਸਨ। ਪ੍ਰਤਿਆ ਕੇ ਦੇਖਿਆ ਗਿਆ ਹੈ ਕਿ ਇਸ ਤਰ੍ਹਾਂ ਆਪਣੀ ਬਿਰਤੀ ਵਿਚ ਰਹਿ ਕੇ ਚੱਲਣ ਫਿਰਨ ਨਾਲ ਨਾਮ ਧੁਨ ਖੰਡਤ ਨਹੀਂ ਹੋਇਆ ਕਰਦੀ ਸੀ। ਉਸੇ ਤਰ੍ਹਾਂ ਅਖੰਡ ਧੁਨ ਵਿਚ ਮਨ ਲੱਗਿਆ ਰਹਿੰਦਾ ਹੈ। ਸੰਤ ਮਹਾਰਾਜ ਜੀ ਦੁਨੀਆਂਦਾਰੀ ਦੀ ਕਦੇ ਵੀ ਗੱਲ ਨਹੀਂ ਸੀ ਕਰਿਆ ਕਰਦੇ। ਬਹੁਤ ਹੀ ਗੰਭੀਰਤਾ ਵਿਚ ਆਪ ਦਾ ਨਿਵਾਸ ਰਹਿੰਦਾ ਸੀ। ਇਸੇ ਕਰਕੇ ਆਪ ਦੇ ਨੇਤਰਾਂ ਵਿਚ ਕਹਿਰਾਂ ਦੀ ਖਿੱਚ ਸੀ, magnetic (ਚੁੰਬਕ) ਸ਼ਕਤੀ ਆਪ ਦੇ ਨੇਤਰਾਂ ਵਿਚ ਐਨੀ ਜ਼ੋਰਦਾਰ ਸੀ ਕਿ ਜੇ ਉਹ ਇਕ ਵਾਰੀ ਵੇਖ ਲੈਂਦੇ ਅਤੇ ਅਸੀਂ ਵੇਖ ਲੈਂਦੇ ਤੇ ਅੱਖ ਨਾਲ ਅੱਖ ਟਕਰਾਅ ਜਾਂਦੀ ਤਾਂ ਸਿਰ ਤੋਂ ਲੈ ਕੇ ਪੈਰ ਦੇ ਅਗੂੰਠੇ ਤਕ ਇਕ ਝਰਨਾਹਟ ਲੰਘ ਜਾਂਦੀ ਸੀ, ਉਹ ਸਹਿ ਨਹੀਂ ਸੀ ਹੁੰਦੀ। ਅਸੀਂ ਤਾਂ ਫੇਰ ਵੀ ਪੁਰਖ ਸੀ, ਬੀਬੀਆਂ ਵਾਸਤੇ ਤਾਂ ਇਹ ਬਿਲਕੁਲ ਹੀ ਅਸਹਿ ਸੀ। ਜਦੋਂ ਆਪ ਜੀ ਨੇ ਕਦੇ ਕੁਰਸੀ ਤੇ ਬੈਠਣਾ ਤਾਂ ਆਮ ਤੌਰ ਤੇ ਕਾਲੇ ਰੰਗ ਦੀਆਂ ਐਨਕਾਂ ਲਗਾ ਲਿਆ ਕਰਦੇ ਸਨ। ਸੋ ਇਸ ਤਰ੍ਹਾਂ ਦਾ ਹਾਲ ਸੀ, ਉਸ ਸਮੇਂ ਜਦੋਂ ਢੱਕੀ ਵਿਚ ਪੂਰੇ ਜ਼ੋਰ ਨਾਲ ਘਾਲ ਕਮਾਈ ਕੀਤੀ ਜਾ ਰਹੀ ਹੁੰਦੀ ਸੀ। ਛੋਟੀ ਉਮਰ ਦੇ ਮਹਾਤਮਾ ਤਾਂ ਹੁਣ ਵੀ ਹਨ ਪਰ ਕਦੇ ਵੀ ਵੱਡੇ-ਵੱਡੇ ਮਹਾਤਮਾ ਉਨ੍ਹਾਂ ਨੂੰ ਮਿਲਣ ਨਹੀਂ ਜਾਂਦੇ। ਸੰਤ ਮਹਾਰਾਜ ਜੀ ਨੂੰ ਉਸ ਸਮੇਂ ਦੇ ਵੱਡੇ-ਵੱਡੇ ਮਹਾਤਮਾ ਆ ਕੇ ਮਿਲਿਆ ਕਰਦੇ ਸਨ ਅਤੇ ਬਹੁਤ ਅਜੀਬ ਕਿਸਮ ਦਾ ਅਸਰ ਮਹਿਸੂਸ ਕਰਿਆ ਕਰਦੇ ਸਨ।

ਗੁਰੂ ਨਾਨਕ ਪਾਤਸ਼ਾਹ ਜੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ -

***ਰੇਤੁ ਅੱਕ ਅਹਾਰ ਕਰ***
***ਰੋੜਾਂ ਦੀ ਗੁਰ ਕਰੀ ਵਿਛਾਈ॥***
***ਭਾਰੀ ਕਰੀ ਤਪਸਿਆ***
***ਬਡੇ ਭਾਗ ਹਰਿ ਸਿਉ ਬਨਿ ਆਈ॥***
***ਭਾਈ ਗੁਰਦਾਸ ਜੀ, ਵਾਰ 1/24***

ਗੁਰੂ ਤੀਸਰੇ ਪਾਤਸ਼ਾਹ ਜੀ ਨੇ ਵੀ ਬਿਰਧ ਸਰੀਰ ਦੇ ਹੁੰਦਿਆਂ ਹੋਇਆਂ 12 ਸਾਲ ਐਨੀ ਕਠਨ ਸੇਵਾ ਕੀਤੀ ਜਿਸ ਨੂੰ ਸੁਣ ਕੇ ਅੱਜ ਦੇ ਜੁਆਨ ਵੀ ਕਰਨ ਤੋਂ ਕਤਰਾਉਂਦੇ ਹਨ। ਹੁਣ ਦੇ ਜਗਿਆਸੂਆਂ ਨੂੰ ਜੇ ਥੋੜ੍ਹਾ ਜਿਹਾ ਤਪ ਕਰਨ ਲਈ ਕਹਿ ਦਿਤਾ ਜਾਵੇ ਤਾਂ ਉਨ੍ਹਾਂ ਦਾ ਸਿਰ ਦੁਖਣ ਲਗ ਜਾਂਦਾ ਹੈ, ਲੱਕ ਦੁੱਖਣ ਲਗ ਜਾਂਦਾ ਹੈ, ਉਹ ਕਰ ਹੀ ਨਹੀਂ ਸਕਦੇ। ਕਈ ਵਾਰੀ ਸੋਚਿਆ ਹੈ ਕਿ ਇਸ ਦਾ ਕਾਰਨ ਕੀ ਹੋ ਸਕਦਾ ਹੈ, ਇਹ ਕਿਉਂ ਥੱਕ ਜਾਂਦੇ ਹਨ? ਸਾਧਨ ਤਾਂ ਮੇਰੇ ਸਰੀਰ ਨੇ ਵੀ ਕੀਤੇ ਹਨ। 22-22 ਘੰਟੇ ਲਗਾਤਾਰ ਮਹੀਨਿਆਂ ਬੱਧੀ, ਸਾਲਾਂ ਬੱਧੀ ਸਿੰਧ ਵਿਚ ਬੈਠਦਾ ਰਿਹਾ ਹਾਂ ਪਰ ਥੱਕਿਆ ਤਾਂ ਕਦੇ ਵੀ ਨਹੀਂ ਸੀ। ਹੋਰ ਚਾਓ ਉਠਦਾ ਸੀ ਕਿ ਪੂਰੇ 24 ਘੰਟੇ ਹੀ ਨਾਮ ਸਿਮਰਨ ਵਿਚ ਰਿਹਾ ਜਾਵੇ। ਨਾਮ ਜਪਦਾ ਹੋਇਆ ਆਦਮੀ ਕਦੇ ਵੀ ਨਹੀਂ ਥੱਕਿਆ ਕਰਦਾ, ਨਾ ਹੀ ਕੀਰਤਨ ਕਰਦਾ, ਨਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਾ ਥਕਦਾ ਹੈ। ਲੰਮਾ ਬੈਠਣ ਦੇ ਨਾਲ ਕੇਵਲ ਕਦੇ-ਕਦੇ ਚੌਂਕੜਾ ਬਦਲਣ ਦੀ ਲੋੜ ਪੈਂਦੀ ਹੈ, ਕੀਰਤਨ ਵੇਲੇ ਆਪ ਤਾਂ ਥਕੀਦਾ ਨਹੀਂ ਪਰ ਲੰਮੇ ਕੀਰਤਨ ਪਿਛੋਂ ਗਲ ਥਕ ਜਾਂਦਾ ਹੈ ਅਤੇ ਅਵਾਜ਼ ਫੱਟਣ ਲਗ ਜਾਂਦੀ ਹੈ। ਇਸੇ ਤਰ੍ਹਾਂ ਪੜ੍ਹਦੇ ਸਮੇਂ ਵੀ ਨਹੀਂ ਥੱਕੀਦਾ, 20-20 ਘੰਟੇ ਪਿਛੋਂ ਅੱਖਾਂ ਵਿਚ ਪਾਣੀ ਆ ਜਾਇਆ ਕਰਦਾ ਹੈ ਅਤੇ ਟੇਡੇ ਅੱਖਰ ਦਿਸਣ ਲਗ ਜਾਂਦੇ ਹਨ ਥਕੇਵਾਂ ਤਾਂ ਵੀ ਨਹੀਂ ਹੁੰਦਾ। ਇਹ ਇਕ ਬੜਾ ਭਾਰੀ ਰਹੱਸ ਹੈ ਜਿਸ ਦੇ ਬਾਰੇ ਐਨਾ ਹੀ ਆਖਿਆ ਜਾ ਸਕਦਾ ਹੈ ਕਿ ਆਦਮੀ ਦੇ ਅੰਦਰ energy (ਸ਼ਕਤੀ) ਦਾ ਬਹੁਤ ਵੱਡਾ ਭੰਡਾਰ ਹੈ। ਜਦੋਂ ਬਿਰਤੀ ਇਕਾਗਰ ਹੁੰਦੀ ਹੈ ਤਦ ਉਹ ਬ੍ਰਹਿਮੰਡੀ ਐਨਰਜੀ ਪ੍ਰਮੇਸ਼ਰ ਸ਼ਕਤੀ ਨਾਲ ਜੁੜ ਜਾਂਦੀ ਹੈ। ਉਸ ਵਿਚੋਂ ਉਸੇ ਤਰ੍ਹਾਂ ਸ਼ਕਤੀ ਆਉਣੀ ਸ਼ੁਰੂ ਹੋ ਜਾਂਦੀ ਹੈ ਜਿਵੇਂ ਬਿਜਲੀ ਘਰ (power house) ਵਿਚੋਂ ਬਿਜਲੀ ਤਾਰਾਂ ਵਿਚ ਆਉਂਦੀ ਹੈ। ਵਾਹਿਗੁਰੂ ਜੀ ਦੀ ਸ਼ਕਤੀ ਆਉਣ ਨਾਲ ਥਕੇਵਾਂ-ਅਕੇਵਾਂ ਨਹੀਂ ਹੁੰਦਾ ਸਗਮਾਂ ਇਕ ਰਸ ਤਾਰੀ ਹੋ ਜਾਂਦਾ ਹੈ, ਇਕ

ਮਹਾਨ ਖੁਸ਼ੀ ਦਾ ਸੋਮਾ ਪੈਦਾ ਹੋ ਜਾਂਦਾ ਹੈ ਜਿਸ ਨੂੰ ਅਧਿਆਤਮਕ ਬੋਲੀ ਵਿਚ ਕਿਹਾ ਜਾਂਦਾ ਹੈ ਕਿ ਇਸ ਦਾ ਕਮਲ ਫੁੱਲ ਸਿੱਧਾ ਹੋ ਗਿਆ ਹੈ। ਗੁਰੂ ਮਹਾਰਾਜ ਜੀ ਵੀ ਫੁਰਮਾਨ ਕਰਦੇ ਹਨ -

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ।। ਅੰਗ - ੧੨੯੧*

ਜੋ ਥਕਦੇ ਹਨ, ਉਹ ਕਿਉਂ ਥਕਦੇ ਹਨ, ਕੀਰਤਨ ਕਰਨ ਨਾਲ ਤਾਂ ਸੁਰਤ ਵਾਹਿਗੁਰੂ ਜੀ ਵਿਚ ਲੀਨ ਹੋ ਜਾਂਦੀ ਹੈ, ਥਕੇਵੇਂ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਵੇਰੇ 2 ਵਜੇ ਸ੍ਰੀ ਆਸਾ ਜੀ ਦੀ ਵਾਰ ਲਾ ਕੇ ਪੂਰੇ 14 ਘੰਟੇ ਬਾਦ ਭੋਗ ਪਾਉਂਦੇ ਸਨ। ਇਕ ਵਾਰੀ ਉਨ੍ਹਾਂ ਦਾ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ਵਿਚ ਹੋਣਾ ਸੀ। ਸ. ਬਾਬੂ ਸਿੰਘ ਜੀ ਗਰੇਵਾਲ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਪਟਿਆਲਾ ਮੇਰੇ ਨਾਲ ਹੀ ਕੀਰਤਨ ਵਿਚ ਬੈਠੇ ਸਨ। ਜਦੋਂ 2 ਤੋਂ 10 ਵਜੇ ਤਕ ਆਪ ਅੱਧੀ ਆਸਾ ਜੀ ਦੀ ਵਾਰ ਹੀ ਕਰ ਸਕੇ ਤਾਂ ਸ. ਬਾਬੂ ਸਿੰਘ ਜੀ ਨੇ ਕਿਹਾ ਕਿ ਪ੍ਰਸ਼ਾਦਾ ਛਕ ਆਈਏ। ਮੈਂ ਛਾਉਣੀ ਵਿਚ ਹੁੰਦਾ ਸਾਂ, ਮੇਰੇ ਪਾਸ ਰਸਾਲੇ ਵਾਲੇ ਕੁਆਰਟਰਾਂ ਵਿਚੋਂ ਇਕ ਕੁਆਰਟਰ ਸੀ ਜੋ ਛਾਉਣੀ ਦੇ ਦੂਜੇ ਸਿਰੇ ਸੀ ਅਤੇ ਬੀਬੀ (ਪਤਨੀ ਬੀਬੀ ਰਣਜੀਤ ਕੌਰ ਜੀ) ਵੀ ਮੇਰੇ ਨਾਲ ਸਨ, ਅਸੀਂ ਜਾ ਕੇ ਪ੍ਰਸ਼ਾਦਾ ਛਕ ਕੇ ਵਾਪਸ ਆ ਗਏ। ਉਸ ਸਮੇਂ ਕੀਰਤਨ ਚਲ ਰਿਹਾ ਸੀ। ਚਾਰ ਵਜੇ ਵੀ ਅਜੇ ਕੀਰਤਨ ਹੋ ਰਿਹਾ ਸੀ, ਜੱਥੇ ਦੇ ਕਈ ਸਿੰਘ ਉਠ ਕੇ ਤੁਰ ਫਿਰ ਰਹੇ ਸਨ ਅਤੇ ਭਾਈ ਸਾਹਿਬ ਇਕੱਲੇ ਹੀ ਵਾਜੇ ਨਾਲ ਉਚੀਆਂ ਅਖੀਰਲੀਆਂ ਸੁਰਾਂ ਨਾਲ ਇਕੋ ਵਾਕ ਦਾ ਕੀਰਤਨ ਕਰ ਰਹੇ ਸਨ। ਐਉਂ ਲਗਦਾ ਸੀ ਜਿਵੇਂ ਉਨ੍ਹਾਂ ਦੀ ਸੁਰਤ ਇਸ ਭੂੰ ਮੰਡਲ ਤੋਂ ਉਡਾਰੀ ਮਾਰ ਕੇ ਵਾਹਿਗੁਰੂ ਮੰਡਲ ਵਿਚ ਵਾਹਿਗੁਰੂ ਜੀ ਦੇ ਸਮਰਤੱਖ ਬੇਨਤੀਆਂ ਕਰ ਰਹੀ ਹੋਵੇ। ਆਪ ਕੀਰਤਨ ਕਰ ਰਹੇ ਸਨ। ਸਿੰਘ ਸਭਾ ਦੇ ਕਰਮਚਾਰੀ ਨੇ ਟਾਈਮ ਪੀਸ ਲਿਆ, ਅਲਾਰਮ ਫਿੱਟ ਕਰ ਦਿਤਾ ਅਤੇ ਅਲਾਰਮ ਚਾਲੂ ਕਰਕੇ ਭਾਈ ਸਾਹਿਬ ਦੇ ਸਾਮ੍ਹਣੇ ਲੈ ਕੇ ਖੜ੍ਹ ਗਿਆ। ਜਦੋਂ ਟ੍ਰਨ-ਟ੍ਰਨ ਦੀ ਅਵਾਜ਼ ਹੋਈ ਭਾਈ ਸਾਹਿਬ ਜੀ ਨੇ ਕੀਰਤਨ ਕਰਦਿਆਂ ਨੇ ਹੀ ਜ਼ੋਰ ਦੀ ਹੱਥ ਮਾਰਿਆ। ਜੋ ਟਾਈਮ ਪੀਸ ਸੀ ਉਹ ਉਸ ਦੇ ਹੱਥੋਂ ਛੁਟ ਕੇ ਦੂਰ ਤਕ ਰੁੜ੍ਹਦਾ ਹੀ ਚਲਿਆ ਗਿਆ। ਇਸ ਗੱਲ ਨੂੰ ਆਮ ਬੰਦੇ ਨਹੀਂ ਸੀ ਸਮਝ ਸਕਦੇ ਕਿ ਆਪ ਕਿਉਂ ਨਹੀਂ ਥਕਦੇ ਸਨ। ਇਹ ਓਹੀ ਜਾਣਦੇ ਹਨ ਜਿਨ੍ਹਾਂ ਨੇ ਅਜਿਹੀਆਂ ਅਵਸਥਾਵਾਂ ਦੇਖੀਆਂ ਹੋਣ। ਸੰਤ ਮਹਾਰਾਜ ਜੀ ਕਈ-ਕਈ ਦਿਨ ਸਾਧਨਾ ਵਿਚ ਬੈਠੇ ਰਹਿੰਦੇ ਸਨ, ਨਾ ਕੁਝ ਖਾਣਾ, ਨਾ ਪੀਣਾ, ਕਈ ਵਾਰੀ ਆਪ ਨੇ ਆਪਣੀ ਕੁਟੀਆ ਦਾ ਦਰਵਾਜ਼ਾ ਬੰਦ ਕਰ ਲੈਣਾ ਤੇ ਕਈ ਦਿਨ ਨਾ ਖੋਲ੍ਹਣਾ। ਮਹਾਰਾਜ ਜੀ ਮੈਨੂੰ ਦਸਦੇ ਸਨ ਕਿ ਇਕ ਵਾਰੀ ਭਾਦਰੋਂ ਦੇ ਮਹੀਨੇ ਵਿਚ ਅਸੀਂ ਅੰਦਰ ਬੰਦ ਹੋ ਗਏ ਅਤੇ ਕਈ ਦਿਨ ਬਾਹਰ ਨਾ ਨਿਕਲੇ, ਗਰਮੀ ਬਹੁਤ ਜ਼ਿਆਦਾ ਸੀ ਪਰ ਸਾਨੂੰ ਮਹਿਸੂਸ ਹੀ ਨਾ ਹੋਈ। ਸੋ ਇਸ ਅਖੰਡ ਸਿਮਰਨ ਨੂੰ ਤਪਸਿਆ ਆਖਿਆ ਜਾਂਦਾ ਹੈ। ਗੁਰੂ ਦਸ਼ਮੇਸ਼ ਪਿਤਾ ਨੇ ਵੀ ਵਰਣਨ ਕੀਤਾ ਹੈ -

*ਇਹ ਬਿਧਿ ਕਰਤ ਤਪੱਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ॥*

ਰੂਹਾਨੀ ਉਚਤਾ ਦੀ ਪ੍ਰਤੀਕ ਸਾਧੂਆਂ ਦੀ ਬੇਪਰਵਾਹੀ ਹੋਇਆ ਕਰਦੀ ਹੈ। ਉਨ੍ਹਾਂ ਦੀ ਅਕਾਲ ਪੁਰਖ ਨਾਲ ਬਣ ਆਉਂਦੀ ਹੈ। ਉਨ੍ਹਾਂ ਨੂੰ ਦੁਨੀਆਦਾਰਾਂ ਦੀ ਕੋਈ ਪ੍ਰਵਾਹ ਨਹੀਂ ਹੋਇਆ ਕਰਦੀ। ਕਈ ਪ੍ਰੇਮੀਆਂ ਦਾ, ਜੋ ਸਾਧੂਆਂ ਦੀ ਬੇਪਰਵਾਹੀ ਬਾਰੇ ਨਹੀਂ ਸਮਝਦੇ, ਖਿਆਲ ਹੁੰਦਾ ਹੈ ਕਿ ਸਾਧੂ ਬਹੁਤ ਅਭਿਆਨੀ ਹੁੰਦੇ ਹਨ ਪਰ ਇਹ ਬਿਲਕੁਲ ਗਲਤ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਾਧੂ ਕਿਥੇ ਰਹਿੰਦੇ ਹਨ। ਗੁਰਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥*
*ਅੰਗ - ੨੭੨*

ਜਿਸ ਪ੍ਰਭੂ ਪਿਆਰੇ ਨੂੰ ਐਨੀ ਉਚੀ ਪਦਵੀ ਪ੍ਰਾਪਤ ਹੋ ਜਾਵੇ ਕਿ ਉਸ ਵਿਚ ਅਤੇ ਵਾਹਿਗੁਰੂ ਜੀ ਵਿਚ ਕੋਈ ਭੇਦ ਪ੍ਰਤੀਤ ਨਾ ਦਿੰਦਾ ਹੋਵੇ ਤਾਂ ਉਹ 84 ਲੱਖ ਦੇ ਚੱਕਰ ਵਿਚ ਫਸਿਆ ਹੋਇਆ ਵਾਸ਼ਨਾ ਦੇ ਮਧੋਲੇ ਹੋਏ ਬੰਦਿਆਂ ਦਾ ਆਦਰ ਕਿਉਂ ਕਰਨ, ਭਾਵੇਂ ਉਹ ਬਾਦਸ਼ਾਹ ਹੀ ਕਿਉਂ ਨਾ ਹੋਵੇ। ਕਿਉਂਕਿ ਉਹ ਬੇਪਰਵਾਹ ਹੁੰਦੇ ਹਨ, ਆਪਣੇ ਮਾਲਕ ਤੋਂ ਬਿਨਾਂ ਹੋਰ ਕਿਸੇ ਦੀ ਪ੍ਰਵਾਹ ਹੀ ਨਹੀਂ ਕਰਦੇ। ਉਹ ਆਪਣੇ ਪ੍ਰਭੂ ਦੇ ਪਿਆਰ ਵਿਚ ਸਦਾ ਪ੍ਰਮ ਉਚਤਾ ਮਹਿਸੂਸ ਕਰਦੇ ਹਨ ਜਿਵੇਂ ਕਿ ਫੁਰਮਾਨ ਆਇਆ ਹੈ-

*ਸੰਤਨ ਅਵਰ ਨ ਕਾਹੂ ਜਾਨੀ॥*
*ਬੇਪਰਵਾਹ ਸਦਾ ਰੰਗਿ ਹਰਿ ਕੈ*
*ਜਾ ਕੋ ਪਾਖੁ ਸੁਆਮੀ॥*
*ਊਚ ਸਮਾਨਾ ਠਾਕੁਰ ਤੇਰੋ*
*ਅਵਰ ਨ ਕਾਹੂ ਤਾਨੀ॥*

*ਐਸੋ ਅਮਰੁ ਮਿਲਿਓ ਭਗਤਨ ਕਉ*
*ਰਾਚਿ ਰਹੇ ਰੰਗਿ ਗਿਆਨੀ॥ ਅੰਗ - 711*

ਐਸੀ ਹਕੂਮਤ ਹੈ ਭਗਤ ਜਨਾਂ ਦੀ ਕਿ ਜਿਸ ਦੇ ਅੱਗੇ ਸਵਰਗ ਲੋਕਾਂ ਦੇ ਦੇਵਤੇ ਵੀ ਝੁਕਦੇ ਹਨ ਅਤੇ ਸੰਤਾਂ ਦੇ ਦਰਸ਼ਨ ਕਰਨ ਲਈ ਉਨ੍ਹਾਂ ਨੂੰ ਖੋਜਦੇ ਫਿਰਦੇ ਹਨ ਜਿਵੇਂ ਕਿ ਫੁਰਮਾਨ ਹੈ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਅੰਗ - ੨੭੩*

ਭਗਤ ਭਗਵਾਨ ਦੇ ਨਾਲ ਇਕਮਿਕ ਹੋਇਆ ਹੁੰਦਾ ਹੈ। ਵਾਹਿਗੁਰੂ ਜੀ ਦੀ ਸਾਰੀ ਸ੍ਰਿਸ਼ਟੀ ਵਿਚ ਕੋਈ ਵੀ ਨਹੀਂ ਜੋ ਉਨ੍ਹਾਂ ਦੀ ਬਰਾਬਰੀ ਕਰ ਸਕਦਾ ਹੋਵੇ। ਮੂਰਖ ਲੋਕ ਸੰਤਾਂ ਨੂੰ ਮਾਮੂਲੀ ਬੰਦਾ ਸਮਝ ਕੇ ਉਨ੍ਹਾਂ ਤੋਂ ਆਪਣਾ ਸਤਿਕਾਰ ਭਾਲਦੇ ਹਨ। ਇਹ ਤਾਂ ਸੰਤਾਂ ਦੀ ਮੌਜ ਹੈ, ਉਹ ਜਦੋਂ ਮੌਜ ਦੇ ਘਰ ਵਿਚ ਆਉਂਦੇ ਹਨ ਤਾਂ ਛੋਟੇ ਤੋਂ ਛੋਟੇ ਦਾ ਵੀ ਸਤਿਕਾਰ ਕਰਦੇ ਹਨ ਪਰ ਅਭਿਮਾਨੀ ਪੁਰਸ਼ ਨੂੰ ਆਪਣੀ ਨਿਗ੍ਹਾ ਥੱਲੇ ਨਹੀਂ ਲਿਆਉਂਦੇ। ਜਿਸ ਤਰ੍ਹਾਂ ਕਿ ਫੁਰਮਾਨ ਹੈ–

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*
*ਅੰਗ - ੧੮੬*

ਉਹ ਸਦਾ ਹੀ ਨਿਰਭਉ ਹੋਏ ਹੋਏ ਵਾਹਿਗੁਰੂ ਦੇ ਪਿਆਰ ਵਿਚ ਲੀਨ ਰਹਿੰਦੇ ਹਨ –

*ਰੋਗ ਸੋਗ ਦੂਖ ਜਰਾ ਮਰਾ*
*ਹਰਿ ਜਨਹਿ ਨਹੀ ਨਿਕਟਾਨੀ॥*
*ਨਿਰਭਉ ਹੋਇ ਰਹੇ ਲਿਵ ਏਕੈ*
*ਨਾਨਕ ਹਰਿ ਮਨੁ ਮਾਨੀ॥ ਅੰਗ - 711*

ਸੱਚੀ ਪਾਤਸ਼ਾਹੀ ਵਾਹਿਗੁਰੂ ਜੀ ਨੇ ਭਗਤਾਂ ਨੂੰ ਦਿਤੀ ਹੈ। ਉਨ੍ਹਾਂ ਦਾ ਹੁਕਮ ਐਨਾ ਸ਼ਕਤੀਸ਼ਾਲ ਹੁੰਦਾ ਹੈ ਕਿ ਵਾਹਿਗੁਰੂ ਜੀ ਵਲੋਂ ਕੀਤੀ ਹੋਈ ਨੂੰ ਰੱਦ ਕਰਕੇ ਆਪਣੀ ਮਰਜ਼ੀ ਨਾਲ ਬਦਲ ਦਿਆ ਕਰਦੇ ਹਨ ਅਤੇ ਵਾਹਿਗੁਰੂ ਜੀ ਨੂੰ ਮੰਨਣਾ ਹੀ ਪੈਂਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ –

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਅੰਗ - ੧੨੫੨*

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ*
*ਜਿਨ ਪ੍ਰਭ ਕੇ ਚਰਣ ਪਰਾਤੇ।।*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥*
*ਭਗਤਾ ਬਣਿ ਆਈ ਪ੍ਰਭ ਅਪਨੇ ਸਿਉ*
*ਜਲਿ ਥਲਿ ਮਹੀਅਲਿ ਸੋਈ॥*
*ਅੰਗ - ੭੪੮*

ਉਨ੍ਹਾਂ ਦੀ ਸੰਗਤ ਕਰਕੇ ਵੱਡੇ-ਵੱਡੇ ਮਹਾਂ ਪਾਪੀ ਭਵਜਲ ਤੋਂ ਪਾਰ ਹੋ ਜਾਂਦੇ ਹਨ।

ਜਦੋਂ ਆਪ ਢੱਕੀ ਵਿਚ ਤਪਸਿਆ ਕਰ ਰਹੇ ਸਨ ਉਸ ਵੇਲੇ ਦੀ ਘਟਨਾ ਹੈ। ਢੱਕੀ ਦੀ ਤਪੋ ਭੂਮੀ ਵਿਚ ਕਈ ਸੱਪ ਆ ਜਾਇਆ ਕਰਦੇ ਸਨ। ਇਕ ਦੋ ਸੱਪ ਤਾਂ ਨੱਚਣ ਲਗ ਜਾਂਦੇ ਸਨ, ਪਰ ਜਦੋਂ ਸਿੰਘਾਂ ਨੇ ਟਾਰਚ ਮਾਰ ਕੇ ਦੇਖਣਾ ਤਾਂ ਪਤਾ ਨਾ ਲਗਣਾ ਕਿ ਕਿੱਧਰ ਨੂੰ ਚਲੇ ਗਏ। ਸੰਤ ਮਹਾਰਾਜ ਜੀ ਨੂੰ ਇਹ ਗੱਲ ਦੱਸੀ ਗਈ ਤਾਂ ਆਪ ਨੇ ਕਿਹਾ ਕਿ ਪਿਆਰਿਓ! ਨਾਮ ਜਪਣ ਵਾਲੇ ਦੇ ਅੰਦਰੋਂ ਐਸੀਆਂ ਲਹਿਰਾਂ ਉਠਦੀਆਂ ਹਨ ਜਿਹੜੀਆਂ ਜੀਵ ਜੰਤੂਆਂ, ਪਸ਼ੂਆਂ, ਪੰਛੀਆਂ ਅੰਦਰ ਸ਼ਾਂਤੀ ਪ੍ਰਦਾਨ ਕਰ ਦਿੰਦੀਆਂ ਹਨ। ਸੱਪ ਹਮੇਸ਼ਾ ਬਿੱਖ ਦੇ ਸੇਕ ਨਾਲ ਦੁਖੀ ਹੁੰਦਾ ਰਹਿੰਦਾ ਹੈ। ਪਰ ਤੁਸੀਂ ਇਥੇ ਨਾਮ ਜਪਦੇ ਹੋਂ, ਨਾਮ ਜਪਣ ਨਾਲ ਇਸ ਧਰਤੀ ਦਾ ਕਣ-ਕਣ ਪਵਿੱਤਰ ਹੋ ਗਿਆ ਹੈ। ਜਦੋਂ ਚਰਣ ਧੂੜੀ ਸੱਪਾਂ ਦੇ ਸਰੀਰ ਨਾਲ ਲਗਦੀ ਹੈ, ਇਹ ਵੀ ਸ਼ਾਂਤ ਹੋ ਜਾਂਦੇ ਹਨ। ਇਹ ਸੁੱਖ ਵਿਚ ਆਏ ਹੋਏ ਨੱਚਣ ਲਗ ਜਾਂਦੇ ਹਨ। ਤੁਸੀਂ ਇਨ੍ਹਾਂ ਦਾ ਫਿਕਰ ਨਾ ਕਰੋ, ਇਹ ਤੁਹਾਨੂੰ ਕੁਝ ਨਹੀਂ ਕਹਿਣਗੇ। ਇਸ ਤਰ੍ਹਾਂ ਇਕ ਵਾਰ ਇਕ ਸੇਵਾਦਾਰ ਨੇ ਕਿਹਾ ਕਿ ਹਰ ਰੋਜ਼ ਇਕ ਵਜੇ ਮੈਂ ਦੇਖਦਾ ਹਾਂ ਕਿ ਇਕ ਕਾਲਾ ਨਾਗ ਫਰਾਟੇ ਮਾਰਦਾ ਤੁਰਿਆ ਆਉਂਦਾ ਹੈ। ਜਦੋਂ ਆਪ ਸਮਾਧੀ ਸਥਿਤ ਹੁੰਦੇ ਹੋ, ਉਥੇ ਆ ਕੇ ਕੁਟੀਆ ਦੇ ਦਰਵਾਜ਼ੇ ਅੱਗੇ ਫਣ ਖਲਾਰ ਕੇ ਖੜ੍ਹਾ ਰਹਿੰਦਾ ਹੈ। ਸਾਨੂੰ ਸੰਦੇਹ ਹੈ ਕਿ ਕਿਤੇ ਕੁਟੀਆ 'ਚ ਹੇਠਾਂ ਨਾ ਉਤਰ ਆਵੇ ਅਤੇ ਆਪ ਦੇ ਸਰੀਰ ਨੂੰ ਕੋਈ ਨੁਕਸਾਨ ਨਾ ਪਹੁੰਚਾਵੇ। ਹੰਕਾਰਿਆ ਹੋਇਆ ਸੱਪ ਹੈ, ਹੁਕਮ ਹੋਵੇ ਤਾਂ ਇਸ ਨੂੰ ਪਾਰ ਬੁਲਾ ਦੇਈਏ। ਉਸ ਵੇਲੇ ਸੰਤ ਮਹਾਰਾਜ ਜੀ ਨੇ ਅਗੰਮ ਵਾਚਿਆ ਅਤੇ ਕਿਹਾ ਕਿ ਨਹੀਂ ਇਸ ਨੂੰ ਕੁਝ ਨਹੀਂ ਕਹਿਣਾ, ਇਹ ਬਹੁਤ ਹੀ ਭਟਕੀ ਹੋਈ ਰੂਹ ਹੈ। ਇਸ ਦੀ ਕਲਿਆਣ ਦਾ ਸਮਾਂ ਹੁਣ ਪਹੁੰਚ ਚੁਕਿਆ ਹੈ, ਥੋੜ੍ਹੇ ਦਿਨਾਂ ਬਾਦ ਇਹ ਸਰੀਰ ਛੱਡ ਜਾਵੇਗਾ। ਉਸ ਵੇਲੇ ਭਾਈ ਨਾਹਰ ਸਿੰਘ ਜੀ ਮੁਖ ਗੜਵਈ ਸਨ। ਉਹ ਬਹੁਤ ਹੀ ਸੁਲਝੇ ਹੋਏ ਗੁਰਸਿੱਖ ਸਨ। ਉਨ੍ਹਾਂ ਦਾ ਗੋਰਾ ਰੰਗ ਸੀ, ਖਿੱਚ ਪਾਉਣ ਵਾਲੇ ਨੈਣ ਸਨ, ਬੋਲ ਅਤਿ ਦਾ ਮਿੱਠਾ ਸੀ। ਐਉਂ ਲਗਦਾ ਸੀ ਕਿ ਉਹ ਕੌੜਾ ਬੋਲਣ ਜਾਣਦੇ ਹੀ ਨਹੀਂ ਸਨ। ਨਾ ਕਿਸੇ ਨਾਲ ਗੁੱਸੇ ਹੁੰਦੇ ਸਨ। ਉਹ ਚੰਦਨ ਰੂਪ ਦੀ ਸੇਵਾ ਵਿਚ ਰਹਿ ਕੇ ਚੰਦਨ ਨਾਲ ਭਰ ਕੇ ਚੰਦਨ ਹੀ ਪ੍ਰਤੀਤ ਦਿੰਦੇ ਸਨ। ਬਹੁਤ ਹੀ ਸਰਲ ਸੁਭਾਅ ਸੀ, ਕਰਨੀ ਕਮਾਈ ਵਿਚ ਕੇਵਲ ਗੱਲਾਂਬਾਤਾਂ ਵਾਲੇ ਹੀ ਨਹੀਂ ਸਨ ਸਗੋਂ ਘਾਲ ਕਮਾਈ ਵਾਲੇ ਸਨ।

'ਚਲਦਾ........।'

# ਸਾਈ ਨਾਮੁ ਅਮੋਲੁ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-22)*

ਮਾਤਾ! ਆਹ ਜਿੰਨੇ ਪੰਖੇਰੂ ਬੋਲਦੇ ਨੇ ਆਹ ਤਾਂ ਸਾਰੇ ਨਾਮ ਜਪਦੇ ਨੇ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ- ੧੪੨੦*

ਦੁਨੀਆਂ ਦੀ ਕੋਈ ਆਵਾਜ਼ ਐਸੀ ਨਹੀਂ ਹੈ ਮਾਤਾ, ਜਿਹਦੇ ਵਿਚੋਂ ਮੈਨੂੰ ਨਾਮ ਦੀ ਧੁਨ ਨਾ ਸੁਣਦੀ ਹੋਵੇ, ਮੈਂ ਕਿਵੇਂ ਛੱਡ ਦੇਵਾਂ? ਮੇਰੇ ਤਾਂ ਆਲੇ-ਦੁਆਲੇ ਨਾਮ ਹੀ ਨਾਮ ਫੈਲ ਗਿਆ। ਮੇਰੇ ਸਾਰੇ ਸਰੀਰ ਦੇ ਵਿਚ ਨਾਮ ਫੈਲ ਗਿਆ -

*ਧਾਰਨਾ - ਰੋਮ-ਰੋਮ ਹਰਿ ਧਿਆਵੈ,*
*ਗੁਰਮੁਖ ਪਿਆਰੇ ਦਾ।*

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- ੯੪੧*

ਮਾਤਾ! ਕਿੱਥੋਂ ਛੱਡਾਂ, ਜਿਹੜੀ ਚੀਜ਼ ਅੰਦਰ ਸਮਾਅ ਗਈ, ਸਾਰੇ ਤਨ ਦੇ ਖੂਨ ਦੇ ਅੰਦਰ। ਦੋ ਖਰਬ ਪੰਦਰਾਂ ਅਰਬ ਸੈਲ ਨੇ, ਸਾਰੇ ਸੈਲਾਂ ਦੇ ਅੰਦਰ ਜਿਹੜੀ ਚੀਜ਼ ਸਮਾਅ ਗਈ, ਹੁਣ ਦਸ ਇਹਨੂੰ ਕੋਈ ਛੱਡਣ ਦਾ ਤਰੀਕਾ ਹੈ -

*ਧਾਰਨਾ - ਛੋਡਿਆ ਨਾ ਜਾਇ ਜੀ,*
*ਸਹਿਜ ਸਮਾਨਾ ਭੀਤਰੇ।*
*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥*
*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ਰਹਾਉ ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ ੩॥*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥ ੪ ॥ ੩ ॥ ੩੩ ॥ ਅੰਗ- ੮੦੯*

ਮਾਤਾ! ਐਨੀ ਸੁਖਾਲੀ ਗੱਲ ਜੇ ਹੁੰਦੀ ਤਾਂ ਮੈਂ ਸ਼ਾਇਦ ਤੇਰੀ ਗੱਲ ਮੰਨ ਲੈਂਦਾ। ਉਹ ਸਮੇਂ ਲੰਘ ਗਏ ਜਿਸ ਵਕਤ ਮੇਰਾ ਮਨ ਨਹੀਂ ਸੀ ਲੱਗਿਆ ਕਰਦਾ। ਉਹ ਛੱਡਿਆ ਹੋਇਆ ਹੀ ਸੀ, ਸਾਰਾ ਸੰਸਾਰ ਛੱਡੀ ਫਿਰਦੈ। ਕਿਹੜਾ ਹੈ ਜਿਹਦੇ ਅੰਦਰ ਪ੍ਰਮੇਸ਼ਰ ਦਾ ਨਾਮ ਵਸਿਆ ਹੋਇਆ ਹੈ? ਇਥੇ ਤਾਂ ਰੋਮ-ਰੋਮ ਵਿਚ ਵਸਿਆ ਹੋਇਐ। ਸਾਢੇ ਤਿੰਨ ਕਰੋੜ ਰੋਮ ਨੇ। 2 ਖਰਬ 15 ਅਰਬ ਸੈਲ ਲੱਗਿਆ ਹੋਇਐ, ਕੋਈ ਸੈੱਲ ਨਹੀਂ ਜਿਹੜਾ ਨਾਮ ਤੋਂ ਖਾਲੀ ਹੋਵੇ। ਇਹ ਤਾਂ ਰੰਗ ਚੜ੍ਹ ਗਿਆ ਸਰੀਰ ਨੂੰ। ਦਸ ਹੁਣ ਕਿਵੇਂ ਉਤਰੇ?

*ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ*
*ਜਿਉ ਰੰਗੁ ਮਜੀਠ ਬਹੁ ਲਾਗਾ ॥*
*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥ ੩ ॥ ਅੰਗ - ੯੮੫*

ਹੁਣ ਤਾਂ ਚਾਹੇ ਟੁਕੜੇ-ਟੁਕੜੇ ਕਰ ਦੇਵੇ। ਇਕ-ਇਕ ਰੋਮ ਅੱਡ ਕਰ ਦੇਵੇ, ਇਕ-ਇਕ ਸੈੱਲ ਅੱਡ ਕਰ ਦੇਵੇ। ਇਕੱਲੇ-ਇਕੱਲੇ ਸੈੱਲ ਦੇ ਵਿਚੋਂ ਆਵਾਜ਼ ਆਏਗੀ, ਰਾਮ...ਰਾਮ...ਰਾਮ। ਦਸ ਕਿਵੇਂ ਛੱਡਾਂ? ਹੁਣ ਤਾਂ ਮੈਂ ਸੁਣਦਾਂ, ਹੁਣ ਤਾਂ ਮੈਂ ਅੱਖਾਂ ਨਾਲ ਦੇਖਦਾਂ। ਰਾਮ ਨਹੀਂ ਛੱਡ ਹੁੰਦਾ। ਇਹ ਕਿਉਂਕਿ ਸਮਾਅ ਗਿਆ ਅੰਦਰ। ਸੋ ਇਸ ਤਰ੍ਹਾਂ ਦੇ ਨਾਲ 'ਨਾਮ' ਜੀਵਨ ਹੈ ਮਹਾਰਾਜ ਕਹਿੰਦੇ, ਜਿਹਦੇ ਅੰਦਰ ਨਾਮ ਦੀ ਰੌ ਨਹੀਂ ਚਲਦੀ ਉਹ ਤਾਂ ਮਰੇ ਹੋਏ ਬੰਦੇ ਨੇ।

ਬੈਟਰੀ ਹੁੰਦੀ ਹੈ ਦੁਕਾਨ 'ਤੇ ਪਈ। ਲੈਣ ਜਾਂਦੇ ਹਾਂ ਅਸੀਂ। ਅਸੀਂ ਕਹਿੰਦੇ ਹਾਂ ਕਿ ਰੱਖ ਦੇ ਸਾਡੀ ਗੱਡੀ ਦੇ ਅੰਦਰ। ਕਹਿੰਦੇ, ਇਹਨੇ ਤਾਂ ਕੰਮ ਨਹੀਂ ਕਰਨਾ ਜੀ। 24 ਘੰਟੇ ਚਾਰਜ 'ਤੇ ਲਾਉਣੀ ਪਵੇਗੀ, ਫੇਰ ਚਾਰਜ ਹੋਏਗੀ। ਕਿਉਂਕਿ ਚਾਰਜ ਨਹੀਂ ਹੋਏ-ਹੋਏ ਸਾਡੇ ਜੀਵਨ। ਮੁਰਦਾ ਜੀਵਨ, ਮੁਰਦਾਨ ਲਈ ਫਿਰਦੇ ਹਾਂ ਅਸੀਂ। ਦੁਖੀ ਹੋ ਰਹੇ ਹਾਂ, ਆਪ ਵੀ ਦੁਖੀ ਸੰਸਾਰ ਵੀ ਦੁਖੀ। ਜੇ ਨਾਮ ਦੀ ਰੌ ਚਲਦੀ ਹੋਵੇ। ਇਕ ਹੱਥ ਰੱਖ ਦੇਵੇ।

ਬੀਬੀ ਜੀ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਆਰਾਮ ਨਾਲ ਬੈਠੇ ਨੇ। ਚਾਚੀ ਆਈ ਉਹਨਾਂ ਦੀ। ਕਹਿੰਦੀ, ਹੀਰਾ ਸਿੰਘਾ! ਬੇਟਾ! ਜਿਹੜਾ ਤੇਰੇ ਕੋਲ ਆਉਂਦੈ, ਅਸੀਂ ਦੇਖਦੇ ਹਾਂ, ਆਉਂਦਾ ਤਾਂ ਖਾਲੀ-ਖਾਲੀ ਹੈ। ਬਿਟਰਿਆ ਜਿਹਾ ਆਉਂਦੈ, ਹੋਰ ਹੀ ਤਰ੍ਹਾਂ ਆਉਂਦੈ। ਪਰ ਜਦੋਂ ਇਥੋਂ ਜਾਂਦੈ। ਕਿਹੜੀ ਤੂੰ ਖੁਮਾਰੀ ਚਾੜ੍ਹ ਦਿੰਦੈ ਉਸ ਨੂੰ ਕਿ ਉਹਦਾ ਪੈਰ ਨਹੀਂ ਧਰਤੀ 'ਤੇ ਲਗਦਾ। ਉਹ ਤਾਂ ਇਸ ਤਰ੍ਹਾਂ ਜਾਂਦੈ, ਜਿਵੇਂ ਨਸ਼ਾ ਪੀ ਲਿਆ ਹੁੰਦੈ। ਕੋਈ ਹੈ ਤੇਰੇ ਕੋਲ ਐਸਾ ਨੁਸਖਾ? ਕਿੱਥੇ ਛੁਪਾ ਕੇ ਰਖਿਐ? ਤੇ ਮੈਂ ਤੇਰੀ ਚਾਚੀ ਲਗਦੀ ਹਾਂ, ਮੈਨੂੰ ਤਾਂ ਦਿਖਾ ਦੇ ਉਹ ਨਸ਼ਾ ਕਿਹੋ ਜਿਹਾ ਹੈ?

ਸਹਿਜ ਸੁਭਾਅ ਬੈਠੇ ਸੀ। ਕਹਿੰਦੇ, ਲੈ ਚਾਚੀ!

ਅੰਦਰ ਸੁਣ? ਕੀ ਸੁਣਦੈ? ਨਾਮ ਧੁਨ ਸੁਣਨ ਲਗ ਗਈ। ਸਹੀ ਨਹੀਂ ਜਾਂਦੀ। ਚੀਕਾਂ ਮਾਰਨ ਲਗ ਗਈ, ਲਿਟਣ ਲਗ ਗਈ। ਲਿਟਦੀ-ਲਿਟਦੀ ਦਰਵਾਜ਼ੇ ਤਕ ਆ ਗਈ। ਚੁਬਾਰਾ ਖੁਲ੍ਹਾ ਸੀ, ਮੁੜ ਕੇ ਫੇਰ ਚਲੀ ਗਈ। ਫੇਰ ਇਕ ਚੱਕਰ ਖਾਧਾ। ਸਹਿ ਨਹੀਂ ਹੋ ਰਿਹਾ ਉਸ ਤੋਂ। ਐਨਾ ਜ਼ਬਰਦਸਤ ਕਰੰਟ ਉਹਦੇ ਅੰਦਰ ਪੈਦਾ ਹੋ ਗਿਆ। ਕਿਉਂਕਿ ਨਾਮ ਐਨਰਜੀ ਹੈ, ਸੁਪਰ ਐਨਰਜੀ, ਜਿਹਨੇ ਸਾਰੇ ਸੰਸਾਰ ਨੂੰ ਧਾਰਨ ਕਰਕੇ ਰੱਖਿਆ ਹੋਇਐ।

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਸੁਪਰ ਐਨਰਜੀ ਹੈ, ਖੰਡ-ਬ੍ਰਹਿਮੰਡ ਜੋ ਕੁਛ ਨਜ਼ਰ ਆਉਂਦੈ ਹੈ, ਸਭ ਨਾਮ ਸ਼ਕਤੀ ਨੇ ਧਾਰਨ ਕਰਿਆ ਹੋਇਐ। ਓਹੀ ਨਾਮ ਸ਼ਕਤੀ ਸਾਡੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਨਾਮ ਕਰੰਟ ਖੁਲ੍ਹ ਗਈ ਅੰਦਰੋਂ। ਚਾਚੀ ਤੋਂ ਸਾਂਭੀ ਨਹੀਂ ਜਾਂਦੀ, ਲਿਟਦੀ ਫਿਰਦੀ ਹੈ। ਜਦੋਂ ਨੇੜੇ ਆਈ, ਬਾਪੂ ਜੀ ਨੇ ਹੱਥ ਰਖ ਦਿਤਾ ਸਿਰ 'ਤੇ। ਸਾਵਧਾਨ ਕਰ ਦਿਤਾ। ਕਹਿੰਦੇ, ਬਹਿ ਜਾ ਚੁੱਪ ਕਰਕੇ। ਬੈਠ ਗਈ ਤੇ ਆਪ ਬਾਹਰ ਜਾ ਰਹੇ ਨੇ। ਚਾਚੇ ਦੇ ਮੁੰਡੇ ਕਹਿਣ ਲੱਗੇ, ਬਾਈ! ਉਤੇ ਬੇਬੇ ਆਈ ਸੀ?

ਕਹਿੰਦੇ, ਹਾਂ ਭਾਈ! ਬੈਠੀ ਹੈ।

ਕਹਿੰਦੇ, ਉਹਨੂੰ ਥੱਲੇ ਭੇਜ ਦਿਓ, ਕੰਮ ਬਹੁਤ ਨੇ।

ਕਹਿੰਦੇ, ਹੁਣ ਤਾਂ ਨਹੀਂ ਉਹਨੇ ਹਾਲੇ ਥੱਲੇ ਆਉਣਾ। 24 ਘੰਟੇ ਲੰਘ ਜਾਣਗੇ, ਫੇਰ ਤਾਂ ਤੁਹਾਡੇ ਕੰਮ ਦੀ। ਜੇ ਤੁਸੀਂ ਵਿਚਾਲੇ ਉਹਨੂੰ ਛੇੜ ਦਿਤਾ ਤਾਂ ਮੈਂ ਜਿੰਮੇਵਾਰ ਨਹੀਂ। 24 ਘੰਟੇ ਲੰਘ ਗਏ ਉਥੇ ਬੈਠੀ ਨੂੰ। ਉਸ ਤੋਂ ਬਾਅਦ ਉਸ ਦੀ ਹੋਸ਼ ਪਰਤੀ। ਜਿਵੇਂ ਕੋਈ ਬਹੁਤ ਨਸ਼ਾ ਪੀ ਲਿਆ ਹੁੰਦੈ। ਨਸ਼ਾ ਚੜ੍ਹ ਗਿਆ। ਜਿਹੜਾ ਕਹਿੰਦੀ ਸੀ ਕਿ ਜਦੋਂ ਇਥੋਂ ਕੋਈ ਵਾਪਸ ਜਾਂਦੈ ਤਾਂ ਉਹਦਾ ਪੈਰ ਧਰਤੀ 'ਤੇ ਨਹੀਂ ਲਗਦਾ ਤੇ ਅੱਜ ਉਹਦਾ ਪੈਰ ਹੁਣ ਧਰਤੀ 'ਤੇ ਨਹੀਂ ਲਗਦਾ। ਚੱਲ ਨਹੀਂ ਸਕਦੀ ਸਹੀ ਤਰੀਕੇ ਨਾਲ। ਡਿਗ-ਡਿਗ ਪੈਂਦੀ ਹੈ ਕਦੇ ਇਧਰ ਨੂੰ, ਕਦੇ ਇਧਰ ਨੂੰ, ਕਿਉਂਕਿ ਖੁਮਾਰੀ ਚੜ੍ਹ ਗਈ। ਉਹ ਖੁਮਾਰੀ ਜਿਹੜੀ ਉਤਰਿਆ ਨਹੀਂ ਕਰਦੀ।

*ਧਾਰਨਾ - ਚੜ੍ਹੀ ਰਹੇ ਦਿਨ ਰਾਤ,*
*ਨਾਮ ਖੁਮਾਰੀ-ਨਾਮ ਖੁਮਾਰੀ।*

*ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।*
*(ਜਨਮ ਸਾਖੀ)*

ਖੁਮਾਰੀ ਚੜ੍ਹ ਗਈ। 24 ਘੰਟੇ ਲੰਘ ਗਏ, ਪੈਰ ਨਹੀਂ ਧਰਤੀ 'ਤੇ ਲਗਦਾ। ਘਰ ਆ ਗਈ। ਉਹ ਚਾਚੀ ਨਹੀਂ ਰਹੀ ਜਿਹੜੀ ਪਹਿਲਾਂ ਗੱਲਾਂ ਮਾਰਦੀ ਰਹਿੰਦੀ ਸੀ ਹਰੇਕ ਦੇ ਨਾਲ। ਚੁੱਪ ਹੋ ਗਈ, ਜ਼ੁਬਾਨ ਦੇ ਉਤੇ ਤਾਲਾ ਲਗ ਗਿਆ। ਹੁੰਦਾ ਕੀ ਹੈ ਹੁਣ? ਅੰਦਰ ਵਾਹਿਗੁਰੂ-ਵਾਹਿਗੁਰੂ ਹਰ ਵਕਤ ਉੱਭਲ ਲਗ ਗਈ। ਕਿਉਂਕਿ ਨਾਮ ਅੰਦਰ ਪ੍ਰਗਟ ਹੋ ਗਿਆ। ਸਾਰੀਆਂ ਚੀਜ਼ਾਂ ਤੋਂ ਜਿਹੜੀ ਸੁਪਰੀਮ ਚੀਜ਼ ਹੈ, ਜਿਹਦਾ ਸੰਸਾਰ ਨੇ ਅੱਜ ਤਕ ਮੁੱਲ ਨਹੀਂ ਪਾਇਆ। ਨਾ ਕਿਸੇ ਪੀਰ ਨੇ, ਨਾ ਕਿਸੇ ਪੈਗੰਬਰ ਨੇ, ਨਾ ਕਿਸੇ ਰਿਸ਼ੀ ਨੇ, ਨਾ ਕਿਸੇ ਮੁਨੀ ਨੇ, ਨਾ ਕਿਸੇ ਹੋਰ ਨੇ। ਕੋਈ ਸੰਸਾਰ ਦੇ ਅੰਦਰ ਨਹੀਂ ਆਇਆ ਜਿਹਨੇ ਨਾਮ ਦਾ ਮੁੱਲ ਪਾਇਆ ਹੋਵੇ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- ੮੧*

ਨਾਮ ਦਾ ਮੁੱਲ ਨਹੀਂ ਪਿਆ। ਐਨੀ ਕੀਮਤੀ ਚੀਜ਼ ਜਿਹੜੀਆਂ ਸੰਸਾਰ ਦੀਆਂ ਬਹੁਤ ਕੀਮਤੀ ਚੀਜ਼ਾਂ ਨੇ ਮਹਾਰਾਜ ਨੇ ਇਕ ਸ਼ਬਦ ਦੇ ਅੰਦਰ ਗਿਣੀਆਂ ਨੇ। ਉਹਦੇ ਵਿਚ ਉਹ ਚੀਜ਼ਾਂ ਨੇ ਜਿਹੜੀਆਂ ਆਦਮੀ ਕੋਲ ਹੋ ਨਹੀਂ ਸਕਦੀਆਂ। ਚਾਰ ਚੀਜ਼ਾਂ, ਪਹਿਲੀ ਤਾਂ ਹੈ ਕਿ ਮੰਦਰ ਐਨੇ ਸੁੰਦਰ ਬਣੇ ਹੋਏ ਨੇ ਘਰ -

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਅੰਗ - ੧੩*

ਬੜੀ ਵੱਡੀ ਪ੍ਰਾਪਤੀ ਹੈ ਮੋਤੀਆਂ ਦੀ। ਦੂਸਰਾ ਭੋਗਾਂ ਦੀ ਦੁਨੀਆਂ ਦੇ ਵਿਚ ਮਹਾਰਾਜ ਕਹਿੰਦੇ -

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਅੰਗ- ੧੪*

ਤੀਸਰਾ ਜੋ ਸ਼ਕਤੀਆਂ ਦਾ ਮੰਡਲ ਹੈ, ਜਿੱਥੇ ਮਾਇਆ ਦੀ ਆਖਰੀ ਹੱਦ ਹੈ ਉਥੇ ਪਹਿਰੇਦਾਰਨੀਆਂ ਖੜ੍ਹੀਆਂ ਨੇ। ਇਹਨਾਂ ਦਾ ਕੰਮ ਕੀ ਹੈ? ਇਹ ਦੁਨੀਆਂ ਨੂੰ ਤਾਂ ਕੁਛ ਕਹਿੰਦੀਆਂ ਨਹੀਂ। ਪਰ ਇਹ ਸੰਤਾਂ ਦੇ ਨਾਲ ਐਡਾ ਜ਼ਬਰਦਸਤ ਯੁੱਧ ਕਰਦੀਆਂ ਨੇ। ਜੂਝਦੇ ਨੇ ਇਥੇ ਆ ਕੇ ਸੰਤ। ਜੇ ਤਾਂ ਲੰਘ ਗਿਆ ਤਾਂ, ਤਾਂ ਸੰਤ ਜੇ ਗਿਰ ਗਿਆ ਤਾਂ ਕੁਛ ਵੀ ਨਹੀਂ। ਖਜੂਰ ਦੀ ਚੜ੍ਹਾਈ ਹੈ, ਉਥੋਂ ਸੁਟਦੀਆਂ ਨੇ ਸਿਰੇ ਤੋਂ ਧੱਕਾ ਦੇ-ਦੇ ਕੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ, ਰਾੜਾ ਸਾਹਿਬ) ਕਹਿੰਦੇ, ਜਦੋਂ ਸਾਡੇ ਕੋਲ ਆਈਆਂ। ਅਵਾਜ਼ਾਂ ਆਈਆਂ ਪਹਿਲਾਂ। ਅਸੀਂ ਐਨੇ ਵੈਰਾਗ ਦੇ ਵਿਚ ਸੀਗੇ ਕਿ ਅਸੀਂ ਸੁਣੀਆਂ ਹੀ ਨਹੀਂ। ਕੋਈ ਕਹਿੰਦੀ ਹੈ ਕਿ ਮੈਂ ਦਸ ਹਜ਼ਾਰ ਮੀਲ 'ਤੇ ਦਿਖਾ ਦੇਵਾਂਗੀ ਕਿ

ਕੀ ਹੋ ਰਿਹਾ? ਕੋਈ ਕਹਿੰਦੀ, ਦੁਨੀਆਂ ਦੇ ਕਿਸੇ ਬੰਦੇ ਦਾ ਨਾਉਂ ਲੈ ਲਈਂ, ਮੈਂ ਲਿਆ ਕੇ ਤੇਰੇ ਚਰਨਾਂ 'ਤੇ ਹਾਜ਼ਰ ਕਰ ਦੂੰ। ਕੋਈ ਕਹਿੰਦੀ, ਜਿੰਨਾਂ ਧਨ ਕਹੇਂਗਾ, ਓਸੇ ਵੇਲੇ ਤੇਰੇ ਕੋਲ ਹਾਜ਼ਰ ਹੋ ਜਾਏਗਾ। ਅਸੀਂ ਕਿਹਾ ਕਿ ਅਸੀਂ ਲੈਣਾ ਕੀ ਹੈ? ਸਾਡੇ ਮਹਾਂਪੁਰਸ਼ ਪੂਰੇ ਸੀ, ਦਸ ਦਿਤਾ ਸੀ ਕਿ ਬੜਾ ਭਾਰੀ ਸੰਘਰਸ਼ ਕਰਨਾ ਪੈਣੈ, ਜੇ ਤਾਂ ਲੰਘ ਗਿਆ ਤਾਂ, ਤਾਂ ਕਾਲ ਚੱਕਰ ਰਹਿ ਗਿਆ ਪਿੱਛੇ। ਅਕਾਲ ਦੇ ਮੰਡਲ 'ਚ ਦਾਖਲ ਹੋ ਗਿਆ। ਉਥੇ ਫੇਰ ਇਹ ਦਾਸੀਆਂ ਬਣ ਕੇ ਸੇਵਾ ਕਰਦੀਆਂ ਨੇ। ਪਰ ਮਹਾਂਪੁਰਸ਼ ਸੇਵਾ ਕਰਾਉਂਦੇ ਨਹੀਂ ਕਿਉਂਕਿ ਕੁਟਲ ਨੇ ਇਹਨਾਂ ਦਾ ਕੋਈ ਪਤਾ ਨਹੀਂ ਕਦੋਂ ਧੋਖਾ ਦੇ ਦੇਣਗੇ। ਕਹਿੰਦੇ, ਜਦੋਂ ਅਸੀਂ ਅਕਾਲ ਮੰਡਲ 'ਚ ਦਾਖਲ ਹੋਏ। ਉਥੇ ਕੀ ਹੁੰਦੈ? ਉਥੇ ਆਪਣਾ ਆਪ ਹੀ ਜਾਂਦਾ ਰਹਿੰਦੈ। ਲੀਨ ਹੋ ਜਾਂਦੈ, ਜਿਵੇਂ ਸਮੁੰਦਰ ਦੇ ਵਿਚ ਜਾ ਕੇ 20-25 ਕੁਇੰਟਲ ਦੀ ਕੋਈ ਨਮਕ ਦੀ ਬੋਰੀ ਹੋਵੇ। ਉਹ ਰਹਿੰਦੀ ਨਹੀਂ ਹੈ ਉਹ ਵਿਚੇ ਹੀ ਮਿਲ ਜਾਂਦੀ ਹੈ। ਪਾਣੀ ਦਾ ਰੂਪ ਹੋ ਜਾਂਦੀ ਹੈ। ਉਥੇ ਫੇਰ ਇਹ ਰੋ-ਰੋ ਕੇ ਮਿੰਨਤਾਂ ਕਰਦੀਆਂ ਨੇ ਕਿ ਮੇਰੇ ਤੋਂ ਕੰਮ ਲੈ ਲਓ, ਮੇਰਾ ਵੀ ਜੀਵਨ ਸਫ਼ਲ ਹੋ ਜਾਵੇ। ਉਹ ਆਖਰੀ ਹੱਦ ਹੈ। ਮਹਾਰਾਜ ਕਹਿੰਦੇ, ਓਸ ਹੱਦ 'ਤੇ ਪਹੁੰਚਿਆ ਹੋਇਆ ਆਦਮੀ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*

*ਅੰਗ - ੧੪*

ਬੜਾ ਸਤਿਕਾਰ ਹੈ ਦੁਨੀਆਂ ਦੇ ਅੰਦਰ। 18 ਸਿੱਧੀਆਂ ਖੜ੍ਹੀਆਂ ਹੁੰਦੀਐ, ਇਕ ਨਾਲ ਲੜਾਈ ਨੀਂ। ਨੌਂ ਨਿਧੀਆਂ, 18 ਸਿੱਧੀਆਂ ਨਾਲ ਲੜਾਈ ਹੁੰਦੀ ਹੈ ਗੁਰਮੁਖ ਦੀ। ਜੇ ਤਾਂ ਲੰਘ ਗਿਆ ਤਾਂ ਲੰਘ ਗਿਆ। ਜੇ ਸੁੱਟ ਲਿਆ ਇਹਨਾਂ ਨੇ ਫੇਰ ਭੀੜਾਂ ਤਾਂ ਬੇਅੰਤ ਨੇ। ਬੜੀ ਦੁਨੀਆਂ ਆਉਂਦੀ ਹੈ, ਕੋਈ ਹਿਸਾਬ-ਕਿਤਾਬ ਤੋਂ ਬਾਹਰਲੀਆਂ ਗੱਲਾਂ ਨੇ। ਅਖਬਾਰਾਂ ਵਿਚ ਚਰਚੇ ਚਲਦੇ ਨੇ। ਟੈਲੀਵੀਜ਼ਨਾਂ 'ਤੇ ਦਿਖਾਉਂਦੇ ਨੇ ਕਿ ਆਹ ਸੰਤ ਨੇ। ਦੇਖੋ, ਇਹਨਾਂ ਕੋਲ ਕਿੰਨੀਆਂ ਸ਼ਕਤੀਆਂ ਨੇ। ਕਿਸੇ ਕੋਲ ਇਕ ਹੋਣਗੀਆਂ, ਕਿਸੇ ਕੋਲ ਦੋ ਹੋਣਗੀਆਂ। ਮਹਾਰਾਜ ਕਹਿੰਦੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*

*ਅੰਗ- ੬੪੯*

ਲੇਕਿਨ ਉਹ ਨਾਮ ਮੰਡਲ 'ਤੇ ਪਹੁੰਚਣ ਤੋਂ ਪਹਿਲਾਂ, ਇਹ ਟੈਸਟ ਲੈਂਦੀਆਂ ਨੇ, ਜ਼ਬਰਦਸਤ ਟੈਸਟ ਲੈਂਦੀਆਂ ਨੇ। ਕਾਲ ਮੰਡਲ ਨੂੰ ਲੰਘਣਾ ਕੋਈ ਖੇਡ ਨਹੀਂ ਹੈ, ਸਾਧਸੰਗਤ ਜੀ। ਇਹ ਤਾਂ ਓਹੀ ਲੰਘਦੈ ਜਿਹਨੇ ਸੀਸ ਤਲੀ 'ਤੇ ਰੱਖ ਲਿਆ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- ੧੪੧੨*

ਆਹ ਨਹੀਂ ਕਿ ਐਵੇਂ ਸਿਰ ਧਰ ਕੇ ਲੋਕਾਂ ਨਾਲ ਲੜੀ ਜਾਓ। ਲੜਾਈ ਤਾਂ ਅੰਦਰ ਐਨੀ ਜ਼ਬਰਦਸਤ ਹੈ ਮਹਾਰਾਜ ਕਹਿੰਦੇ, ਪਹਿਲਾਂ ਤੂੰ ਮਰਨਾ ਕਬੂਲ, ਤਾਂ ਤੂੰ ਉਥੇ ਕਾਮਯਾਬ ਹੋਏਂਗਾ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ- ੧੧੦੨*

ਉਥੇ ਤਾਂ -

*ਪੁਰਜਾ ਪੁਰਜਾ ਕਟ ਮਰੈ*
*ਕਬਹੂੰ ਨਾ ਛਾਡੈ ਖੇਤ।*

ਉਥੇ ਪਿਛੇ ਨਾ ਹਟੇ। ਪੈਰ ਨਾ ਦੇਵੇ। ਕਿਉਂਕਿ ਸਾਰੀ ਜ਼ਿੰਦਗੀ ਦੀ ਕਮਾਈ ਉਥੇ ਖਤਮ ਹੋ ਜਾਣੀ ਹੈ। ਭੌਰਾ ਕੁ ਗਫ਼ਲਤ ਨਾਲ। ਇਹ ਅਠਾਰ੍ਹਾਂ ਸਿੱਧੀਆਂ ਉਥੇ ਬੇਨਤੀਆਂ ਕਰਦੀਆਂ ਨੇ। ਰੋਕਦੀਆਂ ਨੇ ਜਗਿਆਸੂ ਨੂੰ। ਮਹਾਰਾਜ ਕਹਿੰਦੇ, ਫੇਰ ਰਾਜਸੀ ਸ਼ਕਤੀ ਐਨੀ ਹੋਵੇ -

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਅੰਗ- ੧੪*

ਪਿਆਰਿਆ! ਇਹ ਚੀਜ਼ਾਂ ਜਿਹੜੀਆਂ ਨੇ ਇਹ ਆਖਰੀ ਮੰਜ਼ਿਲ 'ਤੇ ਆ ਕੇ ਤੈਨੂੰ ਸੁੱਟਣਗੀਆਂ ਥੱਲੇ। ਦੇਖ ਨੀਵਾਂ ਨਾ ਹੋ ਜਾਈਂ। ਐਸਾ ਨਾ ਹੋਵੇ ਕਿਤੇ ਤੂੰ ਨਾਮ ਨੂੰ ਭੁੱਲ ਜਾਵੇਂ। ਸੋ ਉਸ ਵੇਲੇ ਐਸਾ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ। ਪੜ੍ਹੋ ਪਿਆਰ ਨਾਲ ਸਾਰੇ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾਂ ਮੇਰਿਆ,*
*ਮੋਤੀਆਂ ਦੇ ਮੰਦਰ ਵੇਖ ਕੇ।*

ਮਹਾਰਾਜ ਕਹਿੰਦੇ, ਕਿਤੇ ਦੇਖੀਂ, ਨਾਮ ਨੂੰ ਨਾ ਭੁੱਲ ਜਾਈਂ। ਕਿਉਂਕਿ ਨਾਮ ਨੂੰ ਭੁੱਲ ਗਿਆ ਤਾਂ ਤੇਰਾ ਜਿਊੜਾ ਜਲ ਜਾਣੈ। ਤੇਰੀਆਂ ਸਾਰੀਆਂ ਖੁਸ਼ੀਆਂ ਕਿਸੇ ਕੰਮ ਦੀਆਂ ਨਹੀਂ ਰਹਿਣੀਆਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਜਲ ਬਲ ਜਾਵੇ ਜਿਉੜਾ ਨਾਮ ਤੋਂ ਬਿਨਾਂ।*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧ ॥*

*ਅੰਗ- ੧੪*

ਨਾਮ ਤੋਂ ਬਿਨਾਂ ਫੋਕਾ ਹੋਇਆ ਕਰਦੈ ਬੰਦਾ। ਜੇ

ਨਾਮ ਹਿਰਦੇ 'ਚ ਸਮਾਅ ਗਿਆ -

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥*
*ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥*
*ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥*
*ਨਾਮ ਬਿਨਾ ਜਨਮੁ ਬਿਰਥਾ ਜਾਏ ॥ ਅੰਗ- ੧੧੫੫*

ਗਿਣਤੀ ਮਿਣਤੀ ਤੋਂ ਬਾਹਰ ਕਰੋੜਾਂ ਕਿਸਮ ਦੇ ਧਨ ਹੁੰਦੇ ਨੇ।

*ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥*
*ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥*
*ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥*
*ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥ ੨ ॥*

*ਅੰਗ-੧੧੫੬*

ਧਿਰਕਾਰ ਹੈ ਉਸ ਜੀਵਨ ਨੂੰ ਜਿਹੜਾ ਨਾਮ ਤੋਂ ਬਿਨਾਂ ਖਾਲੀ ਜਾ ਰਿਹੈ। ਐਡੀ ਵੱਡੀ ਕੀਮਤੀ ਚੀਜ਼ ਵਾਹਿਗੁਰੂ ਨੇ ਸਾਡੇ ਅੰਦਰ ਰੱਖੀ ਹੋਈ ਹੈ 'ਨਾਮ'। ਕੋਈ ਬਿਮਾਰੀ ਨਹੀਂ ਲਗਦੀ ਜੇ ਉਹਨੂੰ ਪ੍ਰਗਟ ਕਰ ਲਓ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ੪੫ ॥*

*ਅੰਗ - ੨੫੯*

ਸੋ ਇਸ ਤਰ੍ਹਾਂ ਦੇ ਨਾਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਮਾਤਾ! ਨਾਮ ਤੋਂ ਬਗੈਰ ਤਾਂ ਜੀਵਨ ਹੀ ਨਹੀਂ ਹੁੰਦਾ। ਮੁਰਦਾ ਜੀਵਨ ਹੁੰਦੈ। ਜਿਸ ਦੇ ਅੰਦਰ ਨਾਮ ਦੀ ਰੌਂ ਰੁਮਕ ਨਹੀਂ ਰਹੀ। ਦੇਖਣ ਨੂੰ ਤਾਂ ਹੈ ਉਹ ਜਿਉਂਦਿਆਂ ਦੇ ਅੰਦਰ ਪਰ ਮਰਿਆ ਹੋਇਆ ਬੰਦੈ। ਦੋ ਤਰ੍ਹਾਂ ਦੀ ਮੌਤ ਹੁੰਦੀ ਹੈ। ਇਕ ਤਾਂ ਉਹ ਹੁੰਦੀ ਹੈ ਜਦੋਂ ਚੇਤਨ ਕਲਾ ਸਰੀਰ 'ਚੋਂ ਨਿਕਲ ਜਾਵੇ। ਫੇਰ ਸਰੀਰ ਨੂੰ ਜਾਲ ਦਿੰਦੇ ਨੇ। ਇਕ ਉਹ ਹੁੰਦੀ ਹੈ ਸਰੀਰ ਮੁਰਦਾ ਚਲ ਰਿਹੈ। ਰੋਟੀ ਖਾ ਲਈ, ਕਪੜੇ ਪਹਿਨ ਲਏ, ਘਰ ਵਿਚ ਸੌਂ ਲਏ, ਪੈਸੇ ਕਮਾ ਲਏ। ਆਹੀ ਬਾਪ ਕਰਦਾ ਸੀ, ਆਹੀ ਦਾਦਾ ਕਰਦਾ ਸੀ, ਆਹੀ ਪੜਦਾਦਾ ਕਰਦਾ ਸੀ, ਓਹੀ ਪੋਤਾ ਕਰਨ ਲਗ ਗਿਆ, ਓਹੀ ਪੜੋਤਾ ਕਰਨ ਲਗ ਗਿਆ। ਕਹਿੰਦੇ, ਇਹ ਤਾਂ ਐਵੇਂ ਹੀ ਜੀਵਨ ਬਿਰਥਾ ਚਲਿਆ ਜਾਂਦੈ। ਕਮਾਲ ਇਸ ਗੱਲ ਦੀ ਹੈ ਕਿ ਜਿਹਨੇ ਨਾਮ ਦਾ ਧਨ ਖੱਟ ਲਿਆ। ਜਿਹਦੇ ਅੰਦਰ ਨਾਮ ਦੀ ਰੌਂ ਰੁਮਕ ਗਈ। ਪਰ ਇਹ ਹਰ ਬੰਦਾ ਨਹੀਂ ਕਰ ਸਕਦਾ। ਐਨਾ ਸੁਣ ਕੇ ਵੀ ਕਿ ਨਾਮ ਇਹੋ ਜਿਹਾ ਹੈ। ਨਹੀਂ ਹੋ ਸਕਿਆ ਕਰਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ! ਸਿੰਘਾਂ ਨੂੰ ਪਹਿਲਾਂ ਪ੍ਰਸ਼ਾਦਾ ਛਕਾ ਦਿਤਾ ਆਪ ਨੇ। ਜਿਹੜਾ ਬ੍ਰਾਹਮਣ ਵਰਗ ਸੀ ਗੁੱਸੇ ਹੋ ਗਿਆ। ਕਹਿਣ ਲੱਗੇ, ਮਹਾਰਾਜ! ਤੁਸੀਂ ਤਾਂ ਮਰਿਯਾਦਾ ਹੀ ਤੋੜ ਦਿਤੀ ਤਿੰਨ ਯੁੱਗਾਂ ਦੀ। ਹੱਕ ਸਾਡਾ ਸੀ ਪ੍ਰਸ਼ਾਦਾ ਛਕਣ ਦਾ। ਮਹਾਰਾਜ ਕਹਿੰਦੇ, ਕੋਈ ਗੱਲ ਨਹੀਂ। ਕਹਿੰਦੇ, ਦੂਸਰੀ ਗੱਲ ਇਹ ਹੈ ਕਿ ਮਹਾਰਾਜ! ਤੁਸੀਂ ਇਹਨਾਂ ਲੋਕਾਂ ਨੂੰ, ਤਿੰਨ ਵਰਗ ਦਿਆਂ ਨੂੰ ਬੜੀ ਮਹੱਤਤਾ ਦੇ ਰਹੇ ਹੋਂ। ਸਾਨੂੰ ਬ੍ਰਾਹਮਣਾਂ ਨੂੰ ਤਾਂ ਫੇਰ ਕਿਸੇ ਨੇ ਪੁੱਛਣਾ ਹੀ ਨਹੀਂ ਹੈ। ਮਹਾਰਾਜ ਕਹਿੰਦੇ, ਨਾ, ਐਸੀ ਗੱਲ ਨਹੀਂ ਹੁੰਦੀ। ਤੁਸੀਂ ਬ੍ਰਾਹਮਣ ਦੇ ਕੰਮ ਤਾਂ ਕਰੋ। ਤੁਹਾਡੀ ਤਾਂ ਪੁੱਛ ਬਹੁਤ ਹੋਏਗੀ। ਅਸੀਂ ਹੁਣੇ ਤੁਹਾਡੀ ਪੁੱਛ ਕਰਦੇ ਹਾਂ। ਲਓ ਇਸ ਤਰ੍ਹਾਂ ਕਰੋ, ਪੰਜ-ਪੰਜ ਮੋਹਰਾਂ ਅਸੀ ਸਾਰਿਆਂ ਨੂੰ ਦਿੰਦੇ ਹਾਂ, ਆਈ ਜਾਓ, ਨਾਲ ਇਕ-ਇਕ ਦੁਸ਼ਾਲਾ ਦਿੰਦੇ ਹਾਂ। ਪਰ ਕੰਮ ਅਸੀਂ ਤੁਹਾਡੇ ਤੋਂ ਕੱਲ੍ਹ ਨੂੰ ਲੈਣੈ। ਕਹਿੰਦੇ, ਠੀਕ ਹੈ ਮਹਾਰਾਜ, ਜੋ ਕੰਮ ਦਿਓਂਗੇ, ਕਰਾਂਗੇ। ਕਹਿੰਦੇ, ਰੋਜ਼ ਦਿਆਂਗੇ, ਇਕ ਦੁਸ਼ਾਲਾ ਤੇ ਪੰਜ ਮੋਹਰਾਂ, ਨਿੱਤ ਦਿਆਂਗੇ। ਕਹਿੰਦੇ, ਮਹਾਰਾਜ! ਫੇਰ ਤਾਂ ਬਹੁਤ ਵਧੀਆ ਹੋ ਗਿਆ। ਤੁਸੀਂ ਖਲਾਈ ਜਾਓ ਰੋਟੀ ਇਹਨਾਂ ਨੂੰ, ਸਾਨੂੰ ਕੋਈ ਫਰਕ ਨਹੀਂ ਪੈਂਦਾ। ਸਾਡਾ ਰੋਜ਼ਗਾਰ ਨਾ ਇਹਨਾਂ ਦੇ ਹੱਥ 'ਚ ਆਵੇ। ਮਹਾਰਾਜ ਕਹਿੰਦੇ, ਤੁਹਾਡਾ ਅਸਲੀ ਰੁਜ਼ਗਾਰ ਤੁਹਾਨੂੰ ਦੇਵਾਂਗੇ।

ਦੂਜੇ ਦਿਨ ਉਹ ਆ ਗਏ।

ਮਹਾਰਾਜ ਨੇ ਪ੍ਰਸ਼ਾਦੇ ਤਿਆਰ ਕਰਵਾਏ ਹੋਏ, ਬਹੁਤ ਵਧੀਆ, ਮੱਖਣਾਂ ਦੇ ਨਾਲ ਖਲਾਏ। ਕਹਿੰਦੇ, ਭਾਈ! ਪ੍ਰਸ਼ਾਦਾ ਮਿਲਣੈ 12 ਵਜੇ ਤੋਂ ਬਾਅਦ। ਤੇ ਹੁਣ ਤੁਸੀਂ ਆਪਣੀ ਪੇਟ ਪੂਜਾ ਥੋੜ੍ਹੀ-ਥੋੜ੍ਹੀ ਕਰ ਲਓ। ਪ੍ਰਸ਼ਾਦੇ ਜਿਉਂ-ਜਿਉਂ ਛਕਦੇ ਨੇ। ਸੁਆਦੀ ਪ੍ਰਸ਼ਾਦੇ ਨੇ ਖਾਈ ਜਾਂਦੇ ਨੇ।

ਕਹਿੰਦੇ, ਹੁਣ ਦਸੋ ਮਹਾਰਾਜ।

ਮਹਾਰਾਜ ਕਹਿਣ ਲੱਗੇ, ਕੰਮ ਤਾਂ ਕੋਈ ਨਹੀਂ, ਉਪਰ ਚੱਲੋ। ਲਿਜਾ ਕੇ ਦੇਖਿਆ, ਹਰ ਆਸਣ ਦੇ ਉਤੇ ਇਕ ਮਾਲਾ ਪਈ ਹੈ। ਕਹਿੰਦੇ, ਕੁਛ ਨਹੀਂ ਕਰਨਾ, ਚੌਂਕੜਾ ਮਾਰ ਕੇ ਇਥੇ ਬਹਿ ਜਾਓ। ਰੀੜ੍ਹ ਦੀ ਹੱਡੀ ਸਿੱਧੀ ਕਰ ਲਓ 90 ਦਰਜੇ 'ਤੇ। ਝੁਕਣਾ ਨਹੀਂ ਹੈ। ਕਹਿਣਾ ਕੀ ਹੈ, ਵਾਹਿਗੁਰੂ-ਵਾਹਿਗੁਰੂ, ਵਾਹਿਗੁਰੂ-ਵਾਹਿਗੁਰੂ। ਗੱਲ ਨਹੀਂ ਕਰਨੀ। ਊਂਘਣਾ ਨਹੀਂ। ਅੱਖਾਂ ਨਹੀਂ ਖੋਲ੍ਹਣੀਆਂ। ਚੁੱਪ ਕਰਕੇ ਬੈਠੋ।

ਜਦੋਂ 10 ਵਜਣਗੇ, ਘੰਟੀ ਵਜੇਗੀ, ਫੁਰਨਾ ਨਾ ਕਰਿਓ ਓਸ ਵੇਲੇ ਸ਼ਰਦਾਈ ਆ ਜਾਏਗੀ ਬਦਾਮਾਂ ਦੀ। ਉਹ ਪੀ ਲਿਓ। ਉਸ ਤੋਂ ਬਾਅਦ ਬਾਰ੍ਹਾਂ ਵਜੇ ਪੱਕਾ ਭੋਜਨ ਆ ਜਾਏਗਾ। ਪੂਰੀਆਂ ਵਗੈਰਾ ਹੋਰ ਬਣਿਆ ਹੋਇਆ ਬਹੁਤ। ਉਸ ਵੇਲੇ ਤੁਸੀਂ ਪ੍ਰਸ਼ਾਦਾ ਛਕ ਲਿਓ। ਘੰਟੇ ਦੀ

ਛੁਟੀ ਹੋਏਗੀ। ਉਸ ਤੋਂ ਬਾਅਦ ਬਾਕੀ ਦਾ ਕੰਮ ਫੇਰ ਪਿਛੋਂ ਕਰ ਲਿਓ। ਇਹਦੇ ਤੁਹਾਨੂੰ ਪੰਜ ਮੋਹਰਾਂ ਤੇ ਦੁਸ਼ਾਲਾ ਮਿਲਿਆ ਕਰੇਗਾ ਰੋਜ਼।

ਉਹ ਬੈਠ ਗਏ। ਨਾਮ ਜਿਹਨੇ ਨਾ ਜਪਿਆ ਹੋਵੇ, ਉਹ ਜਪ ਹੀ ਨਹੀਂ ਸਕਦਾ। ਬਹੁਤ ਮੁਸ਼ਕਲ ਹੈ ਨਾਮ ਜਪਣਾ। ਐਸਾ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਆਖਣ ਅਉਖਾ ਸਾਚਾ ਨਾਉ।*

*ਆਖਣਿ ਅਉਖਾ ਸਾਚਾ ਨਾਉ ॥* *ਅੰਗ- ੯*

ਬੈਠ ਗਏ ਪੇਟ ਭਰ ਕੇ ਪ੍ਰਸ਼ਾਦੇ ਖਾਧੇ ਹੋਏ ਨੇ। ਉਬਾਸੀਆਂ ਲੈਣ ਲਗ ਗਏ। ਜਿਹਨੇ ਨਾਮ ਨਾ ਜਪਿਆ ਹੋਵੇ, ਬਾਣੀ ਨਾ ਪੜ੍ਹੀ ਹੋਵੇ, ਉਸ ਨੂੰ ਉਬਾਸੀਆਂ ਆਉਣ ਲਗ ਜਾਣਗੀਆਂ ਕਿਉਂਕਿ ਰੁਚੀ ਨਹੀਂ ਲਗਦੀ। ਅੰਦਰ ਮੰਨਦਾ ਨਹੀਂ ਹੈ। ਮਾੜੀਆਂ ਕਿਤਾਬਾਂ ਸਾਰੀ ਰਾਤ ਪੜ੍ਹੀ ਜਾਓ, ਕੁਛ ਨਹੀਂ ਹੁੰਦਾ। ਮਾੜੇ ਸੀਨ ਟੈਲੀਵੀਜ਼ਨ ਦੇ ਸਾਰੀ ਰਾਤ ਦੇਖੀ ਜਾਓ, ਕੁਛ ਹੁੰਦਾ ਨਹੀਂ। ਜੇ ਸਤਿਸੰਗ ਵਿਚ ਆ ਜਾਵੇ, ਉਸੇ ਵੇਲੇ ਊਂਢਣ ਲਗ ਜਾਂਦੈ। ਉਸੇ ਵੇਲੇ ਨੀਂਦ ਆਉਣ ਲਗ ਜਾਂਦੀ ਹੈ।

ਸੋ ਉਹਨਾਂ ਨੂੰ ਨੀਂਦ ਆ ਗਈ। ਮਹਾਰਾਜ ਸਿੰਘਾਂ ਨੂੰ ਕਹਿਣ ਲੱਗੇ, ਦੇਖੋ, ਸਾਵਧਾਨ ਰੱਖੋ ਇਹਨਾਂ ਨੂੰ। ਕਹਿੰਦੇ, ਜਗਾਉਂਦੇ ਚਲੇ ਜਾਓ। ਆਹ ਜਿਹੜਾ ਬਰਛਾ ਹੈ ਨਾ ਹੱਥ ਵਿਚ, ਇਹਦਾ ਪਿਛਲਾ ਪਾਸਾ ਪਿੱਠ ਦੇ ਨਾਲ ਲਾ ਦਿਆ ਕਰੋ। ਜੇ ਦੋ ਚਾਰ ਵਾਰੀ ਨਹੀਂ ਸਮਝਦੇ ਚੰਗਾ ਧੱਕਾ ਹੀ ਦਿਓ ਫੇਰ।

ਉਹ ਫੇਰ ਲਗ ਜਾਂਦੇ ਨੇ, ਊਂਢਣ। ਕਈਆਂ ਨੇ ਅੱਖਾਂ ਖੋਲ੍ਹ ਲਈਆਂ। ਕਈ ਗੱਲ ਕਰਨ ਲਗ ਗਏ। ਫੇਰ ਤਾੜਨਾ ਹੋਈ ਕਿ ਪਿਆਰਿਓ! ਤੁਹਾਨੂੰ ਮਜ਼ੂਰੀ ਪਹਿਲਾਂ ਦੇ ਦਿਤੀ ਗਈ ਹੈ। ਕਰਨਾ ਕੀ ਹੈ ਤੁਸੀਂ, ਵਾਹਿਗੁਰੂ-ਵਾਹਿਗੁਰੂ ਕਰੀ ਜਾਓ। ਦੇਖਦੇ ਨੇ ਧੁੱਪ ਵਲ ਕਿ ਸਮਾਂ ਹੋਵੇ। 10 ਵਜਣ ਤੇ ਸ਼ਰਦਾਈ ਪੀਵਾਂਗੇ। ਫੇਰ ਕੋਈ ਹੱਲ ਹੀਲਾ ਸੋਚਾਂਗੇ। ਆਹ ਤਾਂ ਬੁਰੇ ਫਸ ਗਏ ਅਸੀਂ। ਉਸ ਵੇਲੇ ਕਈਆਂ ਨੇ ਮਾਲਾ ਰਖ ਦਿਤੀ, ਅਜੇ ਘੰਟਾ ਵੀ ਨਹੀਂ ਹੋਇਆ, ਕਹਿੰਦੇ, ਮਹਾਰਾਜ! ਕੱਲ੍ਹ ਵਾਲਾ ਜਿਹੜਾ ਤੁਸੀਂ ਦਿਤਾ ਹੈ ਸਾਨੂੰ ਮਜ਼ੂਰੀ। ਸਾਨੂੰ ਹੁਕਮ ਦਿਓ, ਅਸੀਂ ਲਿਆ ਕੇ ਮੋੜ ਦੇਈਏ ਸਭ ਕੁਛ। ਸਾਡੇ ਤੋਂ ਨਹੀਂ ਇਹ ਕੰਮ ਹੁੰਦਾ। ਬੜਾ ਔਖਾ ਹੈ ਇਹ। 10 ਵਜੇ ਦਾ ਸਮਾਂ ਕਟ ਕੇ, ਥੋੜ੍ਹੇ ਬਹੁਤ ਜਿਹੜੇ ਪੂਰੀਆਂ ਦੇ ਲਾਲਚ 'ਚ ਬੈਠੇ ਸੀ, ਉਹ ਪੂਰੀਆਂ ਖਾਣ ਤੋਂ ਪਹਿਲਾਂ ਹੀ ਚਲੇ ਗਏ।

ਮਹਾਰਾਜ ਕਹਿੰਦੇ, ਗੱਲ ਸੁਣੋ, ਕਿੱਧਰ ਨੱਠੇ ਜਾਂਦੇ ਹੋਂ। ਤੁਹਾਨੂੰ ਰੋਜ਼ ਦਿਆ ਕਰਾਂਗੇ। ਕਹਿੰਦੇ, ਮਹਾਰਾਜ –

*ਰਾਹੂ ਕੇਤੂ ਬੈਲ ਹਮਾਰੇ*
*ਸਾੜ ਸਤੀ ਹੈ ਖੇਤੀ।*
*ਪਤਰੀ ਹਮਾਰੀ ਖਰੀ ਸ਼ਿਕਾਰੀ*
*ਮਾਰ ਲਿਆਵੈ ਛੇਤੀ।*

ਅਸੀਂ ਤਾਂ ਮਾਈ ਨੂੰ ਕਹਿ ਦੇਣਾ ਮਾੜਾ ਜਿਹਾ ਕਿ ਤੇਰੇ ਮੁੰਡੇ ਨੂੰ ਸਿੰਗਾਂ ਵਾਲੇ ਜਾਨਵਰ ਤੋਂ ਖਤਰਾ ਬਹੁਤ ਹੈ, ਸੱਤ ਕਿਸਮ ਦੇ ਅਨਾਜ, ਮਾਹਾਂ ਦੀ ਦਾਲ ਜ਼ਿਆਦਾ ਪਾਈ। ਮਹਾਰਾਜ! ਅਸੀਂ ਉਹਦੇ 'ਚ ਕਹਿ ਦੇਣੈ ਕਿ ਪੀਲੀ ਧਾਤ ਪਾ ਦੇ। ਉਹਨੇ ਸੋਨੇ ਦਾ ਕੋਈ ਨਾ ਕੋਈ ਗਹਿਣਾ ਫੇਰ ਪਾਉਣਾ ਹੀ ਹੈ। ਸਾਡਾ ਤਾਂ ਰੋਜ਼ ਦਾ ਇਹੀ ਕੰਮ ਹੈ।

ਮਹਾਰਾਜ ਕਹਿੰਦੇ, ਸਾਡੇ ਗੁਰਸਿੱਖ ਨਾਮ ਜਪਦੇ ਨੇ। ਬੰਦਗੀ ਕਰਦੇ ਨੇ। ਅਸੀਂ ਤਾਂ ਹੀ ਉਹਨਾਂ ਨੂੰ ਪ੍ਰਸ਼ਾਦਾ ਛਕਾਉਂਦੇ ਹਾਂ।

ਸੋ ਇਸ ਦੇ ਨਾਲ ਭਗਤ ਨਾਮਦੇਵ ਜੀ ਕਹਿਣ ਲੱਗੇ ਬੀਬੀ –

*ਹਮਾਰੈ ਬੇਢੀ ਪ੍ਰਾਨ ਅਧਾਰਾ ॥ ੧ ॥ ਰਹਾਉ ॥*
*ਅੰਗ- ੬੫੭*

ਸਾਡੇ ਪ੍ਰਾਣਾਂ ਦਾ ਆਧਾਰ ਹੈ। ਸਾਡੇ ਅੰਦਰ ਵਸ ਗਿਆ। ਅਸੀਂ ਤਾਂ ਉਹਨੂੰ ਹੀ ਦੇਖਦੇ ਹਾਂ ਇਥੇ ਹੋਰ ਕੋਈ ਦਿਸਦਾ ਨਹੀਂ ਉਸ ਤੋਂ ਬਗੈਰ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਰਾਮ ਬੋਲੇ-ਰਾਮ ਬੋਲੇ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ।*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥ ੧ ॥ ਰਹਾਉ ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥*
*ਅਸਥਾਵਰ ਜੰਗਮ ਕੀਟ ਪਤੰਗਮ*
*ਘਟਿ ਘਟਿ ਰਾਮੁ ਸਮਾਨਾ ਰੇ ॥ ੧ ॥*
*ਏਕਲ ਚਿੰਤਾ ਰਾਖੁ ਅਨੰਤਾ*
*ਅਉਰ ਤਜਹੁ ਸਭ ਆਸਾ ਰੇ ॥*
*ਪ੍ਰਣਵੈ ਨਾਮਾ ਭਏ ਨਿਹਕਾਮਾ*
*ਕੋ ਠਾਕੁਰੁ ਕੋ ਦਾਸਾ ਰੇ ॥ ੨ ॥ ੩ ॥* *ਅੰਗ – ੯੮੮*

ਕਹਿੰਦੇ ਬੀਬੀ, ਇਹ ਜਿਹੜੇ ਬੇਢੀ ਦੀ ਤੂੰ ਗੱਲ ਕਰਦੀ ਹੈਂ। ਉਹ ਤਾਂ ਕੋਈ ਥਾਉਂ ਹੀ ਨਹੀਂ, ਜਿਥੇ ਉਹ ਨਾ ਹੋਵੇ। ਫੇਰ ਤੇਰੇ ਕੋਲ ਕਿਵੇਂ ਆ ਗਿਆ?

ਕਹਿੰਦੇ, ਅਸੀਂ ਮਜ਼ੂਰੀ ਦਿੰਦੇ ਹਾਂ।

ਕਹਿਣ ਲੱਗੀ, ਆਹੀ ਤਾਂ ਮੈਂ ਤੈਨੂੰ ਗੱਲ ਪੁਛਦੀ ਹਾਂ ਕਿ ਉਦੋਂ ਦੀ, ਤੂੰ ਲੰਮੇ ਚੌੜੇ ਚੱਕਰ 'ਚ ਪਾ ਕੇ ਗੱਲ ਉਥੇ ਹੀ ਲਿਆਂਦੀ ਹੈ। ਮੈਂ ਤੈਨੂੰ ਐਨਾ ਹੀ ਪੁੱਛਦੀ ਹਾਂ –

*ਤੋ ਪਹਿ ਦੁਗਣੀ ਮਜੂਰੀ ਦੈਹਉ*
*ਮੋ ਕਉ ਬੇਢੀ ਦੇਹੁ ਬਤਾਈ ਹੋ ॥ ੧ ॥ ਅੰਗ- ੬੫੭*

ਮੈਨੂੰ ਉਹ ਦਸ ਦੇ ਤੇਰੇ ਨਾਲੋਂ ਦੁੱਗਣੀ ਮਜ਼ੂਰੀ ਦੇ ਦੂੰਗੀ।

ਕਹਿੰਦੇ, ਬੀਬੀ! ਉਹਦੀ ਮਜ਼ੂਰੀ ਪੈਸੇ-ਟਕਿਆਂ ਦੀ ਨਹੀਂ ਹੈ।

ਹੋਰ ਕੀ ਮੰਗਦੈ?

ਕਹਿੰਦੇ, ਦਿਲ ਦੇ ਵਿਚੋਂ ਪੂਰਾ ਪਿਆਰ ਮੰਗਦੈ, ਪਿਆਰ।

*ਧਾਰਨਾ - ਮੰਗਦਾ ਹੈਂ ਬੇਢੀ ਪ੍ਰੀਤ ਦੀ ਮਜ਼ੂਰੀ।*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ, ਵਾਰ ੨੭/੪*

ਕਹਿਣ ਲੱਗੇ, ਬੀਬੀ! ਜੇ ਤੂੰ ਮਜਦੂਰੀ ਦੇਣੀ ਹੈ ਤਾਂ ਪਿਆਰ ਦੀ ਦੇ ਦੇ -

*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥*
*ਅੰਗ- ੬੫੭*

ਪਿਆਰ ਜਾਣਦੀ ਹੈਂ ਕੀ ਹੁੰਦੈ? ਖਿੱਚ ਪੈਂਦੀ ਹੈ, ਆਪ ਜੀ ਦੇ ਮਨ ਦੇ ਅੰਦਰ। ਜਿੰਨਾਂ ਪਿਆਰ ਜ਼ਿਆਦਾ ਓਨੀਂ ਖਿੱਚ ਜ਼ਿਆਦਾ ਇਕ ਗੱਲ। ਦੂਸਰਾ ਜਿਹੜਾ ਪਿਆਰ ਵਾਲਾ ਹੁੰਦੈ ਉਹ ਕਦੇ ਵੀ ਨਹੀਂ ਭੁੱਲਦਾ। ਚਾਹੇ ਕਿੰਨਾ ਵੀ ਆਦਮੀ ਰੁਝਿਆ ਹੋਇਐ ਕਿਤੇ, ਸੁਰਤ ਪਿਆਰ ਵਾਲੇ 'ਚ ਰਹਿੰਦੀ ਹੈ। ਸੋ ਪਿਆਰ ਖਿੱਚ ਹੁੰਦੈ-

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਕਹਿੰਦੇ, ਜਿਹਨਾਂ ਦੇ ਮਨ ਦੇ ਅੰਦਰ ਪਿਆਰ ਦੀ ਖਿੱਚ ਪੈ ਗਈ, ਉਹ ਆਰਾਮ ਨਾਲ ਨਹੀਂ ਬਹਿੰਦੇ। ਨੇਤਰਾਂ ਦੇ ਵਿਚੋਂ ਜਲ ਜਾਂਦੈ -

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*
*ਅੰਗ- ੪੭੩*

*ਅਖੀਂ ਰੰਗ ਰੰਗੀਲੇ ਰਤੀਆਂ ਜਿਨ ਕਉ ਪ੍ਰੇਮ ਖੁਮਾਰੀ।*
*ਜਿਸ ਦੀ ਕੈ ਕੈਬ ਨਾ ਉਤਰੇ ਕਬਹੀ ਸਦਾ ਰਹੇ ਮਤਵਾਰੀ।*
*ਪੋਸਤ ਭੰਗ ਅਫੀਮਾ ਕੋਲੋ ਪ੍ਰੇਮ ਪਿਆਲਾ ਭਾਰੀ।*
*ਸੰਤ ਦਾਸ ਜਦ ਦਿਲਬਰ ਮਿਲਿਆ*
*ਤਿਸ ਦਿਨ ਥੀਂ ਬਲਿਹਾਰੀ। (ਸੰਤ ਦਾਸ)*

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰੁ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ,*
*ਭਠ ਖੇੜਿਆਂ ਦਾ ਰਹਣਾ॥ ਖਿਆਲ ਪਾਤਸ਼ਾਹੀ ੧੦*

ਕਿਉਂਕਿ ਪਿਆਰ ਵਾਲੇ ਦਾ ਦਿਤਾ ਹੋਇਐ। ਸੋ ਬੀਬੀ! ਪਿਆਰ ਤੋਂ ਬਗੈਰ ਜਿਹੜਾ ਬੰਦਾ ਹੈ ਨਾ, ਦੇਖਣ ਨੂੰ ਬੰਦਾ ਲਗਦੈ। ਲੇਕਿਨ ਉਹ ਮਰਿਆ ਹੋਇਆ ਹੁੰਦੈ-

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਮਰਿਆ ਹੋਇਆ ਬੰਦਾ ਹੁੰਦੈ।

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ। ਪਾਤਸ਼ਾਹੀ ੧੦*

ਕਹਿੰਦੀ, ਨਾਮਦੇਵ! ਪਿਆਰ ਤਾਂ ਅਸੀਂ ਕਰਦੇ ਹਾਂ ਰੱਬ ਨੂੰ। ਕਿਹੜਾ ਬੰਦਾ ਹੈ ਜਿਹੜਾ ਰੱਬ ਨੂੰ ਪਿਆਰ ਨਹੀਂ ਕਰਦਾ।

ਕਹਿੰਦੇ, ਬੀਬੀ! ਆਪਣੇ ਮਤਲਬ ਨੂੰ ਪਿਆਰ ਕਰਦੇ ਨੇ। ਕੁਛ ਲੈਣ ਵਾਸਤੇ ਕਹਿੰਦੇ ਨੇ। ਇਹ ਪਿਆਰ ਨਹੀਂ ਹੁੰਦਾ।

ਫੇਰ ਕਹਿੰਦੀ, ਉਹ ਪਿਆਰ ਕਿਹੋ ਜਿਹਾ ਹੈ, ਜਿਹਦੀ ਤੂੰ ਗੱਲ ਕਰਦੈਂ। ਕਹਿੰਦੇ, ਉਹ ਪਿਆਰ ਇਹ ਹੈ ਉਹ ਇਕੱਲਾ ਉਹਨੂੰ ਪਿਆਰ ਕਰਨੈ। ਬਾਕੀ ਜਿੰਨੇ ਦੁਨੀਆਂ ਦੇ ਪਿਆਰ ਨੇ ਸਭ ਛਡ ਦੇਣੇ ਨੇ -

*ਧਾਰਨਾ - ਲੋਕ ਕੁਟੰਬ ਸਭਹੁ ਤੇ ਤੋੜੈ,*
*ਤਉ ਆਪਨ ਬੇਢੀ ਆਵੈ ਹੋ।*

*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥*
*ਅੰਗ- ੬੫੭*

ਕਹਿਣ ਲੱਗੇ, ਬੀਬੀ! ਉਹ ਪੂਰਾ ਪਿਆਰ ਮੰਗਦੈ। ਅਧੂਰਾ ਨਹੀਂ ਮੰਗਦਾ। ਦੁਨੀਆਂ ਦੇ ਪਿਆਰ ਝੂਠੇ ਨੇ ਸਾਰੇ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
*ਅੰਗ- ੧੧੦੨*

ਪਿਆਰ ਪੱਕਾ ਤਾਂ ਉਹ ਹੈ -

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ੧ ॥ ਰਹਾਉ ॥*
*ਅੰਗ- ੭੨੯*

ਸੋ ਉਹ ਪ੍ਰਮੇਸ਼ਰ ਪਿਆਰ ਮੰਗਦੈ ਪੂਰੇ ਹਿਰਦੇ ਦਾ ਪਿਆਰ। ਫੇਰ ਕੀ ਕਰਦੈ?

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ ॥ ਅੰਗ - ੨੪੯*

ਇਹ ਇਕ ਵਾਰੀ ਵਸ ਆ ਜਾਏ ਪਿਆਰ ਦੇ। ਉਹਨੂੰ ਕੋਈ ਮੰਤਰ ਜੰਤਰ ਕੋਈ ਦਾਨ ਪੁੰਨ, ਕੋਈ ਪੂਜਾ ਪਾਠ ਨਹੀਂ ਵਸ ਕਰ ਸਕਦਾ -

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ੧੦ ॥*
*ਅੰਗ- ੯੬੨*

ਭਗਤਾਂ ਨੇ ਕਿਉਂ ਵਸ ਕਰ ਲਿਆ। ਕਿਉਂਕਿ ਉਹਨਾਂ ਸਾਰਾ ਪਿਆਰ ਉਹਨੂੰ ਕਰਿਐ। ਨਾ ਨਿੰਦਿਆ, ਨਾ ਉਸਤਤ ਦੀ ਲੋਚਾ ਕਰੀ, ਨਾ ਦੁਖ ਤੋਂ ਡਰੇ, ਨਾ ਸੁਖਾਂ ਦੀ ਲੋਚਾ ਕਰੀ। ਮਸਤ ਰਹੇ ਪਿਆਰ ਦੇ ਅੰਦਰ। ਜੇ ਯਾਰੜੇ ਦਾ ਸੱਥਰ ਮਿਲ ਗਿਆ ਤਾਂ ਉਲਾਂਭਾ ਨਹੀਂ ਦਿਤਾ ਕਿ ਮੈਂ ਤੇਰਾ ਭਜਨ ਕਰਿਆ। ਸਾਹਿਬਜ਼ਾਦੇ ਵੀ ਸ਼ਹੀਦ ਕਰਾ ਲਏ, ਸਾਰੇ ਸਿੱਖ ਸ਼ਹੀਦ ਕਰਾ ਲਏ, ਆਹ ਮੈਨੂੰ ਭੁੰਜੇ ਪਾਉਣਾ ਸੀ ਤੂੰ? ਉਥੋਂ ਭੁੰਜੇ ਸੌਣ ਵਾਸਤੇ ਭੇਜਿਆ ਸੀ ਕਿ ਇਕੱਲਾ ਹੀ ਮੈਂ ਰੁਲਦਾ ਫਿਰਾਂ। ਨਾ...ਸਾਧਸੰਗਤ ਜੀ -

*ਯਾਰੜੇ ਦਾ ਸਾਨੂੰ ਸੱਥਰ ਚੰਗਾ।*
*ਭੱਠ ਖੇੜਿਆਂ ਦਾ ਰਹਿਣਾ।*

ਕਹਿੰਦੇ, ਉਹ ਤਾਂ ਭੱਠ ਸੀ ਤੇਰੇ ਬਿਨਾਂ ਪਿਆਰਿਆ। ਇਹ ਵਧੀਆ ਹੈ ਜਿਥੇ ਤੂੰ ਮੈਨੂੰ ਹੁਣ ਰੱਖ ਰਿਹੈਂ। ਇਹ ਪਿਆਰ ਹੁੰਦੈ। ਕੁਰਬਾਨੀ ਹੁੰਦੀ ਹੈ। ਪਿਆਰ ਵਿਚ ਲੈਣਾ ਕੁਛ ਨਹੀਂ ਹੁੰਦਾ, ਦੇਣਾ ਹੀ ਦੇਣਾ ਹੁੰਦੈ -

*ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥*
*ਅੰਗ- ੧੩੭੮*

ਜੇ ਲਭ ਹੈ, ਕਿਸੇ ਚੀਜ਼ ਦੀ ਆਸ ਹੈ, ਕਹਿੰਦੇ ਇਹ ਪਿਆਰ ਨਹੀਂ ਹੋਇਆ ਕਰਦਾ। ਪਿਆਰ ਤਾਂ ਦੇਣ ਦਾ ਹੀ ਹੁੰਦੈ। ਸਭ ਕੁਛ ਕੁਰਬਾਨ ਕਰ ਦੇਣਾ। ਆਪ ਕੁਛ ਨਹੀਂ ਲੈਣਾ, ਪਿਆਰੇ ਨੂੰ ਦੇਈ ਜਾਣਾ।

ਸੋ ਕਹਿੰਦੇ, ਬੀਬੀ! ਤੂੰ ਜਾਣਦੀ ਹੈਂ ਨਾ ਦੁਨੀਆਂ ਦੇ ਪਿਆਰ ਤਾਂ ਮੈਂ ਤੈਨੂੰ ਕਹਿੰਦਾ ਹਾਂ। ਸਾਰੇ ਪਿਆਰ ਤੋੜ ਕੇ ਪ੍ਰਮੇਸ਼ਰ ਨਾਲ ਪਿਆਰ ਪਾ ਲੈ। ਫੇਰ ਆ ਜੂ ਤੇਰੀ ਵੀ ਛਪਰੀ ਬਣਾਊ।

ਭਗਤ ਬੇਣੀ ਦੇ ਆ ਕੇ, ਰਾਸ਼ਨ ਦਾ ਗੱਡਾ ਭਰ ਕੇ ਲੈ ਆਂਦਾ। ਗਹਿਣੇ ਲਿਆਂਦੇ।

ਰੋਜ਼ ਕਣਤਾਉਂਦੀ ਸੀ, ਕਰੀ ਨਾ ਉਹਦੀ ਰੱਛਿਆ। ਕਬੀਰ ਸਾਹਿਬ ਦੇ ਆ ਕੇ ਯੱਗ ਕਰਨਾ ਸ਼ੁਰੂ ਕਰ ਦਿਤਾ ਤੇ ਸੈਣ ਨਾਈ ਦੇ ਆ ਕੇ ਮੁੱਠੀਆਂ ਚਾਪੀਆਂ ਭਰਦੈ। ਕਿਉਂਕਿ ਪਿਆਰ ਕਰਦੇ ਸੀ। ਜਿਹੜਾ ਪਿਆਰ ਕਰਦੈ। ਉਥੇ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ- ੬੩੮*

ਆਪੇ ਹੀ ਕੰਮ ਕਰਦਾ ਫਿਰਦਾ ਹੈ। ਚਾਹੇ ਦੁਨੀਆਂਦਾਰੀ ਦਾ ਕੋਈ ਕੰਮ ਹੋਵੇ। ਪ੍ਰਮੇਸ਼ਰ ਨੇ ਆਪ ਕਰਨੈ।

ਭਾਈ ਧਿੰਗ, ਸ੍ਰੀ ਗੁਰੂ ਅੰਗਦ ਸਾਹਿਬ ਦੇ ਕੋਲ ਬੈਠਾ ਸੀ। ਉਧਰਲੇ ਪਾਸੇ ਵਿਆਹ ਸੀ, ਜਿਥੇ ਸਾਰੀਆਂ ਹੀ ਡਿਊਟੀਆਂ ਉਹਦੀਆਂ ਲਗੀਆਂ ਹੋਈਆਂ ਸੀ। ਉਹ ਨਾਮ ਦੇ ਵਿਚ ਮਸਤ ਬੈਠੈ। ਪਿਆਰ ਦੇ ਵਿਚ ਮਸਤ ਬੈਠੈ। ਸਾਧੂ ਆਏ ਹੋਏ ਨੇ ਘਰ ਕੀਰਤਨ ਹੋ ਰਿਹੈ। ਲੇਕਿਨ ਭਾਈ ਧਿੰਗ ਦਾ ਇਕ ਰੂਪ ਬਣ ਕੇ ਜਾ ਕੇ ਸਾਰੇ ਕੰਮ ਕਰ ਆਇਆ। ਜਦੋਂ ਵਿਹਲਾ ਹੋ ਕੇ ਗਿਆ। ਉਥੇ ਕਹਿੰਦੇ ਕਿ ਤੂੰ ਤਾਂ ਹੁਣੇ ਸਾਰੇ ਕੰਮ ਕਰਕੇ ਗਿਐਂ। ਫੇਰ ਆ ਗਿਆ।

ਪਤਾ ਲਗ ਗਿਆ ਕਿ ਕੋਈ ਗੱਲ ਹੋਰ ਹੈ ਕਿ ਉਹ ਆ ਗਿਆ ਜਿਹਨੂੰ ਮੈਂ ਪਿਆਰ ਕਰਦਾਂ। ਸੋ ਕਹਿੰਦੇ, ਇਸ ਕਰਕੇ -

*ਐਸੋ ਬੇਢੀ ਬਰਨਿ ਨ ਸਾਕਉ*
*ਸਭ ਅੰਤਰ ਸਭ ਠਾਂਈ ਹੋ ॥*
*ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ*
*ਪੂਛੇ ਕਹਨੁ ਨ ਜਾਈ ਹੋ ॥*
*ਬੇਢੀ ਕੇ ਗੁਣ ਸੁਨਿ ਰੀ ਬਾਈ*
*ਜਲਧਿ ਬਾਂਧਿ ਧ੍ਰੂ ਥਾਪਿਓ ਹੋ॥ ਅੰਗ - ੬੫੭*

ਉਹ ਦੇਖ ਸਮੁੰਦਰ ਬੰਨ੍ਹਿਆ ਪਿਐ। ਧਰੂੰ ਤਾਰਾ ਵਿਚਕਾਰ ਖੜ੍ਹਾਇਆ ਹੋਇਐ -

*ਨਾਮੇ ਕੇ ਸੁਆਮੀ ਸੀਅ ਬਹੋਰੀ*
*ਲੰਕ ਭਭੀਖਣ ਆਪਿਓ ਹੋ ॥ ੪ ॥ ੨ ॥ ਅੰਗ- ੬੫੭*

ਸੋ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ ਕਿ ਬੀਬੀ! ਨਾਮ ਜਪ। ਜੇ ਛਪਰੀਆਂ ਬਣਵਾਉਣੀਆਂ ਨੇ, ਕੰਮ ਕਰਵਾਉਣੇ ਨੇ, ਫੇਰ ਉਹਦੀ ਬਣ ਜਾ। ਉਹਦੇ ਵਿਚ ਹੀ ਧਿਆਨ ਰੱਖ, ਦਿਨ ਰਾਤ। ਬਾਕੀ ਚੀਜ਼ਾਂ ਛੱਡ ਦੇ। ਬਾਕੀਆਂ ਦੇ ਵਿਚ ਨਾ ਡੁੱਬ।

ਸੋ ਇਸ ਤਰ੍ਹਾਂ ਦੇ ਨਾਲ ਭਗਤ ਨਾਮਦੇਵ ਜੀ ਨੇ ਨਾਮ ਜਪਿਆ। ਗਰੀਬ ਆਦਮੀ ਨੇ -

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥*
*ਅੰਗ- ੪੮੭*

ਹਿੰਦੋਸਤਾਨ ਦਾ ਬਾਦਸ਼ਾਹ ਘਾਹ ਲੈ ਕੇ ਸਾਹਮਣੇ ਆ ਕੇ ਕਹਿੰਦੈ -

*ਬਖਸੀ ਹਿੰਦੂ ਮੈ ਤੇਰੀ ਗਾਇ ॥ ਅੰਗ- ੧੧੬੬*

ਮੈਨੂੰ ਗਊ ਸਮਝ ਕੇ ਬਖਸ਼ ਲੈ। ਕਿਉਂਕਿ ਦਰਦ ਹੋ ਰਿਹੈ ਪੇਟ ਦੇ ਵਿਚ। ਪ੍ਰਮੇਸ਼ਰ ਨੇ ਐਸਾ ਸਖ਼ਤ ਦਰਦ ਲਾ ਦਿਤਾ। ਸਹਿਨ ਨਹੀਂ ਹੋ ਰਿਹਾ। ਕਹਿੰਦਾ, ਮੈਨੂੰ ਬਖਸ਼ ਮੈਂ ਘਾਹ ਮੂੰਹ 'ਚ ਪਾ ਕੇ ਤੇਰੇ ਸਾਮ੍ਹਣੇ ਆਇਆ ਹਾਂ। ਮੈਂ ਤੇਰੀ ਗਊ ਹਾਂ।

ਕਿੱਥੇ ਇਕ ਗਰੀਬ ਵਿਚਾਰਾ। ਜਿਹਨੂੰ ਕੋਈ ਪੁਛਦਾ ਨਹੀਂ। ਮਹਾਰਾਜ ਕਹਿੰਦੇ, ਮਾਇਕ ਹਾਲਤ ਉਹਦੀ ਅੱਧੀ ਦਮੜੀ ਦੀ ਸੀ। ਸੋ ਨਾਮ ਜਪਣ ਦੇ ਨਾਲ ਪਦਵੀ ਕਿਥੇ ਚਲੀ ਗਈ -

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅਧੀ ਦਮੜੀ ਦਾ।*

ਸੋ ਨਾਮ ਦੀ ਮਹਿਮਾ, ਨਾਮੀ ਦੇ ਕਾਰਜ ਆਪ ਵਾਹਿਗੁਰੂ ਕਰਦੈ -

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥ ਅੰਗ- ੪੫੧*

ਸੋ ਇਸ ਤਰ੍ਹਾਂ ਦੇ ਨਾਲ ਸਾਨੂੰ ਸਮਾਂ ਮਿਲਿਆ ਹੈ ਥੋੜ੍ਹਾ ਬਹੁਤਾ, ਮਾਨਸ ਜਨਮ ਦੇ ਰੂਪ ਦੇ ਅੰਦਰ। ਕਰੋੜਾਂ ਜਨਮਾਂ ਤੋਂ ਭਟਕਦੇ ਫਿਰਦੇ ਹਾਂ। ਨਾਮ ਜਪ ਕੇ ਆਪਣੇ ਜੀਵਨ ਨੂੰ ਸਫ਼ਲ ਕਰ ਲਓ। ਬਾਕੀ ਜਿਹੜੀਆਂ ਚੀਜ਼ਾਂ ਨੇ ਇਹ ਰਹਿਣੀਆਂ ਨਹੀਂ ਸਾਧਸੰਗਤ ਜੀ, ਨਿਕਲ ਜਾਣੀਆਂ ਨੇ। ਨਾ ਸਮਾਂ ਹੀ ਰਹਿਣਾ ਹੈ, ਨਾ ਜਵਾਨੀ ਰਹਿਣੀ ਹੈ, ਚਲਿਆ ਜਾਣੈ ਸਭ ਕੁਛ -

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ੭੭ ॥*
*ਅੰਗ - ੧੩੮੧*

ਧਾਹਾਂ ਮਾਰਦੈ। ਬਹੁਤ ਅਫ਼ਸੋਸ 'ਚ ਆਉਂਦੈ, ਇਸ ਤਰ੍ਹਾਂ ਨਾਲ ਕਹਿੰਦੈ -

*ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,*
*ਜਿੰਦੇ ਤੈਨੂੰ ਛੱਡ ਗਏ -੨*

ਹੁਣ ਦੰਦ ਨਹੀਂ ਕੁਛ ਵੀ ਖਾਂਦੇ, ਕਿਉਂਕਿ ਟੁੱਟ ਗਏ। ਅੱਖਾਂ ਨਾਲ ਦਿਸਦਾ ਨਹੀਂ ਹੈ ਦੂਰੋਂ। ਐਨਕਾਂ ਲਵਾਉਂਦੈ, ਫੇਰ ਨਿਗ੍ਹਾ ਘਟ ਜਾਂਦੀ ਹੈ। ਕੰਨਾਂ ਨਾਲ ਸੁਣਦਾ ਨਹੀਂ। ਕਹਿੰਦਾ, ਮੈਨੂੰ ਨਹੀਂ ਸੁਣਦੀ ਇਹ ਗੱਲ, ਹੋਰ ਉੱਚੀ ਬੋਲ। ਪੈਰਾਂ ਤੋਂ ਤੁਰਿਆ ਨਹੀਂ ਜਾਂਦਾ, ਬੈਠ ਕੇ ਉਠ ਨਹੀਂ ਹੁੰਦਾ। ਕਹਿੰਦੇ, ਇਹ ਤਾਂ ਸਾਰੇ ਜਿਹੜੇ ਤੇਰੇ ਨਾਲ ਆਏ ਸੀ, ਤੁਰ ਗਏ ਪਿਆਰਿਆ। ਧਾਹਾਂ ਮਾਰਦੈ ਕਿ ਮੇਰੇ ਨਾਲ ਜੋ ਸੀ ਸਭ ਸਾਥ ਛਡ ਗਏ, ਮੈਂ ਇਕੱਲਾ ਹੀ ਰਹਿ ਗਿਆ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩ ॥*
*ਅੰਗ - ੧੩੮੧*

ਸੋ ਸਮਾਂ ਲੰਘਦਾ ਜਾਂਦੈ। ਜਿਸ ਤੋਂ ਸੰਭਾਲ ਹੁੰਦੈ ਸਾਧਸੰਗਤ ਜੀ ਸੰਭਾਲੋ -

*ਇਹ ਠਹਿਰਨ ਜਾਂਚ ਨਾ ਜਾਣਦਾ।*
*ਲੰਘ ਗਿਆ ਨਾ ਮੁੜ ਕੇ ਆਂਵਦਾ। ਭਾਈ ਵੀਰ ਸਿੰਘ ਜੀ*

ਲੰਘ ਗਿਆ, ਸੋ ਲੰਘ ਗਿਆ। ਦੇਖ ਲਓ, ਉਹ ਕਿਹੜੇ ਵੇਲੇ ਸੀਗੇ, ਜਦੋਂ ਮਾਂ-ਬਾਪ ਗੋਦੀਆਂ ਚੁੱਕ ਕੇ ਲਿਜਾਂਦੇ, ਖਿਲਾਉਂਦੇ ਫਿਰਦੇ ਸੀ ਤੇ ਅੱਜ ਕਿਹੜੇ ਮੌਕੇ ਆ ਗਏ। ਨਾ ਮਾਂ-ਨਾ ਪਿਓ, ਨਾ ਕੋਈ ਭਰਾ, ਪਤਾ ਨਹੀਂ ਕਿਧਰ ਅਲੋਪ ਹੋ ਗਏ।

ਮੈਂ ਪਿੰਡ ਗਿਆ। ਮੇਰਾ ਹਮ-ਜਮਾਤੀ ਸੀ, ਇਕ ਕਲਾਸ ਮੂਹਰੇ ਪੜ੍ਹਦਾ ਹੁੰਦਾ। ਮੈਂ ਕਿਹਾ, ਤੇਜਾ ਸਿੰਘਾ! ਕੀ ਹਾਲ ਹੈ? ਅੱਖਾਂ 'ਤੇ ਹੱਥ ਰੱਖ ਕੇ ਦੇਖੀ ਜਾਵੇ ਮੈਨੂੰ। ਕਹਿੰਦਾ, ਤੂੰ ਵਰਿਆਮ ਸਿੰਘ ਨੀਂ?

ਮੈਂ ਕਿਹਾ, ਹਾਂ।

ਕਹਿੰਦਾ, ਮੈਂ ਤੈਨੂੰ ਇਕੋ ਗੱਲ ਨਾਲ ਸਾਰਿਆਂ ਦਾ ਜਵਾਬ ਦੇ ਦੇਵਾਂ?

ਮੈਂ ਕਿਹਾ, ਦਸ?

ਕਹਿੰਦਾ ਇਕ ਤੂੰ, ਇਕ ਮੈਂ। ਚਾਰ ਸਾਲ ਪਹਿਲਾਂ ਪੜ੍ਹਨ ਵਾਲੇ, ਚਾਰ ਸਾਲ ਪਿਛੋਂ ਪੜ੍ਹਨ ਵਾਲੇ, ਕਹਿੰਦਾ ਕੋਈ ਨਹੀਂ ਇਥੇ ਰਿਹਾ। ਸਭ ਤੁਰ ਗਏ। ਆਪਾਂ ਦੋ ਰਹਿ ਗਏ।

ਇਹ ਚਲੋ ਚਲੀ ਦਾ ਡੇਰਾ ਹੈ ਸਾਧਸੰਗਤ ਜੀ। ਥੋੜ੍ਹੀ ਦੇਰ ਵਾਸਤੇ ਇਥੇ ਬੰਦਾ ਆਇਆ ਹੈ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ ੧ ॥*
*ਅੰਗ - ੪੩*

ਇਕਨਾ ਨੂੰ ਤਾਂ ਸੋਝੀ ਆ ਗਈ। ਇਕ ਵੇਪਰਵਾਹ ਫਿਰਦੇ ਨੇ। ਸੁਣਦੇ ਹੀ ਨਹੀਂ ਹਨ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥ ੧੫ ॥*
*ਅੰਗ- ੧੩੭੮*

ਸੋ ਸਮਾਂ ਜਿਹੜਾ ਹੈ ਇਹਨੂੰ ਲੇਖੇ 'ਚ ਲਾ ਲਓ।

*(ਬਾਕੀ ਪੰਨਾ 39 'ਤੇ)*

# ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

***(ਲੜੀ ਜੋੜਨ ਲਈ, ਦੇਖੋ ਸਤੰਬਰ ਅੰਕ, ਪੰਨਾ-31)***

ਪਾਤਸ਼ਾਹ! ਮੈਨੂੰ ਨਹੀਂ ਪਤਾ ਕਿ ਤੁਹਾਡੇ ਬੋਲਾਂ ਵਿਚ ਕੀ ਜਾਦੂ ਹੈ, ਪਰ ਇਕ-ਇਕ ਗੱਲ ਮੇਰੇ ਅੰਦਰ ਲਹਿੰਦੀ ਤੁਰੀ ਜਾਂਦੀ ਹੈ। ਲਹਿੰਦੀ ਹੀ ਨਹੀਂ ਹੈ, ਮੈਂ ਕੀ ਦਸਾਂ ਮੇਰੇ ਅੰਦਰ ਬਹੁਤ ਘਮਸਾਨ ਮਚ ਪਿਆ, ਬੜੀ ਹਿਲਜੁਲ ਪੈਦਾ ਕਰ ਦਿਤੀ ਹੈ। ਹੈਨ ਸ਼ਬਦ ਤੁਹਾਡੇ ਪਰ ਮੈਨੂੰ ਤਾਂ ਇਸ ਤਰ੍ਹਾਂ ਲਗਦੈ ਕਿ ਇਹ ਸਹਿ ਨਹੀਂ ਸਕਣੇ। ਪਾਤਸ਼ਾਹ! ਬਹੁਤ ਸੰਤਾਂ ਤੋਂ ਇਹ ਗੱਲਾਂ ਮੈਂ ਪਹਿਲਾਂ ਸੁਣ ਚੁਕਿਆ ਹਾਂ। ਪਰ ਉਹ ਜੋ ਬਾਤਾਂ ਸੀ, ਮੈਂ ਕਿਹਾ ਕਿ ਸੰਤ ਇਵੇਂ ਜਿਵੇਂ ਗੱਲਾਂ ਕਰਦੇ ਹੁੰਦੇ ਨੇ, ਇਹਨਾਂ ਨੂੰ ਕੀ ਪਤੈ ਇਹਨਾਂ ਗੱਲਾਂ ਦਾ। ਪਰ ਤੁਹਾਡੇ ਵਰਗੀ ਗੱਲ ਤਾਂ ਅੱਜ ਤੱਕ ਕਿਸੇ ਨੇ ਕਰੀ ਨਹੀਂ। ਮੈਂ ਮੰਨਦਾਂ ਹਾਂ ਠੀਕ ਹੈ, ਜਿਹੜਾ ਮੈਂ ਖੋਹ ਖਿੰਝ ਕੇ ਲਿਆਉਂਦਾ ਹਾਂ ਪਾਤਸ਼ਾਹ! ਉਹ ਮੈਂ ਘਰ ਤਾਂ ਲੈ ਕੇ ਨਹੀਂ ਜਾਂਦਾ। ਬਾਹਰ ਰਖਿਆ ਹੋਇਐ।

ਕਹਿੰਦੇ, ਭੂਮੀਆਂ! ਅਸੀਂ ਤਾਂ ਤੈਨੂੰ ਇਕ ਸਵਾਲ ਕਰਦੇ ਹਾਂ। ਬਾਹਰ ਅਰ ਅੰਦਰ ਦੀ ਗੱਲ ਫੇਰ ਕਰਾਂਗੇ। ਤੂੰ ਇਹ ਦਸ, ਜਿਹੜੇ ਤੂੰ ਕਰਮ ਕਰਦੈਂ, ਇਹ ਬੀਜਦਾ ਹੈਂ ਨਾ, ਫੇਰ ਇਹਦਾ ਫਲ ਵੀ ਭੋਗਣਾ ਪਵੇਗਾ। ਜਦੋਂ ਫਲ ਭੋਗੇਂਗਾ, ਉਸ ਵੇਲੇ ਤੈਨੂੰ ਬਹੁਤ ਔਖ ਹੋ ਜਾਣੀ ਹੈ -

*ਧਾਰਨਾ - ਕਾਲੇ ਲੇਖ ਨਾ ਲਿਖੀਂ ਓ ਮਨਾਂ ਮੇਰਿਆ,*
*ਲੇਖਾ ਦੇਣਾ ਔਖਾ ਹੌਜੂਗਾ।*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ੨੭ ॥*
*ਅੰਗ - ੩੧੫*

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥ ੬ ॥*
*ਅੰਗ- ੧੩੭੮*

ਕਾਲੇ ਲੇਖ ਨਾ ਲਿਖ, ਲੇਖਾ ਦੇਣਾ ਬੜਾ ਔਖਾ ਹੋ ਜਾਏਗਾ -

*ਕਬੀਰ ਲੇਖਾ ਦੇਣਾ ਸੁਹੇਲਾ ਜਉ ਦਿਲ ਸੂਚੀ ਹੋਇ ॥*
*ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥ ੨੦੧ ॥*
*ਅੰਗ - ੧੩੭੫*

ਸੱਚੇ ਪਾਤਸ਼ਾਹ! ਮੇਰੀ ਵੀ ਬੇਨਤੀ ਸੁਣ ਲਓ ਨਾ। ਕਹਿੰਦੇ, ਦਸ।

ਕਹਿੰਦਾ, ਮਹਾਰਾਜ! ਮੈਂ ਪੁੰਨ ਵੀ ਨਾਲ ਕਰਦਾਂ। ਕਾਹਦਾ ਪੁੰਨ ਕਰਦੈਂ। ਲੁੱਟ ਕੇ ਲਿਆਉਂਦੈ, ਫੇਰ ਅਗਾਂਹਾਂ ਕੀ ਕਰਦੈਂ?

ਕਹਿੰਦਾ, ਮਹਾਰਾਜ! ਫੇਰ ਮੈਂ ਤੁਹਾਡੇ ਵਰਗੇ ਸਾਧੂਆਂ ਨੂੰ ਪ੍ਰਸ਼ਾਦਾ ਛਕਾਉਂਦਾਂ। ਉਹਦੇ ਵਿਚੋਂ ਵਸਤਰ ਦਿੰਦਾਂ। ਰਹਿਣ ਨੂੰ ਜਗ੍ਹਾ ਬਣਾਈ ਹੈ। ਸਾਰੀਆਂ ਸਹੂਲਤਾਂ ਇਸ਼ਨਾਨ ਕਰਨ ਦੀਆਂ, ਕੱਪੜਾ ਲੀੜਾ ਜੋ ਮੰਗਦੈ ਮੈਂ ਦਿੰਦਾ ਹਾਂ ਸੱਚੇ ਪਾਤਸ਼ਾਹ। ਮੈਂ ਤਾਂ ਨਹੀਂ ਨਾ ਉਹ ਖਾਂਦਾ?

ਕਹਿੰਦੇ, ਭੂਮੀਆਂ! ਇਕ ਗੱਲ ਦਸ, ਭਲਾ ਜੇ ਤੇਰੀ ਗੱਲ ਵੀ ਮੰਨ ਲਈਏ ਨਾ। ਉਹ ਤੇਰੀ ਮਲਕੀਅਤ ਤਾਂ ਹੈ ਨਹੀਂ, ਤੈਨੂੰ ਤਾਂ ਕੋਈ ਪੁੰਨ ਲੱਗਿਆ ਨਾ ਉਸਦਾ ਕਿਉਂਕਿ ਬੇਗਾਨਾ ਮਾਲ ਹੈ। ਬੇਗਾਨੀ ਚੀਜ਼ ਪਾਪ ਕਰਕੇ ਤੂੰ ਦਿੰਦੈਂ। ਦੂਸਰੀ ਤੈਨੂੰ ਗੱਲ ਅਸੀਂ ਇਹ ਦਸਦੇ ਹਾਂ। ਇਹਨੂੰ ਤੂੰ ਦਾਨ ਕਹਿੰਦਾ ਹੈ ਨਾ? ਕਹਿੰਦਾ, ਦਾਨ ਕਹਿੰਦਾ ਹਾਂ। ਕਹਿੰਦੇ ਇਸ ਦਾਨ ਦੇ ਵਿਚ ਹਉਕੇ ਨੇ। ਇਸ ਦਾਨ ਦੇ ਵਿਚ ਬਦ-ਦੁਆਵਾਂ ਨੇ। ਇਹ ਦਾਨ ਜਿਹੜਾ ਸਾਧੂ ਸੰਤ ਖਾਏਗਾ, ਤੂੰ ਉਹਨਾਂ ਨਾਲ ਵੀ ਧੱਕਾ ਕਰਦੈਂ ਪਿਆਰਿਆ। ਪੁੰਨ ਦੀ ਥਾਂ 'ਤੇ ਉਹਨਾਂ ਨਾਲ ਵੀ ਪਾਪ ਕਰਦੈਂ। ਉਹਨਾਂ ਦੀਆਂ ਲੱਗੀਆਂ ਹੋਈਆਂ ਬਿਰਤੀਆਂ ਟੁੱਟ ਜਾਣਗੀਆਂ। ਬਿਘਨ ਉਹਨਾਂ ਦੇ ਸਰੀਰ 'ਤੇ ਆ ਜਾਣਗੇ, ਭਜਨ ਕਰਨ ਤੋਂ ਹਟ ਜਾਣਗੇ। ਫੇਰ ਤੇਰਾ ਪੁੰਨ ਹੋਇਆ ਕਿ ਪਾਪ ਹੋਇਆ? ਓਧਰ ਵੀ ਤੇਰਾ ਪਾਪ ਹੈ, ਏਧਰ ਵੀ ਤੇਰਾ ਪਾਪ ਹੈ।

ਇਕ ਮਹਾਤਮਾ ਕਥਾ ਕਰਦੇ ਸੀ, ਉਸ ਦੇਸ਼ ਦਾ ਰਾਜਾ ਇਕ ਵਾਰੀ ਕੋਲੋਂ ਲੰਘਿਆ, ਉਹਨੇ ਬੈਠ ਕੇ ਸੋਚਿਆ, ਜਾਂਦੇ-ਜਾਂਦੇ ਕੁਛ ਦੇਰ ਬੈਠ ਕੇ ਕਥਾ ਸੁਣੀਏ। ਜਾਣਦਾ ਕੋਈ ਨਹੀਂ ਸੀ ਉਥੇ, ਕਿਉਂਕਿ ਭੇਖ ਐਸਾ ਧਾਰਿਆ ਹੋਇਆ ਸੀ। ਉਹ ਚੁਪ ਕਰਕੇ ਬਹਿ ਗਿਆ ਸੰਗਤ 'ਚ। ਬਹੁਤ ਸੋਹਣੀ ਲੱਗੀ, ਰੋਜ਼ ਆਉਣਾ ਸ਼ੁਰੂ ਕਰ ਦਿਤਾ। ਇਕ ਬੇਨਤੀ ਕਰੀ ਕਿ ਮਹਾਰਾਜ ਇਥੇ

ਐਨੀਆਂ ਸਹੂਲਤਾਂ ਨਹੀ ਹਨ। ਕ੍ਰਿਪਾ ਕਰੋ, ਮੈਂ ਇਸ ਦੇਸ਼ ਦਾ ਰਾਜਾ ਹਾਂ। ਤੁਸੀਂ ਮਹਿਲਾਂ ਦੇ ਵਿਚ ਨਿਵਾਸ ਕਰੋ। ਮੈਨੂੰ ਤੁਹਾਡੇ ਉਤੇ ਬੜੀ ਸ਼ਰਧਾ ਹੋ ਆਈ ਹੈ ਤੇ ਤੁਸੀਂ ਇਹ ਗੱਲ ਕਰੋ, ਮਹਿਲਾਂ ਦੇ ਵਿਚ ਰਹੋ, ਉਥੇ ਹੀ ਮੈਂ ਸਤਿਸੰਗ ਦਾ ਸਥਾਨ ਬਣਾ ਦਿੰਦਾ ਹਾਂ। ਪਰਜਾ ਆਏਗੀ, ਜਲ ਵਾਲੇ ਨੂੰ ਜਲ ਮਿਲੇਗਾ। ਪ੍ਰਸ਼ਾਦ ਪਾਣੀ ਵਾਲੇ ਨੂੰ ਪ੍ਰਸ਼ਾਦ ਪਾਣੀ ਮਿਲੇਗਾ ਤੇ ਇਸ ਤਰ੍ਹਾਂ ਕਥਾ ਵੀ ਹੁੰਦੀ ਰਹੇਗੀ ਤੇ ਮਹਿਲਾਂ ਦੇ ਵਿਚ ਕਥਾ ਹੋਣ ਨਾਲ ਸੰਗਤ ਵੀ ਬਹੁਤੀ ਆਉਣੀ ਸ਼ੁਰੂ ਹੋ ਜਾਏਗੀ। ਸੋ ਬਹੁਤਾ ਉਧਾਰ ਹੋ ਜਾਏਗਾ। ਪੰਜ ਚਾਰ ਵਾਰੀ ਰਾਜੇ ਨੇ ਕਿਹਾ, ਸੰਤਾਂ ਨੂੰ ਮਨਾ ਲਿਆ।

ਕਹਿੰਦੇ, ਰਾਜਨ! ਹੋਰ ਤਾਂ ਠੀਕ ਹੈ ਸਾਰਾ। ਪਰ ਇਥੇ ਅਸੀਂ ਮੰਧੂਕੜੀ ਖਾਂਦੇ ਹਾਂ। ਅਸੀਂ ਤੁਰ ਜਾਂਦੇ ਹਾਂ ਸ਼ਹਿਰ ਦੇ ਅੰਦਰ, ਜਿਧਰ ਸਾਡਾ ਮੂੰਹ ਹੋਵੇ, ਜਾ ਕੇ ਸਤਿ ਨਾਰਾਇਣ ਦੀ ਅਵਾਜ਼ ਦਿੰਦੇ ਹਾਂ। ਜਿਹੜਾ ਕੁਛ ਲੈ ਆਉਂਦੈ, ਆਪਣੇ ਹੱਥ 'ਤੇ ਧਰ ਲੈਂਦੇ ਹਾਂ। ਇਕ ਪ੍ਰਸ਼ਾਦਾ ਕੋਈ ਲੈ ਆਇਆ, ਇਕ ਨਾਲ ਗੁਜ਼ਾਰਾ, ਦੋ ਦੇ ਗਿਆ ਕੋਈ ਦੋ ਖਾ ਲਿਆ। ਅਸੀਂ ਅਨੰਦ ਲੈਂਦੇ ਹਾਂ ਇਹੀ ਛਕ ਛਕਾ ਕੇ। ਅਸੀਂ ਜਦੋਂ ਤੁਹਾਡੇ ਆ ਜਾਣੈ, ਇਥੇ ਰਾਜ ਅੰਸ਼ ਦਾ ਅੰਨ੍ਹ ਸਾਨੂੰ ਖਾਣਾ ਪੈਣੈ। ਰਾਜ ਅੰਸ ਦਾ ਅੰਨ ਸ਼ੁੱਧ ਨਹੀਂ ਹੋਇਆ ਕਰਦਾ ਮਹਾਰਾਜ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਮੈਂ ਇਥੇ ਬਹੁਤ ਸੁਖਾਲਾ ਹਾਂ –

*ਕਬੀਰ ਭਲੀ ਮਧੁਕਰੀ ਨਾਨਾ ਬਿਧਿ ਕੋ ਨਾਜੁ ॥*
*ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥ ੧੮੮ ॥*
*ਅੰਗ – ੧੩੭੩*

ਜਿਹੋ ਜਿਹਾ ਮਿਲ ਜਾਂਦੈ ਛਕ ਲਈਦੈ, ਪਰਾਲਬਧ ਦੇ ਮੁਤਾਬਿਕ।

ਕਹਿੰਦਾ, ਨਹੀਂ ਮਹਾਰਾਜ! ਬਹੁਤ ਸੋਧ ਕੇ ਅੰਨ੍ਹ ਬਣਿਆ ਕਰੇਗਾ। ਤੁਸੀਂ ਫ਼ਿਕਰ ਨਾ ਕਰੋ।

ਰਾਜਾ ਮਹਾਤਮਾ ਨੂੰ ਲੈ ਆਇਆ ਆਪਣੇ ਬੈਡਰੂਮ ਦੇ ਬਰਾਬਰ ਥਾਂ ਦੇ ਦਿਤਾ। ਬਾਥਰੂਮ ਸਾਂਝਾ ਸੀ। ਕਹਿੰਦਾ, ਮਹਾਰਾਜ! ਤੁਸੀਂ ਪਹਿਲਾਂ ਇਸ਼ਨਾਨ ਕਰ ਲਿਆ ਕਰੋ, ਅਸੀਂ ਗ੍ਰਹਿਸਤੀ ਲੋਕ ਹਾਂ, ਅਸੀਂ ਦਿਨ ਚੜ੍ਹੇ ਕਰ ਲਿਆ ਕਰਾਂਗੇ। ਉਹਦੇ ਰਹਿਣ ਦੇ ਨਾਲ ਹੋਇਆ ਕਿ ਉਹ ਵੀ ਅੰਮ੍ਰਿਤ ਵੇਲੇ ਜਾਗਣ ਲਗ ਗਏ। ਭਜਨ ਕਰਨ ਲਗ ਗਏ। ਕਾਫੀ ਸਮਾਂ ਲੰਘ ਗਿਆ। ਇਕ ਦਿਨ ਐਸਾ ਹੋਇਆ ਕਿ ਰਾਣੀ ਨੇ ਇਸ਼ਨਾਨ ਪਹਿਲਾਂ ਕਰ ਲਿਆ। ਰਾਜਾ ਤੇ ਰਾਣੀ ਉਸ ਦਿਨ ਬਾਹਰੋਂ ਆਏ ਸੀਗੇ, ਉਸ ਵੇਲੇ ਰਾਣੀ ਦੇ ਪੂਰੇ ਹਾਰ-ਸ਼ਿੰਗਾਰ ਪਾਏ ਹੋਏ ਸੀ ਤੇ ਉਹ ਜਦੋਂ ਇਸ਼ਨਾਨ ਕਰਨ ਗਈ ਤਾਂ ਨੌਂ ਲੱਖਾ ਹਾਰ ਸੀ ਉਹਦਾ। ਉਹ ਕਿਲੀ 'ਤੇ ਟੰਗ ਕੇ ਇਸ਼ਨਾਨ ਕਰਨ ਲਗ ਗਈ। ਵਾਪਸ ਆਈ ਭੁੱਲ ਗਈ। ਬਾਥਰੂਮ ਖੁਲ੍ਹਾ ਸੀ। ਸੰਤ ਉਠੇ, ਉਹਨਾਂ ਇਸ਼ਨਾਨ ਕਰਨ ਵਾਸਤੇ ਰੋਸ਼ਨੀ ਜਗਾਈ ਤੇ ਜਦੋਂ ਨਿਗ੍ਹਾ ਪਾਈ ਝਿਲਮਿਲ-ਝਿਲਮਿਲ ਕਰੇ ਉਹ ਹਾਰ। ਮਨ ਵਿਚ ਵਿਕਾਰ ਆ ਗਿਆ। ਹਾਰ ਚੁਕਿਆ ਬਾਹਰ ਆ ਗਏ, ਨ੍ਹਾਤੇ ਨਹੀਂ ਹੈਗੇ। ਉਥੋਂ ਹੀ ਪੋਟਲੀ ਬੰਨ੍ਹੀ, ਮਹਿਲਾਂ ਤੋਂ ਬਾਹਰ ਹੋ ਗਏ। ਪਹਿਰੇਦਾਰਾਂ ਨੂੰ ਪਤਾ ਹੀ ਸੀ ਕਿ ਸੰਤ ਜੀ ਰਹਿੰਦੇ ਨੇ, ਮੌਜ ਦੇ ਮਾਲਕ ਨੇ ਜਿਥੇ ਜੀਅ ਕਰਦੈ ਜਾਣ। ਉਹਨਾਂ ਨੇ ਟੋਕਿਆ ਨਾ, ਉਸ ਤੋਂ ਬਾਅਦ ਉਹ ਮਹਿਲਾਂ 'ਚੋਂ ਨਿਕਲ ਕੇ ਪੂਰੇ ਜ਼ੋਰ ਨਾਲ ਨੱਠਦਾ ਹੀ ਗਿਆ ਕਿ ਕਿਤੇ ਜਾਗ ਨਾ ਆ ਜਾਏ, ਰਾਣੀ ਨੂੰ ਪਤਾ ਨਾ ਲਗ ਜਾਏ। ਇਹ ਹਾਰ ਬੜਾ ਕੀਮਤੀ ਹੈ। ਨੌਂ ਲੱਖ ਰੁਪਿਆ ਉਹਨਾਂ ਦਿਨਾਂ 'ਚ ਨੌਂ ਕਰੋੜ ਵਰਗਾ ਸੀ। ਇਹਨੂੰ ਵੇਚ ਕੇ ਬਹੁਤ ਵੱਡਾ ਆਸ਼ਰਮ ਬਣਾਵਾਂਗੇ। ਬਹੁਤ ਵੱਡੀ ਮਹਿਮਾਂ ਹੋਏਗੀ, ਵੱਡੀਆਂ ਸੂਰਤਾਂ ਆਉਣਗੀਆਂ। ਬਹੁਤ ਮਸ਼ਹੂਰ ਮੰਦਰ ਬਣਾਵਾਂਗੇ। ਐਸੀਆ ਸਲਾਹਾਂ ਕਰਦਾ, ਜੰਗਲਾਂ 'ਚੀਂ ਹੁੰਦਾ ਹੋਇਆ, ਦੌੜਿਆ ਚਲਿਆ ਗਿਆ।

ਇਧਰ ਦਿਨ ਚੜ੍ਹਿਆ। ਰਾਣੀ ਨੂੰ ਲੋੜ ਪਈ। ਹਾਰ ਦੀ ਤਲਾਸ਼ ਹੋਣੀ ਸ਼ੁਰੂ ਹੋ ਗਈ। ਅਖੀਰ ਯਾਦ ਆ ਗਿਆ ਰਾਣੀ ਦੇ ਕਿ ਮੈਂ ਤਾਂ ਬਾਥਰੂਮ 'ਚ ਲਾਹਿਆ ਸੀ। ਉਥੇ ਪੁਛਿਆ। ਖਿਆਲ ਹੋਇਆ ਕਿ ਸੰਤ ਬਾਅਦ ਵਿਚ ਇਸ਼ਨਾਨ ਕਰਦੇ ਸੀ, ਉਹ ਸ਼ਾਇਦ ਉਹਨਾਂ ਨੇ ਲੈ ਲਿਆ ਹੋਵੇ, ਤੀਸਰਾ ਬੰਦਾ ਕੋਈ ਅੰਦਰ ਨਹੀਂ ਆਇਆ।

ਰਾਜੇ ਪਾਸ ਬਾਤ ਪਹੁੰਚੀ। ਰਾਜੇ ਨੇ ਕਿਹਾ ਕਿ ਸੰਤਾਂ ਦਾ ਪਤਾ ਕਰੋ, ਕਿਥੇ ਨੇ?

ਪਹਿਰੇਦਾਰਾਂ ਨੇ ਕਿਹਾ ਮਹਾਰਾਜ! ਉਹ ਤਾਂ ਦੋ ਵਜੇ ਤੜਕਿਓਂ ਚਲੇ ਗਏ ਨੇ, ਮੁੜ ਕੇ ਨਹੀਂ ਆਏ।

ਸ਼ੱਕ ਪੈ ਗਿਆ ਰਾਜੇ ਨੂੰ। ਉਹਨੇ ਕਿਹਾ ਕਿ ਜੰਗਲਾਂ ਦੇ ਵਿਚ ਤਲਾਸ਼ ਕਰੋ। ਲੇਕਿਨ ਉਹ ਹੱਥ ਨਾ ਆ ਆਇਆ। ਦੂਸਰੇ ਰਾਜੇ ਦੇ ਰਾਜ ਵਿਚ ਚਲਿਆ ਗਿਆ। ਛੋਟੇ-ਛੋਟੇ ਰਾਜ ਹੁੰਦੇ।

ਉਥੇ ਗਿਆ, ਉਥੇ ਇਕ ਸੋਹਣਾ ਮੰਦਰ ਦੇਖ ਕੇ ਉਹਨੇ ਉਥੇ ਰਹਿਣਾ ਸ਼ੁਰੂ ਕਰ ਦਿਤਾ। ਬਿਮਾਰ ਹੋ ਗਿਆ। ਅਤੀਸਾਰ ਲਗ ਗਏ। ਢਾਈ ਮਹੀਨੇ ਮਰੋੜੇ ਹਟੇ ਹੀ ਨਹੀਂ। ਸੁੱਕ ਕੇ ਤੀਲੇ ਵਰਗਾ ਹੋ ਗਿਆ।

ਇਧਰ ਰਾਜੇ ਨੇ ਕਿਹਾ ਕਿ ਜੇ ਉਹ ਸੰਤ ਮਿਲਣ ਤਾਂ ਇਕ ਦਮ ਮੇਰੇ ਪੇਸ਼ ਕਰਿਓ। ਜਿਸ ਵਕਤ ਉਹ ਥੋੜ੍ਹਾ ਰਾਜ਼ੀ ਹੋਇਆ ਤਾਂ ਉਸ ਨੇ ਹਾਰ ਦੀ ਪੋਟਲੀ ਚੁੱਕੀ, ਉਸੇ ਰਾਜੇ ਦੇ ਰਾਜ ਵਿਚ ਵਾਪਸ ਆ ਗਿਆ। ਕਚਹਿਰੀ ਲੱਗੀ ਹੋਈ ਸੀ, ਸਿੱਧਾ ਰਾਜੇ ਦੇ ਦਰਬਾਰ 'ਚ ਚਲਿਆ ਗਿਆ। ਰਾਜੇ ਨੇ ਵੀ ਦੇਖਿਆ, ਪਛਾਣ ਤਾਂ

ਆਵੇ, ਪਰ ਬਹੁਤ ਪਤਲਾ ਹੋ ਚੁਕਿਆ ਸੀ, ਬਿਮਾਰ ਸੀ। ਬੋਲ ਵਿਚ ਵੀ ਫਰਕ ਪਿਆ ਹੋਇਆ ਸੀ, ਸਰੀਰ ਵਿਚ ਵੀ ਫਰਕ ਪਿਆ ਹੋਇਆ ਸੀ, ਅੱਖਾਂ ਗਡੀਆਂ ਹੋਈਆਂ, ਜ਼ਾਬਾਂ ਨਿਕਲੀਆਂ ਹੋਈਆਂ। ਪਛਾਨਣ ਦੀ ਕੋਸ਼ਿਸ਼ ਕਰੇ ਪਰ ਪਛਾਣ ਨਾ ਹੋਇਆ।

ਉਸ ਨੇ ਪੋਟਲੀ ਲਿਜਾ ਕੇ ਰਾਜੇ ਦੇ ਮੇਜ 'ਤੇ ਰਖ ਦਿਤੀ, ਲਓ ਮਹਾਰਾਜ।

ਕਹਿੰਦਾ, ਕੌਣ ਹੈਂ ਤੂੰ?

ਕਹਿਣ ਲੱਗਿਆ, ਮੈਂ ਤੇਰਾ ਚੋਰ।

ਇਹ ਕੀ ਹੈ?

ਕਹਿੰਦਾ, ਨੌਂ ਲੱਖਾ ਹਾਰ।

ਕਹਿੰਦੇ, ਐ ਚੋਰ! ਪਹਿਲਾਂ ਤੂੰ ਇਹ ਦਸ ਤੇਰੀ ਪਹੁੰਚ ਕਿਵੇਂ ਹੋ ਗਈ, ਮਹਿਲਾਂ 'ਤੇ?

ਕਹਿੰਦਾ, ਮਹਾਰਾਜ! ਮੈਂ ਚੋਰ ਨਹੀਂ ਸੀ, ਮੈਂ ਸੰਤ ਸੀ। ਜਿਹਨੂੰ ਤੁਸੀਂ ਬੈਡਰੂਮ ਦਿਤਾ ਸੀ। ਤੇ ਮੈਂ ਇਹੀ ਗੱਲ ਤੁਹਾਡੇ ਕੋਲ ਪੁੱਛਣ ਵਾਸਤੇ ਆਇਆ ਹਾਂ ਕਿ ਮੇਰੀ ਬੁੱਧੀ ਭ੍ਰਿਸ਼ਟ ਕਿਵੇਂ ਹੋ ਗਈ? ਮੈਂ ਤੁਹਾਡਾ ਰਾਜ ਅੰਨ ਖਾਧੈ ਤੇ ਮੇਰੀ ਬੁੱਧੀ ਭ੍ਰਿਸ਼ਟ ਹੋ ਗਈ। ਮੈਂ ਚੋਰ ਬਣ ਗਿਆ। ਹੁਣ ਮੈਨੂੰ ਐਨੇ ਮਰੋੜੇ ਲੱਗੇ ਤੇ ਮਾੜਾ ਖ਼ੂਨ ਜੋ ਸੀ ਉਹ ਨਿਕਲ ਗਿਆ। ਲੋਭ ਰਤ ਜਿਹੜੀ ਸੀ ਉਹ ਨਿਕਲ ਗਈ। ਹੁਣ ਤੁਸੀਂ ਮੈਨੂੰ ਦਸੋ ਇਹ ਪਰਿਵਰਤਨ ਮੇਰੇ 'ਚ ਕਿਵੇਂ ਹੋਇਆ। ਖੋਜ ਕਰਕੇ ਦਸੋ ਕਿ ਉਹ ਰਾਜ ਅੰਨੁ ਕਿਥੋਂ ਆ ਰਿਹਾ ਸੀ?

ਜਦੋਂ ਇਹ ਗੱਲ ਪੜਤਾਲ 'ਚ ਆਈ ਤਾਂ ਉਹਨਾਂ ਨੇ ਦਸਿਆ ਕਿ ਇਕ ਵਿਆਜ ਖੋਰ ਗਰੀਬ ਦਾ ਅਨਾਜ ਚੁੱਕ ਕੇ ਲਿਆਇਆ ਸੀ। ਉਹਦੇ ਘਰ ਇਕ ਪਾ ਦਾਣੇ ਵੀ ਨਾ ਛੱਡ ਕੇ ਆਏ। ਉਹ ਦਾਣੇ ਮਹਾਰਾਜ ਉਸ ਨੇ ਲਿਆ ਕੇ ਰੱਖੇ। ਇਧਰੋਂ ਉਸ ਤੋਂ ਸਰਕਾਰ ਨੇ ਦਾਣਿਆਂ ਦਾ ਟੈਕਸ ਲੈਣਾ ਸੀ। ਉਹਨੇ ਓਹੀ ਦਾਣੇ ਚੁਕਾ ਦਿਤੇ। ਮਹਾਰਾਜ ਉਹ ਲੰਗਰ 'ਚ ਬਣਦੇ ਰਹੇ। ਉਹ ਮਾੜਾ ਅੰਨ ਸੀ। ਮਾੜੇ ਅੰਨ ਨੇ ਅਸਰ ਕੀ ਕਰਿਆ, ਸੰਤ ਦੀ ਬੁੱਧੀ ਵੀ ਭ੍ਰਿਸ਼ਟ ਕਰ ਦਿਤੀ।

ਮਹਾਤਮਾ ਕਹਿੰਦਾ, ਮਹਾਰਾਜ! ਇਹ ਮੇਰਾ ਦੋਸ਼ ਨਹੀਂ, ਤੇਰੇ ਅੰਨ ਦਾ ਦੋਸ਼ ਹੈ। ਤੇਰਾ ਅੰਨ ਮੈਂ ਖਾਧਾ ਤੇ ਉਹਦਾ ਨਤੀਜਾ ਕੀ ਹੋਇਆ, ਮੈਂ ਚੋਰ ਬਣ ਗਿਆ। ਮੇਰਾ ਜਪ, ਤਪ ਜੋ ਵੀ ਸੀ, ਸਾਰੇ ਦਾ ਸਾਰਾ ਮੇਰਾ ਭ੍ਰਿਸ਼ਟ ਹੋ ਗਿਆ, ਕੇਵਲ ਮਾੜਾ ਅੰਨ ਖਾਣ ਦੇ ਨਾਲ।

ਇਕ ਵਾਰੀ ਬਾਬਾ ਕਰਮ ਸਿੰਘ ਜੀ ਮਹਾਰਾਜ ਕੁਰਸੀ 'ਤੇ ਬੈਠੇ ਨੇ, ਇਕ ਕੋਈ ਆਫੀਸਰ ਆਇਆ। ਉਹਨੇ ਹਜ਼ਾਰ ਰੁਪਿਆ ਸੰਤਾਂ ਦੇ ਅੱਗੇ ਮੱਥਾ ਟੇਕ ਦਿਤਾ। ਉਹਨਾਂ ਦਿਨਾਂ ਵਿਚ ਹਜ਼ਾਰ ਰੁਪਿਆ ਲੱਖ ਤੋਂ ਵੀ ਵੱਧ ਕੀਮਤ ਰਖਦਾ ਸੀ।

ਮਹਾਤਮਾ ਬੰਦਗੀ ਕਰਨ ਵਾਲੇ, ਤ੍ਰਿਕਾਲਦਰਸ਼ੀ ਸੀ। ਇਕ ਦਮ ਉਹਨਾਂ ਨੇ ਦੇਖ ਲਿਆ ਕਿ ਮਾੜਾ ਰੁਪਿਆ ਆ ਗਿਆ। ਜੋੜਾ ਪਾਇਆ ਹੋਇਆ ਸੀ ਆਪ ਨੇ, ਜੋੜੇ ਦੀ ਨੋਕ ਨਾਲ ਆਪ ਨੇ ਪਰ੍ਹੇ ਨੂੰ ਕਰ ਦਿਤਾ। ਉਹ ਬੈਠਾ ਸੀ ਨੇੜੇ, ਫੇਰ ਹੱਥ ਨਾਲ ਨੇੜੇ ਨੂੰ ਕਰ ਦੇਵੇ। ਐਨੇ ਨੂੰ ਜਦੋਂ ਪੰਜ ਸੱਤ ਵਾਰੀ ਇਸ ਤਰ੍ਹਾਂ ਹੋਇਆ। ਬਾਬਾ ਜੀ ਕਹਿੰਦੇ, ਆਹ ਰੁਪਿਆ ਚੁੱਕ ਲੈ, ਅਸੀਂ ਨਹੀਂ ਲੈਣਾ।

ਕਹਿੰਦਾ, ਮਹਾਰਾਜ! ਇਹਦੇ 'ਚ ਕੀ ਦੋਸ਼ ਹੈ?

ਕਹਿੰਦੇ, ਦੋਸ਼ ਦਸ ਦੇਈਏ, ਸਾਰਿਆਂ ਦੇ ਸਾਮ੍ਹਣੇ? ਪਰ ਅਸੀਂ ਤੇਰਾ ਫੇਰ ਵੀ ਲਿਹਾਜ਼ ਕਰਦੇ ਹਾਂ। ਇਹਨੂੰ ਚੁੱਕ ਲੈ, ਸਾਡੇ ਕਿਸੇ ਕੰਮ ਨਹੀਂ ਹੈ ਇਹ ਰੁਪਿਆ। ਹੌਲੀ ਦੇ ਕੇ ਕਹਿੰਦੇ ਕਿ ਤੂੰ ਇਹ ਰਿਸ਼ਵਤ ਲਈ ਹੈ ਕਿ ਨਹੀਂ? ਅਸੀਂ ਤੇਰਾ ਪੜਦਾ ਫਾਸ਼ ਕਰ ਦੇਵਾਂਗੇ। ਜਿਹੜੇ ਸਾਧ ਦੇ ਪੇਟ ਵਿਚ ਅੰਨ ਜਾਊ ਜਾਂ ਵਸਤਰ ਪਹਿਨੂਗਾ, ਉਹਦਾ ਤਾਂ ਭੱਠਾ ਬਹਿ ਜਾਣਾ ਇਹਦੇ ਨਾਲ। ਮੈਂ ਸਾਧ ਮਾਰਨੇ ਨਹੀਂ ਹੈਂ, ਮੈਂ ਤਾਂ ਬਚਾ ਕੇ ਰਖਣੇ ਨੇ। ਭਜਨ ਬੰਦਗੀ 'ਚ ਲਾਉਣੇ ਨੇ।

ਐਨੇ ਨੂੰ ਇਕ ਮਾਈ ਆ ਗਈ। ਦੂਰ ਖੜ੍ਹੀ ਹੈ। ਵਸਤਰ ਮੈਲੇ ਨੇ, ਪਸੀਨਾ ਆਇਆ ਹੋਇਐ। ਬਾਬਾ ਜੀ ਕਹਿਣ ਲੱਗੇ, ਉਸ ਮਾਈ ਨੂੰ ਲਿਆਓ।

ਮਾਈ ਨੇੜੇ ਆ ਗਈ। ਮਾਈ ਭੇਟਾ ਵਾਸਤੇ ਜੇਬ 'ਚੋਂ ਇਕ ਲੀਰ ਕੱਢੀ। ਪੰਜ ਛੇ ਗੰਢਾਂ ਦਿਤੀਆਂ ਹੋਈਆਂ ਸੀ। ਉਹ ਹੌਲੀ-ਹੌਲੀ ਖੋਲ੍ਹ ਕੇ ਪੰਜ ਪੈਸੇ ਜਦੋਂ ਚਰਨਾਂ 'ਤੇ ਰਖਣ ਲੱਗੀ। ਬਾਬਾ ਜੀ ਨੇ ਹੱਥ ਅੱਗੇ ਕਰ ਦਿਤਾ। ਕਹਿੰਦੇ, ਲਿਆ ਮਾਤਾ। ਪੰਜ ਪੈਸੇ, ਕਦੇ ਇਕ ਹੱਥ 'ਚ ਰਖ ਲੈਂਦੇ ਨੇ ਕਦੇ ਦੂਸਰੇ 'ਚ। ਉਹਨੇ ਕਿਹਾ ਕਿ ਇਹ ਪੰਜ ਪੈਸਿਆਂ 'ਤੇ ਰੀਝ ਗਏ, ਮੇਰੇ ਹਜ਼ਾਰ ਰੁਪਏ 'ਤੇ ਵੀ ਨਹੀਂ ਰੀਝੇ।

ਬਾਬਾ ਜੀ ਕਹਿਣ ਲੱਗੇ, ਪ੍ਰੇਮੀਆਂ! ਪੁੱਛ ਇਸ ਮਾਤਾ ਨੂੰ ਕਿ ਇਹ ਕਿਵੇਂ ਲਿਆਈ ਹੈ। ਇਹ ਤਾਂ ਸਰਬੰਸ ਦਾਨ ਕਰ ਰਹੀ ਹੈ।

ਮਾਤਾ! ਪੰਜ ਪੈਸੇ ਕਿਵੇਂ ਜੋੜੇ ਨੇ ਤੂੰ?

ਕਹਿਣ ਲੱਗੀ, ਮਹਾਰਾਜ! ਮੇਰਾ ਪਤੀ ਚੜ੍ਹਾਈ ਕਰ ਗਿਆ। ਬੱਚੇ ਚੜ੍ਹਾਈ ਕਰ ਗਏ। ਵਡੇਰੀ ਹਾਂ ਮੈਂ, 80-85 ਸਾਲ ਤੋਂ ਉਤੇ ਹਾਂ ਮੈਂ। ਲੋਕਾਂ ਦੇ ਮੈਂ ਪੀਹਣ ਪੀਂਹਦੀ ਹਾਂ, ਕਪੜੇ ਧੋਂਦੀ ਹਾਂ। ਘਰ ਲਿਪਦੀ ਹਾਂ, ਭਾਂਡੇ ਮਾਂਜਦੀ ਹਾਂ, ਮਹਾਰਾਜ। ਪ੍ਰਸ਼ਾਦਾ ਤਾਂ ਮੈਨੂੰ ਦੇ ਦਿੰਦੇ ਨੇ। ਵਸਤਰ ਫਟ ਜਾਵੇ, ਕੋਈ ਬੀਬੀ ਪ੍ਰਮੇਸ਼ਰ ਦੇ ਭੈ ਵਾਲੀ ਮੈਨੂੰ

ਵਸਤਰ ਵੀ ਦੇ ਦਿੰਦੀ ਹੈ। ਕਦੇ-ਕਦੇ ਮੇਲੇ-ਮੁਸਾਵੇ 'ਤੇ ਮੈਨੂੰ ਇਕ ਪੈਸਾ ਵੀ ਮਿਲ ਜਾਂਦੈ। ਮਹਾਰਾਜ! ਮੈਂ ਇਕ ਸਾਲ 'ਚ ਪੰਜ ਪੈਸੇ ਜੋੜੇ ਨੇ। ਹੁਣ ਮੈਂ ਤੀਹ ਮੀਲ ਤੋਂ ਆਈ ਹਾਂ। ਕਿਰਾਇਆ ਮੇਰੇ ਕੋਲ ਹੈ ਨਹੀਂ ਸੀ। 10 ਮੀਲ ਮੈਂ ਰੋਜ਼ ਕਰਕੇ ਰਹਿ ਪੈਂਦੀ ਸੀ। ਅੱਜ ਤੀਸਰੇ ਦਿਨ ਮੈਂ ਤੁਹਾਡੇ ਦਰਬਾਰ 'ਚ ਪਹੁੰਚੀ ਹਾਂ। ਮਹਾਰਾਜ! ਇਹ ਮੈਂ ਪੰਜ ਪੈਸੇ ਭੇਟਾ ਲੈ ਕੇ ਆਈ ਹਾਂ।

ਕਹਿੰਦੇ, ਕਿਉਂ ਭਾਈ ਗੁਰਮੁਖੋ! ਇਹ ਕਿਰਤ ਕਮਾਈ ਹੈ। ਇਹ ਮਿਹਨਤ ਦੀ ਕਮਾਈ ਹੈ। ਮਿਹਨਤ ਦਾ ਕੀਤਾ ਹੋਇਆ ਦਾਨ ਜੋ ਹੈ, ਉਹ ਲੱਗਿਆ ਕਰਦੈ। ਦੂਸਰਾ ਜਿਹੜਾ ਦਾਨ ਹੈ ਉਹ ਤਾਂ ਦਾਨ ਦੇਣ ਵਾਲੇ ਨੂੰ ਵੀ ਪਾਪ ਲਗਦੈ ਤੇ ਜਿਹੜਾ ਲੈਂਦੈ ਉਹਨੂੰ ਵੀ ਪਾਪ ਲਗਦੈ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਦਸਾਂ ਨੌਹਾਂ ਦੀ ਕਮਾਈ ਫਲਦੀ,*
*ਦਾਨ ਦੇ ਕੇ ਸਾਧੂਆਂ ਨੂੰ।*
*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ੧ ॥*
*ਅੰਗ- ੪੭੨*

ਰਿਸ਼ਵਤ ਦਾ ਦਾਨ ਨਹੀਂ ਫਲਿਆ ਕਰਦਾ। ਰਿਸ਼ਵਤ ਦਾ ਦਾਨ, ਪਹਿਲਾਂ ਆਪ ਦੁਖੀ ਹੋਇਆ, ਪਾਪ ਦਾ ਭਾਗੀ ਹੋਇਆ। ਫੇਰ ਜਿਹੜਾ ਉਸ ਦਾਨ ਨੂੰ ਵਰਤਦੈ ਉਹ ਵੀ ਨਾਲ ਭਾਗੀ ਹੁੰਦੈ। ਫੇਰ ਉਹਦੇ ਵੀ ਪਾਪਾਂ ਦਾ ਫਲ ਉਸ ਵਲ ਆਉਣਾ ਹੀ ਆਉਣਾ ਹੈ।

ਮਹਾਰਾਜ ਕਹਿੰਦੇ, ਭੂਮੀਆਂ! ਇਸ ਤਰ੍ਹਾਂ ਦਸ ਬਈ ਪ੍ਰੇਮੀਆਂ! ਤੈਨੂੰ ਪੁੰਨ ਲਗਿਆ ਕਿ ਪਾਪ ਲੱਗਿਆ। ਦੂਹਰਾ ਪਾਪ ਕਰਿਆ। ਪਹਿਲਾਂ ਉਹਨਾਂ ਤੋਂ ਖੋਹਿਆ, ਫੇਰ ਤੂੰ ਸਾਧੂਆਂ ਨੂੰ ਖਲਾਇਆ, ਸਾਧੂਆਂ ਦਾ ਤਪ ਨਸ਼ਟ ਹੋ ਗਿਆ ਖਾ ਕੇ। ਪਿਆਰਿਆ! ਇਸ ਤਰ੍ਹਾਂ ਨਾਲ ਨਹੀਂ ਠੀਕ। ਮਾੜਾ ਅੰਨ ਮਾੜਾ ਅਸਰ ਕਰਦੈ। ਘਾਲ ਕਮਾਈ ਕੀਤਾ ਹੋਇਆ ਚਾਹੇ ਤੂੰ ਥੋੜ੍ਹਾ ਜਿਹਾ ਖਲਾ ਦੇਵੇਂ। ਇਕ ਤੂੰ ਹੋਰ ਬੜਾ ਔਗੁਣ ਕਰਦੈਂ, ਤੂੰ ਸਾਰੇ ਪਿੰਡ ਦੇ ਪੁੰਨ-ਦਾਨ ਖੋਹ ਲਏ। ਆਪ ਤਾਂ ਤੂੰ ਪਾਪ ਕਰਦੈਂ, ਪੁੰਨ ਕਰ ਨਹੀਂ ਰਿਹਾ। ਫੇਰ ਧੱਕੇ ਨਾਲ ਤੂੰ ਸਾਰੇ ਪਿੰਡ ਨੂੰ ਤੂੰ ਦਾਨ ਨਹੀਂ ਕਰਨ ਦਿੰਦਾ। ਇਹਨਾਂ ਗ੍ਰਿਹਿਸਤੀਆਂ ਦਾ ਤਾਂ ਥੋੜ੍ਹਾ-ਥੋੜ੍ਹਾ ਪੁੰਨ ਕਰਕੇ ਹੀ ਭਲਾ ਹੋਇਆ ਕਰਦੈ। ਉਹ ਵੀ ਤੂੰ ਖੋਹ ਲਿਆ, ਉਹ ਵੀ ਤੇਰੇ ਸਿਰ ਪਾਪ ਹੈ। ਦੇਖ, ਪਿਆਰਿਆ! ਤੈਨੂੰ ਅਸੀਂ ਗੱਲ ਸਮਝਾਈਏ। ਲੇਖੇ ਦੇਣੇ ਪੈਂਦੇ ਨੇ ਅੱਗੇ ਜਾ ਕੇ। ਜੇ ਤਾਂ ਤੂੰ ਚੰਗੇ ਕੰਮ ਕਰੇਂ ਤਾਂ ਤਾਂ ਤੇਰੀ ਰੂਹ ਜਿਹੜੀ ਹੈ ਉਹ ਉਚੀ-ਸੁੱਚੀ ਹੋ ਜਾਂਦੀ ਹੈ। ਹਲਕੀ ਚੀਜ਼ ਉਪਰ ਨੂੰ ਉਡਦੀ ਹੈ ਨਾ? ਕਹਿੰਦਾ, ਹਾਂ। ਦੇਖ ਫੇਰ ਉਪਰ ਨੇ ਸਵਰਗ। ਸਵਸਥ ਥਾਂ 'ਤੇ ਸੂਖਸ਼ਮ ਮੰਡਲਾਂ 'ਚ। ਬਹੁਤ ਭਾਰੇ ਮੰਡਲਾਂ 'ਚ ਨੇ ਨਰਕ। ਭਾਰੀ ਚੀਜ਼ ਹੈ ਜਿਹੜੀ ਉਹ ਹੇਠਾਂ ਨੂੰ ਲੈ ਕੇ ਜਾਂਦੀ ਹੈ? ਕਹਿੰਦਾ, ਹਾਂ ਜੀ।

ਕਹਿੰਦੇ, ਦੇਖ ਤੈਨੂੰ ਅਸੀਂ ਸਮਝਾਉਂਦੇ ਹਾਂ। ਜਿਹੜਾ ਦੁਨੀਆਂ ਨਾਲ ਪਿਆਰ ਕਰਨਾ ਹੈ, ਪ੍ਰਮੇਸ਼ਰ ਸਮਝ ਕੇ। ਕਿਸੇ ਨਾਲ ਨਫ਼ਰਤ ਨਹੀਂ ਕਰਨੀ। ਪਿਆਰ ਕਰਨਾ। ਇਹ ਉਚੀਆਂ ਚੀਜ਼ਾਂ ਨੇ। ਸੇਵਾ ਕਰਨੀ ਹੈ। ਸੇਵਾ ਦੇ ਨਾਲ, ਪ੍ਰਮੇਸ਼ਰ ਦੇ ਨਾਲ ਪਿਆਰ ਪੈਂਦੈ। ਕਿਉਂਕਿ ਸੇਵਾ ਕਰੇਗਾ ਤਾਂ ਜੇ ਪ੍ਰਮੇਸ਼ਰ ਦੇ ਬੰਦੇ ਸਮਝੇਗਾ।

ਇਕ ਵਾਰੀ ਈਸਾਈ ਜਦੋਂ ਇਥੇ ਆਏ ਤਾਂ ਰਮਨ ਨਾਮ ਰਿਸ਼ੀ ਹੋਇਆ ਕਰਦਾ ਸੀ। ਉਹਦੇ ਬਾਰੇ ਇਹ ਮਸ਼ਹੂਰ ਸੀ ਕਿ ਉਹ ਦੋ ਘੰਟੇ ਰੋਜ਼ ਰੱਬ ਨਾਲ ਗੱਲਾਂ ਕਰਦਾ ਸੀ। ਈਸਾਈਆਂ ਨੇ ਸੁਣਿਆ, ਇਕੱਠੇ ਹੋ ਕੇ ਆ ਗਏ ਸਾਰੇ। ਮਿਸ਼ਨਰੀ ਜਿਹੜੇ ਸੀ। ਕਹਿਣ ਲੱਗੇ, ਰਿਸ਼ੀ ਮਹਾਰਾਜ! ਅਸੀਂ ਸੁਣਿਐ ਕਿ ਤੂੰ ਦੋ ਘੰਟੇ ਰੋਜ਼ ਰੱਬ ਨਾਲ ਗੱਲਾਂ ਕਰਦੈਂ? ਸਾਨੂੰ ਰੱਬ ਦਿਖਾ ਸਕਦੈਂ?

ਕਹਿੰਦਾ, ਹਾਂ।

ਕਹਿੰਦੇ, ਕਿੱਥੇ?

ਕਹਿੰਦੇ, ਫਲਾਣੇ ਪਿੰਡ ਉਜਾੜ ਦੇ ਵਿਚ ਆ ਜਾਇਓ। ਉਥੇ ਇਕ ਝੌਂਪੜੀ ਬਣੀ ਹੋਈ ਹੈ, ਉਥੇ ਮੈਂ ਤੁਹਾਨੂੰ ਦੱਸਾਂਗਾ ਕਿ ਰੱਬ ਨਾਲ ਕਿਵੇਂ ਗੱਲ ਕਰੀਦੀ ਹੈ?

ਈਸਾਈ ਉਥੇ ਆ ਗਏ ਤੇ ਉਧਰੋਂ ਰਮਨ ਰਿਸ਼ੀ ਆ ਗਿਆ। ਉਹਦੇ ਹੱਥ ਵਿਚ ਰੂੰ ਹੈ, ਪੱਟੀਆਂ ਨੇ, ਕੁਛ ਦਵਾਈਆਂ ਨੇ। ਉਹ ਝੌਂਪੜੀ ਦੇ ਅੰਦਰ ਚਲਿਆ ਗਿਆ। ਇਹ ਵੀ ਜਾਣ ਲੱਗੇ, ਲੇਕਿਨ ਐਡੀ ਜ਼ਿਆਦਾ ਬਦਬੂ ਸੀ ਉਥੇ ਕਿ ਅੰਦਰ ਜਾ ਨਾ ਸਕੇ। ਬਾਹਰ ਬੈਠ ਗਏ।

ਇਕ ਜੋੜਾ ਸੀ ਪਤੀ ਪਤਨੀ ਦਾ। ਦੋਵੇਂ ਬੀਮਾਰ ਸੀ। ਕੋਹੜ ਹੋਇਆ-ਹੋਇਆ ਸੀ ਦੋਹਾਂ ਨੂੰ। ਕੋਈ ਨੇੜੇ ਨਹੀਂ ਸੀ ਲਗਦਾ। ਰੋਟੀ ਵੀ ਦੂਰੋਂ ਡੰਡਿਆਂ ਨਾਲ ਬੰਨ੍ਹ ਕੇ, ਰੱਖ ਕੇ ਜਾਂਦੇ ਸੀ। ਇਹਨੇ ਜਾ ਕੇ ਉਹਨਾਂ ਦੇ ਜਿੰਨਾਂ ਸਰੀਰ ਸੀ, ਰੂੰ ਦੇ ਨਾਲ ਸਾਫ ਕਰਿਆ। ਉਸ ਤੋਂ ਬਾਅਦ ਮਲ੍ਹਮ ਲਾਈ, ਮਲ੍ਹਮ ਲਾ ਕੇ ਪੱਟੀਆਂ ਬੰਨ੍ਹੀਆਂ, ਫੇਰ ਪ੍ਰਸ਼ਾਦਾ ਲੈ ਕੇ ਆਪਣੇ ਹੱਥ ਨਾਲ ਪਹਿਲਾਂ ਇਕ ਨੂੰ ਛਕਾਇਆ ਫੇਰ ਦੂਜੇ ਨੂੰ ਛਕਾਇਆ। ਪੂਰੇ ਦੋ ਘੰਟੇ ਲਗ ਗਏ। ਜਦੋਂ ਪਾਦਰੀਆਂ ਦੇ ਕੋਲ ਆਇਆ, ਕਹਿਣ ਲੱਗਾ, ਪਾਦਰੀ ਸਾਹਿਬ! ਮੇਰਾ ਤਾਂ ਰੱਬ ਇਹ ਹੈ। ਇਹ ਮੇਰੇ ਨਾਲ ਗੱਲਾਂ ਕਰਦੇ ਨੇ। ਮੈਂ ਪ੍ਰਮੇਸ਼ਰ ਨਾਲ ਮਿਲਿਆ ਹੁੰਦਾਂ। ਕਿਉਂਕਿ ਪ੍ਰਮੇਸ਼ਰ ਸਭ ਦੇ ਅੰਦਰ ਵਸਦੈ। ਸੋ ਮੈਂ ਤਾਂ ਇਥੇ ਪ੍ਰਮੇਸ਼ਰ ਨਾਲ ਗੱਲ ਕਰਨ ਆਉਂਦਾ ਹਾਂ। ਮੰਨ ਗਏ।

ਸੋ ਮਹਾਰਾਜ ਕਹਿੰਦੇ, ਪਿਆਰਿਆ! ਜਿਹੜੀ ਸੇਵਾ ਕਰਨੀ ਹੈ, ਰੂਹ ਨੂੰ ਉੱਚਾ ਕਰ। ਕੁਛ ਨਹੀਂ ਲੈਣਾ

ਹੁੰਦਾ ਸੰਤਾਂ ਨੇ ਕਿਸੇ ਤੋਂ।

ਸੰਤ ਬੁੱਧੂ ਸ਼ਾਹ ਹੁੰਦੇ ਸੀ, ਉਹਨਾਂ ਚੌਰਸਤੇ ਵਿਚ ਆ ਕੇ ਤੰਦੂਰ ਲਾ ਲਿਆ। ਤੰਦੂਰ ਲਾਇਆ ਤਾਂ ਬਗੈਰ ਇਸ ਦੇ ਕਿ ਇਹ ਮੁਸਲਮਾਨ ਹੈ, ਜਾਂ ਇਹ ਸਿੱਖ ਹੈ, ਜਾਂ ਹਿੰਦੂ ਹੈ ਇਕੋ ਅਵਾਜ਼ ਦਿੰਦੇ ਸੀ ਕਿ ਪ੍ਰਸ਼ਾਦਾ ਛਕੋ ਭਾਈ, ਪੰਗਤਾਂ ਲਾਓ। ਉਹਨਾਂ ਨੇ ਚੌਰਾਹੇ ਦੇ ਵਿਚ ਤੰਦੂਰ ਲਾਇਆ ਹੋਇਆ ਤੇ ਤੰਦੂਰ ਤੇ ਆਪ ਪ੍ਰਸ਼ਾਦੇ ਲਾਹੁੰਦੇ। ਦਾਲਾਂ ਵਰਤਾਉਂਦੇ ਤੇ ਬਰਤਨ ਮਾਂਜਦੇ ਰਹਿੰਦੇ। ਇਸ ਤਰ੍ਹਾਂ ਸੇਵਾ ਕਰਦੇ ਸੀ, ਬੇਅੰਤ ਮਹਾਤਮਾ ਕਰਦੇ ਨੇ।

ਸੋ ਕਹਿਣ ਲੱਗੇ, ਨਾਮ ਜਪਣ ਨਾਲ ਰੂਹ ਉਚੀ ਹੁੰਦੀ ਹੈ। ਦੂਸਰਿਆਂ ਦਾ ਦਰਦ ਵੰਡਾਉਣ ਨਾਲ ਰੂਹ ਉਚੀ ਹੁੰਦੀ ਹੈ। ਹਮਦਰਦੀ ਦੇ ਬਚਨ ਜਿਹੜੇ ਨੇ ਦਵਾਈ ਤੋਂ ਜ਼ਿਆਦਾ ਕੰਮ ਕਰਦੇ ਨੇ। ਖਿਮਾ ਕਰਨ ਨਾਲ ਰੂਹ ਉਚੀ ਹੁੰਦੀ ਹੈ।

ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਜਾ ਰਹੇ ਨੇ। ਨਾਲ ਅੰਗਰਖਿਅਕ ਵੀ ਨੇ। ਕਾਫੀ ਉਹਨਾਂ ਨਾਲ ਵੱਡੇ-ਵੱਡੇ ਆਫੀਸਰ ਨੇ ਤੇ ਅਚਾਨਕ ਦਰਖ਼ਤਾਂ ਦੇ ਝੁੰਡ ਕੋਲੋਂ ਲੰਘੇ ਤਾਂ ਮਹਾਰਾਜੇ ਦੇ ਮੋਢੇ 'ਤੇ ਆ ਕੇ ਇੱਟ ਲੱਗੀ। ਅੰਗਰਖਿਅਕਾਂ ਨੇ ਕਿਹਾ ਕਿ ਇੱਟ, ਮਹਾਰਾਜਾ ਰਣਜੀਤ ਸਿੰਘ ਦੇ ਕੋਈ ਮਾਰ ਜਾਵੇ? ਇਕ ਦਮ ਦੌੜੇ।

ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਮਾਰਨਾ ਨਹੀਂ ਹੈ ਉਸ ਬੰਦੇ ਨੂੰ। ਮੇਰੇ ਕੋਲ ਲੈ ਕੇ ਆਓ। ਸਿਰਫ਼ ਮੈਂ ਪੁਛਣੈ ਕਿ ਇੱਟ ਕਿਉਂ ਮਾਰੀ ਹੈ?

ਉਹ ਜਦੋਂ ਉਥੋਂ ਲੰਘੇ ਤਾਂ ਛੋਟੇ-ਛੋਟੇ ਬੱਚੇ ਬੇਰ ਝਾੜਦੇ ਨੇ। ਬੱਚੇ ਘੇਰ ਲਏ। ਬਹੁਤ ਡਰ ਗਏ ਬੱਚੇ। ਉਹਨਾਂ ਨੇ ਮੋਢਿਆਂ ਤੋਂ ਫੜ ਕੇ ਮਹਾਰਾਜੇ ਕੋਲ ਲੈ ਆਂਦੇ।

ਮਹਾਰਾਜੇ ਨੇ ਕਿਹਾ ਕਿ ਕੀਹਨੇ ਇੱਟ ਮਾਰੀ ਹੈ?

ਸਾਰਿਆਂ ਨੇ ਕਹਿ ਦਿਤਾ ਕਿ ਇਹਨੇ ਮਾਰੀ ਹੈ। ਛੋਟਾ ਜਿਹਾ ਬੱਚਾ ਉਹ।

ਮਹਾਰਾਜੇ ਨੇ ਕਿਹਾ, ਬੇਟਾ! ਮੈਂ ਤਾਂ ਤੇਰਾ ਕੁਛ ਵਿਗਾੜਿਆ ਨਹੀਂ। ਤੂੰ ਮੇਰੇ ਕਾਹਤੋਂ ਇੱਟ ਮਾਰੀ।

ਕਹਿੰਦਾ, ਮਹਾਰਾਜ! ਮੈਂ ਤੁਹਾਡੇ ਨਹੀਂ ਮਾਰੀ।

ਕੀਹਦੇ ਮਾਰੀ?

ਕਹਿੰਦਾ, ਬੇਰੀ ਦੇ।

ਕਹਿੰਦੇ, ਬੇਰੀ ਨੇ ਤੇਰਾ ਕੀ ਵਿਗਾੜਿਆ ਸੀ?

ਕਹਿੰਦਾ, ਮਹਾਰਾਜ! ਵਿਗਾੜਿਆਂ ਤਾਂ ਕੁਛ ਨਹੀਂ, ਉਹਨੂੰ ਬੇਰ ਲੱਗੇ ਹੋਏ ਸੀ, ਮੈਂ ਬੇਰ ਝਾੜਦਾ ਸੀ।

ਕਹਿੰਦੇ, ਅੱਛਾ। ਬੇਰੀ ਜਿਹੜੀ ਹੈ ਇੱਟ ਮਾਰਨ ਤੋਂ ਫੇਰ ਬੇਰ ਦੇ ਦਿੰਦੀ ਹੈ।

ਕਹਿੰਦੇ, ਹਾਂ।

ਆਲੇ-ਦੁਆਲੇ ਦੇਖਣ ਲਗ ਗਏ। ਘਬਰਾਏ ਨਹੀਂ। ਤਹਿਸ਼ ਵਿਚ ਨਹੀਂ ਆਏ। ਬੜਾ ਹੀ ਠਰੰਮਾ ਹੈ ਮਨ ਵਿਚ। ਬੱਚੇ ਨਾਲ ਹਮਦਰਦੀ ਹੈ। ਉਸਦੇ ਭੋਲੇਪਨ ਦੇ ਉਤੇ ਬਹੁਤ ਹੀ ਪਿਆਰ ਵਿਚ ਨੇ।

ਨਾਲ ਸੀ ਜਿਹੜਾ ਮੁਨਸ਼ੀ, ਉਹਨੂੰ ਕਹਿੰਦੇ ਇਸ ਤਰ੍ਹਾਂ ਕਰ ਜੇਬ 'ਚ ਮੇਰੇ ਪੈਸਾ ਤਾਂ ਕੋਈ ਨਹੀਂ ਹੈ ਜਿਹੜਾ ਮੈਂ ਇਹਨੂੰ ਦੇ ਦੇਵਾਂ। ਇਹਦੇ ਨਾਂ ਬੁੱਢਣਪੁਰ ਦੇ ਦੋ ਪਿੰਡ ਲਿਖ ਦੇ। ਰਾਜੇ ਦੇ ਇੱਟ ਲੱਗੀ ਹੈ ਤਾਂ ਰਾਜੇ ਨੂੰ ਵੀ ਕੁਛ ਦੇਣਾ ਚਾਹੀਦਾ ਹੈ। ਇਹ ਤਾਂ ਬੇਰ ਮੰਗਦਾ ਸੀ, ਹੁਣ ਰਾਜੇ ਦੇ ਇੱਟ ਆ ਲੱਗੀ ਤਾਂ ਹੁਣ ਰਾਜੇ ਦਾ ਵੀ ਫਰਜ਼ ਹੈ ਕਿ ਜੇ ਬੇਰੀ ਬੇਰ ਦੇ ਦਿੰਦੀ ਹੈ ਇੱਟ ਖਾ ਕੇ ਤਾਂ ਰਾਜੇ ਨੂੰ ਕੀ ਦੇਣਾ ਚਾਹੀਦਾ ਹੈ? ਦੋ ਪਿੰਡ ਲਿਖ ਦਿਤੇ ਜਾਗੀਰ ਦੇ।

ਖਿਮਾ ਦਾ ਦਰਜਾ ਬਹੁਤ ਹੋਇਆ ਕਰਦੈ। ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਉਮਰ 'ਚ ਆਪਣੇ ਹੱਥ ਨਾਲ ਇਕ ਵੀ ਬੰਦਾ ਮਾਰਿਆ ਨਹੀਂ ਤੇ ਆਪਣੇ ਰਾਜ ਦੇ ਵਿਚ ਇਕ ਨੂੰ ਫਾਂਸੀ ਨਹੀਂ ਦਿਤੀ। ਜੇ ਕਿਸੇ ਦਾ ਰਾਜ ਖੋਹਿਆ ਹੈ ਤਾਂ ਉਹਨੂੰ ਐਨਾ ਕੁਛ ਛੱਡ ਦਿਤਾ ਤਾਂਕਿ ਇਹਦੀਆਂ ਕਈ ਪੁਸ਼ਤਾਂ ਵਧੀਆ ਰੋਟੀ ਖਾਣ। ਜਿਸ ਤਰ੍ਹਾਂ ਬਹੁਤ ਸਾਰੇ ਮੁਸਲਮਾਨ ਸਰਦਾਰ ਹੋਏ ਨੇ। ਨਵਾਬ ਹੋਏ ਨੇ, ਉਹਨਾਂ ਨੂੰ ਦਿੰਦਾ ਰਹਿੰਦਾ ਸੀ। ਇਹਨੂੰ ਖਿਮਾ ਕਹਿੰਦੇ ਨੇ। ਇਸ ਜਜ਼ਬੇ ਨਾਲ ਰੂਹ ਉੱਚੀ ਹੋ ਜਾਇਆ ਕਰਦੀ ਹੈ। ਇਹਦੀ ਥਾਂ ਜੇ ਕ੍ਰੋਧ ਹੋਵੇ, ਫੇਰ ਨੀਵੀਂ ਹੋ ਜਾਇਆ ਕਰਦੀ ਹੈ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਪਿਆਰਿਆ! ਇਹ ਗੁਣ ਹੈ - ਸੰਤੋਖ ਹੈ, ਤਪ ਹੈ, ਅਹਿੰਸਾ ਹੈ, ਦਾਨ ਹੈ, ਸ਼ੀਲ ਹੈ, ਸੌਚ ਹੈ, ਧੀਰਜ ਹੈ, ਮਿੱਠਾ ਬੋਲਣਾ ਇਹਦੇ ਨਾਲ ਰੂਹ ਉੱਚੀ ਹੋਇਆ ਕਰਦੀ ਹੈ। ਉੱਚੇ ਮੰਡਲਾਂ ਨੂੰ ਜਾਂਦੀ ਹੈ। ਸੁਖ ਵਿਚ ਪਹੁੰਚਦੀ ਹੈ। ਇਹਦੀ ਥਾਂ 'ਤੇ ਫੇਰ ਚੋਰੀ ਹੈ ਡਾਕੇ ਨੇ, ਫੇਰ ਧਾੜੇ ਨੇ, ਹੰਕਾਰ ਹੈ, ਤ੍ਰਿਸ਼ਨਾ ਹੈ। ਭੋਗਾਂ ਦੀ ਰੁਚੀ ਹੈ, ਨਿੰਦਿਆਂ, ਚੁਗਲੀ, ਈਰਖਾ, ਲਾਲਚ, ਦੁਖ ਦੇਣਾ ਦੂਸਰਿਆਂ ਨੂੰ, ਝੂਠ ਬੋਲਣਾ, ਕਪਟ ਕਰਨਾ, ਛਲ ਕਰਨਾ, ਧੋਖੇ ਦੇਣੇ, ਮੋਹ ਦੇ ਵਿਚ ਪੈਣਾ। ਆਸ਼ਾਵਾਂ ਤੇ ਅੰਦੇਸ਼ਿਆਂ ਦੇ ਵਿਚ ਭਰਮਣਾਂ। ਭਜਨ ਤੋਂ ਮਨ ਦੂਰ ਰਖਣਾ। ਦਾਨ, ਪੁੰਨ ਤੋਂ ਗਫ਼ਲਤ ਕਰਨੀ। ਕਹਿੰਦੇ, ਪਿਆਰਿਆ! ਇਹਦੇ ਨਾਲ ਬੁੱਧੀ ਨੀਵੀਂ ਹੋ ਜਾਇਆ ਕਰਦੀ ਹੈ। ਸੋ ਉੱਚੀ ਰੂਹ ਉੱਚੇ ਮੰਡਲਾਂ 'ਚ ਪ੍ਰਵੇਸ਼ ਕਰਦੀ ਹੈ। ਜਦੋਂ ਇਹ ਰੂਹ ਨੀਵੀਂ ਹੋ ਜਾਵੇ,

ਮੈਲੀ ਹੋ ਜਾਵੇ, ਫੇਰ ਇਹ ਨਰਕਾਂ ਨੂੰ ਜਾਂਦੀ ਹੈ। ਫੇਰ ਜਦੋਂ ਪਹੁੰਚਦੀ ਹੈ ਉਸ ਥਾਂ ਦੇ ਉਤੇ, ਉਸ ਵੇਲੇ ਇਸ ਨੂੰ ਬੜਾ ਹੀ ਔਖਾ ਹੋ ਜਾਂਦੈ, ਆਪਣੇ ਕੀਤੇ ਹੋਏ ਕਰਮਾਂ ਦਾ ਸਾਹਮਣਾ ਕਰਨਾ -

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ।*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ੩ ॥ ਅੰਗ- ੪੬੪*

ਜਨਮ ਲੰਘ ਜਾਣੈ। ਪਛਤਾਵਾ ਹੋ ਜਾਣੈ, ਭੂਮੀਆਂ! ਆਹ ਦੇਹ ਜਿਹੜੀ ਹੈ ਇਹ ਨਰ ਨਰਾਇਣੀ ਦੇਹ ਹੈ। ਇਹ ਨਹੀਂ ਬਾਰ-ਬਾਰ ਮਿਲਣੀ -

*ਧਾਰਨਾ - ਬਾਰ-ਬਾਰ ਨਾ ਮਿਲਣੀ,*
*ਮਾਨਸ ਦੇਹੀ-ਮਾਨਸ ਦੇਹੀ।*

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ੩੦ ॥ ਅੰਗ- ੧੩੬੬*

ਭੂਮੀਆਂ! ਇਸ ਸਾਰੀ ਪ੍ਰਕ੍ਰਿਤੀ, ਪ੍ਰਮੇਸ਼ਰ ਦੀ ਕਾਇਨਾਤ ਵਿਚੋਂ, ਸਭ ਤੋਂ ਉੱਤਮ ਦੇਹੀ, ਦੇਵਤੇ ਵੀ ਇਸ ਨੂੰ ਲੋਚਦੇ ਨੇ ਪਿਆਰਿਆ! ਐਸੀ ਪ੍ਰਾਪਤ ਕਰਕੇ ਤੂੰ ਕੋਈ ਰਾਹ, ਫੜਿਆ ਨਹੀਂ ਚੰਗਾ। ਹਾਂ, ਕੁਰਬਾਨ ਹਾਂ ਅਸੀਂ ਤੇਰੇ ਸੱਚ ਬੋਲਣ 'ਤੇ। ਇਸ ਗੱਲ ਦੀ ਵੀ ਅਸੀਂ ਤੇਰੀ ਕਦਰ ਕਰਦੇ ਹਾਂ, ਤੂੰ ਲੁਟਦਾ ਜ਼ਰੂਰ ਰਿਹੈਂ ਪਰ ਆਪ ਨਹੀਂ ਖਾਧਾ। ਦੁਨੀਆਂ ਨੂੰ ਖਲਾਉਂਦਾ ਰਿਹਾ। ਠੀਕ ਹੈ ਪਿਆਰਿਆ! ਤੈਨੂੰ ਗਿਆਨ ਨਹੀਂ ਸੀ। ਗਲਤੀ ਦੇ ਨਾਲ ਤੂੰ ਪੁੰਨ ਸਮਝਦਾ ਰਿਹਾ ਪਰ ਪਾਪ ਤੇਰੇ ਗਲ ਪੈ ਗਏ। ਹੁਣ ਲੇਖਾ ਦੇਣਾ ਬੜਾ ਔਖਾ ਹੋ ਜਾਣੈ। ਦਰਗਾਹ ਦੇ ਅੰਦਰ। ਉਸ ਵੇਲੇ ਭੂਮੀਆਂ ਰੋ ਰਿਹਾ ਸੀ ਬੈਠਾ। ਕਹਿਣ ਲੱਗਿਆ, ਪਾਤਸ਼ਾਹ! ਸੰਤ ਬੜੇ ਆਏ ਮੇਰੇ ਕੋਲ। ਸਭ ਪ੍ਰਸੰਸਾ ਕਰਦੇ ਚਲੇ ਗਏ। ਮੈਨੂੰ ਧੰਨ-ਧੰਨ ਕਹਿੰਦੇ, ਮੇਰੀ ਮਾਂ ਨੂੰ ਧੰਨ, ਮੇਰੇ ਪਿਤਾ ਨੂੰ ਧੰਨ, ਅੱਜ ਖਰੀਆਂ-ਖਰੀਆਂ ਸੁਣਾਉਣ ਵਾਲਾ ਆ ਗਿਆ ਤੇ ਸੱਚ ਬੋਲ ਰਿਹੈ। ਮੈਨੂੰ ਪਾਓ ਕਿਸੇ ਰਸਤੇ ਪਾਤਸ਼ਾਹ, ਲਗਨ ਮੇਰੇ ਵਿਚ ਹੈ, ਚਾਹੁੰਦਾ ਸੀ, ਪਰ ਮੈਨੂੰ ਰਾਹ ਨਹੀਂ ਲੱਭਿਆ ਕੋਈ ਸਹੀ। ਜਿਹੋ ਜਿਹਾ ਰਾਹ ਲੱਭਿਆ, ਮੈਂ ਗਲਤੀਆਂ ਕੀਤੀਆਂ। ਪਾਪ ਮੈਂ ਐਨੇ ਜਮ੍ਹਾਂ ਕਰ ਲਏ, ਤੇਰੇ ਬਗੈਰ ਕੋਈ ਐਸਾ ਹੋਰ ਨਹੀਂ ਹੈ, ਜਿਹੜਾ ਇਹਨਾਂ ਪਾਪਾਂ ਨੂੰ ਕੱਟਣ ਦੀ ਸਮਰੱਥਾ ਰਖਦਾ ਹੋਵੇ। ਪਾਓ ਮੈਨੂੰ ਕਿਸੇ ਰਸਤੇ। ਮੈਂ ਤਾਂ ਸਾਰੀ ਜ਼ਿੰਦਗੀ ਗਲਤ ਬਤੀਤ ਕਰ ਲਈ।

ਮਹਾਰਾਜ ਕਹਿੰਦੇ, ਭੂਮੀਆਂ! ਉਦਾਸ ਨਾ ਹੋ। ਪਿਆਰਿਆ! ਸਿਰਫ ਮਨ ਦੇ ਬਦਲਣ ਦੀ ਲੋੜ ਹੈ। ਹੁਣ ਬਦਲ ਲੈ। ਸਾਰਾ ਕੰਮ ਤੇਰਾ ਠੀਕ ਹੋ ਜਾਏਗਾ। ਕਹਿੰਦੇ, ਦੇਖ ਪ੍ਰਮੇਸ਼ਰ ਹੈ ਸੱਚ। ਸੱਚ ਨੂੰ ਪ੍ਰਾਪਤ ਕਰਨ ਵਾਸਤੇ ਰਹਿਤਾਂ ਨੇ ਸੱਚੀਆਂ। ਦੋ ਤਰ੍ਹਾਂ ਦੀਆਂ ਰਹਿਤਾਂ ਨੇ, ਪੰਜ ਪਿਆਰੇ ਅੰਮ੍ਰਿਤ ਛਕਾ ਕੇ ਰਹਿਤ ਦਸਦੇ ਨੇ। ਕੁਰਹਿਤਾਂ ਦਸਦੇ ਨੇ। ਲੇਕਿਨ ਆਤਮਕ ਰਹਿਤਾਂ ਨੇ ਤਰੱਕੀ ਕਰਨ ਵਾਲੀਆਂ, ਇਹਨੂੰ ਮਾਨਸਿਕ ਰਹਿਤਾਂ ਕਹਿੰਦੇ ਨੇ। ਮਹਾਰਾਜ ਕਹਿੰਦੇ, ਇਹਨਾਂ ਰਹਿਤਾਂ ਨੂੰ ਤੂੰ ਅਪਣਾਅ ਲੈ। ਇਹਦੇ ਨਾਲ ਜਿਹੜੀ ਕਰੋੜਾਂ ਜਨਮਾਂ ਦੀ ਮੈਲ ਲੱਗੀ ਹੋਈ ਹੈ ਅੰਤਸ਼ਕਰਣ ਦੇ ਅੰਦਰ, ਉਹ ਉਤਰ ਜਾਏਗੀ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ- ੬੫੧*

ਝਗੜਾ ਸਾਰਾ ਮੈਲ ਦਾ ਹੈ। ਜਦੋਂ ਮੈਲ ਲਹਿ ਗਈ ਉਦੋਂ ਅੰਤਸ਼ਕਰਣ ਨਿਰਮਲ ਹੋ ਗਿਆ। ਨਿਰਮਲ ਹੋਇਆ-

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ- ੧੩੬੭*

ਜਿਹੜਾ ਸੱਚ ਹੈ ਉਹ ਨਿਰਮਲ ਹੈ। ਨਿਰਮਲ ਨਾਲ ਮਿਲਿਆ ਜਾਂਦੈ ਨਿਰਮਲ ਹੋ ਕੇ। ਇਸ ਕਰਕੇ ਸੱਚ ਦੀਆਂ ਰਹਿਤਾਂ ਅਸੀਂ ਤੈਨੂੰ ਦਸਦੇ ਹਾਂ। ਪਹਿਲੀ ਹੈ ਰਿਦੇ ਦੇ ਅੰਦਰ ਜਿਹਨੂੰ ਅੰਤਸ਼ਕਰਣ ਕਹਿੰਦੇ ਨੇ ਇਹਦੇ ਵਿਚ ਬਹੁਤ ਕੁਛ ਪਿਐ। ਕਰੋੜਾਂ ਜਨਮਾਂ ਦੇ ਸੰਸਕਾਰ ਇਹਦੇ ਵਿਚ ਪਏ ਨੇ। ਕਹਿੰਦੇ, ਭੂਤ ਬਿਰਤੀ ਇਹਦੇ ਵਿਚ ਪਈ ਹੈ। ਛਲ ਕਰਨਾ, ਕਪਟ ਕਰਨਾ, ਧੋਖਾ ਦੇਣਾ, ਇਹ ਭੂਤ ਬਿਰਤੀ ਕਹਾਇਆ ਕਰਦੀ ਹੈ। ਸੱਚ ਨਾ ਬੋਲਣਾ, ਬਾਕੀਆਂ ਨੂੰ ਵੀ ਧੋਖੇ ਦੇਣੇ। ਦੂਸਰੀ ਹੈ ਜਾਨਵਰਾਂ ਦੀ ਜਿਹੜੇ ਮਾਰ ਧਾੜ ਕਰਦੇ ਨੇ। ਸ਼ੇਰ ਨੇ, ਚੀਤੇ ਨੇ, ਇਸ ਤਰ੍ਹਾਂ ਦੇ ਜਾਨਵਰ ਨੇ। ਉਹ ਪਾੜ ਪੜਾਈ ਕਰਦੇ ਨੇ। ਕਹਿੰਦੇ, ਉਹ ਵੀ ਸੁਭਾਅ ਇਹਦੇ ਅੰਦਰ ਹੀ ਪਿਐ। ਤੀਸਰਾ ਸੁਭਾਅ ਹੈ ਕਪਟ ਦਾ, ਛਲ ਦਾ, ਭੂਤਾਂ ਦਾ, ਭੂਤਾਂ ਵਾਲਾ ਸੁਭਾਅ ਵੀ ਇਹਦੇ ਅੰਦਰ ਹੀ ਪਿਐ। ਚੌਥਾ ਸੁਭਾਅ ਇਹਦੇ ਵਿਚ ਪਸ਼ੂਆਂ ਦਾ, ਦੂਸਰੇ ਤੋਂ ਖੋਹ ਕੇ ਆਪਣਾ ਬਣਾ ਲੈਣਾ, ਆਪਣਾ ਕਰਕੇ ਖਾ ਲੈਣਾ। ਪਿਆਰਿਆ! ਇਹ ਸੁਭਾਅ ਇਹਦੇ ਵਿਚ ਪਏ ਨੇ। ਪਰ ਇਹਦੇ ਵਿਚ ਹੇਠਾਂ ਨਿਰਮਲ ਸੁਭਾਅ ਪਿਐ। ਜਿਹੜਾ ਜੇ ਉਪਰ ਆ ਜਾਵੇ ਸਾਰੀ ਮੈਲ ਨੂੰ ਕੱਢ ਕੇ ਬਾਹਰ ਮਾਰਦੈ। ਅੰਤਸ਼ਕਰਣ ਨਿਰਮਲ ਹੋ ਜਾਂਦੈ ਤੇ ਉਹ

ਨਿਰਮਲ ਮੈਲ ਵਾਸਤੇ ਰਿਦੇ ਦੇ ਵਿਚ, ਅੰਤਸ਼ਕਰਣ ਦੇ ਵਿਚ ਸੱਚ ਚਾਹੀਦੈ। ਕਪਟ ਨਾ ਹੋਵੇ, ਰਿਦੇ ਦੀ ਸਫਾਈ ਚਾਹੀਦੀ ਹੈ। ਰਿਦੇ ਦੀ ਸਫਾਈ ਕਰਨੀ ਹੈ, ਸੱਚ ਨਾਲ ਪਿਆਰ ਕੀਤਿਆਂ -

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥*

*ਅੰਗ- ੪੬੮*

ਕਹਿੰਦੇ ਜਦੋਂ ਰਿਦਾ ਸੱਚਾ ਹੋ ਗਿਆ, ਸੱਚ ਧਾਰ ਲਿਆ। ਸੱਚ ਨੂੰ ਇਹਨੇ ਅੰਦਰ ਵਸਾ ਲਿਆ, ਫੇਰ ਕਹਿੰਦੇ ਮੈਲ ਉਤਰਣੀ ਸ਼ੁਰੂ ਹੋ ਜਾਣੀ ਹੈ। ਕੂੜ ਵਾਲੀ ਤੇ ਅੰਤਸ਼ਕਰਣ ਨਿਰਮਲ ਹੋ ਜਾਣੈ।

ਦੂਸਰਾ ਹੈ ਕਿ ਪਿਆਰਿਆ! ਸਾਰੇ ਸੰਸਾਰ ਨੂੰ ਪੈਦਾ ਕਰਨ ਵਾਲਾ ਕਿਤੇ ਗਿਆ ਨਹੀਂ, ਵਾਹਿਗੁਰੂ ਅੰਗ-ਸੰਗ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*

*ਅੰਗ- ੬੭੭*

ਉਹ ਤੇਰੇ ਆਲੇ-ਦੁਆਲੇ ਚਾਰੇ ਪਾਸੇ ਹੈ। ਅੰਦਰ ਵੀ ਓਹੀ ਹੈ, ਬਾਹਰ ਵੀ ਓਹੀ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ- ੨੯੩*

ਉਹ ਪਿਆਰ ਦਾ ਰੂਪ ਹੋ ਕੇ ਸੰਸਾਰ ਦੇ ਵਿਚ ਫੈਲਿਆ ਹੋਇਐ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

*ਜਾਪੁ ਸਾਹਿਬ*

ਜਿਹੜਾ ਪਿਆਰ ਹੈ ਪਿਆਰਿਆ! ਉਹਦੇ ਨਾਲ ਪਿਆਰ ਕਰ ਉਹ ਨਿਰਾ ਹੀ ਪਿਆਰ ਹੈ। ਜਦੋਂ ਤੂੰ ਥੋੜ੍ਹਾ ਜਿਹਾ ਵੀ ਪਿਆਰ ਕਰੇਂਗਾ -

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,*
*ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ।*

*ਭਾਈ ਗੁਰਦਾਸ ਜੀ*

ਉਹ ਤੇਰੇ ਉਪਰ ਪਿਆਰ ਦੀ ਦ੍ਰਿਸ਼ਟੀ ਕਰੇਗਾ। ਸੋ ਉਹ ਹੈ ਪਿਆਰ। ਜਦੋਂ ਪਿਆਰ ਕਰਾਂਗੇ, ਫੇਰ ਕੀ ਹੋਏਗਾ? ਜੇ ਕਿਸੇ ਨੇ ਉਹਦਾ ਨਾਉਂ ਅੱਲਾਹ ਕਹਿ ਦਿਤਾ, ਖੁਸ਼ੀ ਹੋ ਜਾਏਗੀ ਸਾਡੇ ਹਿਰਦੇ 'ਚ ਕਿ ਮੇਰੇ ਪਿਆਰੇ ਦਾ ਨਾਉਂ ਲਿਐ। ਉਹਨੇ ਰਾਮ ਕਹਿ ਦਿਤਾ। ਉਹ ਮਾਰਨ ਨਹੀਂ ਜਾਏਗਾ। ਸੱਚ ਦਾ ਜਿਹੜਾ ਪੰਧਾਊ ਹੈ ਉਹ ਕਹੇਗਾ ਮੇਰੇ ਪਿਆਰੇ ਦਾ ਨਾਉਂ ਲੈ ਦਿਤਾ, ਵਾਹਿਗੁਰੂ ਕਹਿ ਦਿਤਾ ਖੁਸ਼ ਹੋ ਜਾਏਗਾ। ਨਾਰਾਇਣ ਕਹਿ ਦਿਤਾ, ਖੁਸ਼ ਹੋ ਜਾਏਗਾ। ਨਾਵਾਂ ਪਿਛੇ ਨਹੀਂ ਉਹ ਲੜੇਗਾ। ਮੰਦਰ ਮਸਜਿਦਾਂ ਪਿਛੇ ਨਹੀਂ ਉਹ ਲੜੇਗਾ। ਮੰਦਰ ਨੂੰ ਵੀ ਨਮਸ਼ਕਾਰ ਕਰੇਗਾ, ਮਸਜਿਦ ਨੂੰ ਵੀ ਨਮਸ਼ਕਾਰ ਕਰੇਗਾ, ਕਿ ਇਥੇ ਪਿਆਰੇ ਦਾ ਨਾਮ ਲੈਣ ਵਾਲੇ ਇਕੱਠੇ ਹੁੰਦੇ ਨੇ। ਕਹਿੰਦੇ ਇਹ ਪਿਆਰ ਹਿਰਦੇ 'ਚ ਹੋਣਾ ਚਾਹੀਦਾ ਹੈ -

*ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥*
*ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥*

*ਅੰਗ- ੪੬੮*

ਖੇੜੇ 'ਚ ਆ ਜਾਵੇ ਨਾਉਂ ਸੁਣਦੇ ਸਾਰ।

ਤੀਸਰੀ ਹੁੰਦੀ ਹੈ ਭਾਈ ਭੂਮੀਆਂ! ਆਹ ਸਰੀਰ ਹੈ ਧਰਤੀ, ਇਹ ਔਗੁਣਾਂ ਦੇ ਨਾਲ ਭਰੀ ਪਈ ਹੈ ਜਿਵੇਂ ਖੇਤੀ ਬੀਜਦੈ ਹੈਂ ਨਾ ਤੂੰ, ਨਦੀਣ ਹੁੰਦੈ ਉਹਦੇ ਵਿਚ? ਕਹਿੰਦਾ ਬੜਾ ਹੁੰਦੈ। ਫੇਰ ਕੀ ਕਰਦਾ ਹੁੰਦੈ?

ਕਹਿੰਦਾ, ਮਹਾਰਾਜ! ਪਹਿਲਾਂ ਤਾਂ ਵਹਾਈ ਨਾਲ ਕੱਢੀਦੈ। ਵੱਤਰ ਲਿਆ-ਲਿਆ ਕੇ ਕੱਢੀਦੈ। ਫੇਰ ਜਿਹੜਾ ਰਹਿ ਜਾਵੇ, ਉਹਨੂੰ ਫੇਰ ਖੁਰਪੇ ਨਾਲ ਕੱਢੀਦੈ। ਕਹਿੰਦੇ, ਆਹ ਨਦੀਣ ਜਿਹੜਾ ਪਿਐ ਹੈ ਨਾ ਇਹਦੇ ਵਿਚ ਝੂਠ ਹੈ, ਕਪਟ ਹੈ, ਬੇਅੰਤ ਮਾੜੀਆਂ ਚੀਜ਼ਾਂ ਨੇ, ਇਹਨੂੰ ਸੋਧ ਲੈ, ਧਰਤੀ ਨੂੰ। ਜਦੋਂ ਤੂੰ ਧਰਤੀ ਸੋਧ ਕੇ ਬੀਜ ਪਾਏਂਗਾ। ਫੇਰ ਬੀਜ ਫਲੇਗਾ -

*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥*
*ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥*

*ਅੰਗ- ੪੬੮*

ਇਹਦੇ ਵਿਚ ਵਾਹਿਗੁਰੂ ਦਾ ਨਾਮ ਬੀਜ ਲੈ। ਇਹ ਫੇਰ ਖੇਤੀ ਤੇਰੀ ਫਲੇਗੀ। ਜੁਗਤ ਆਉਣੀ ਚਾਹੀਦੀ ਹੈ। ਜੁਗਤ ਮਿਲਦੀ ਹੈ ਸੰਤਾਂ ਤੋਂ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ੧੬੪ ॥*

*ਅੰਗ- ੧੩੭੩*

ਤੇ ਉਸ ਤੋਂ ਅੱਗੇ ਹੈ ਭਾਈ ਰਹਿਤ, ਪਿਆਰਿਆ! ਉਹ ਹੈ ਕਿ ਸੱਚੀ ਸਿਖਿਆ ਹੋਣੀ ਚਾਹੀਦੀ ਹੈ। ਇਹ ਨਹੀਂ ਹੈ ਕਿ ਲੜਾਈਆਂ ਕਰੋ ਜੀ ਕਿ ਇਹ ਮੁਸਲਮਾਨ ਹੈ, ਇਹ ਹਿੰਦੂ ਹੈ ਜੀ, ਇਹ ਫਲਾਣੀ ਸੰਪਰਦਾ ਦਾ ਹੈ। ਇਹ ਤਾਂ ਬਿਲਕੁਲ ਹਨ੍ਹੇਰੇ ਵਾਲੇ ਲੋਕ, ਅੰਨ੍ਹੇ ਲੋਕ ਨੱਠੇ ਫਿਰਦੇ ਨੇ। ਜਿਨ੍ਹਾਂ ਦੇ ਨੇਤਰ ਖੁਲ੍ਹੇ ਨੇ ਉਹ ਤਾਂ ਪਿਆਰ ਕਰਦੇ ਨੇ ਸਾਰਿਆਂ ਨੂੰ। ਉਹ ਕੁਰਬਾਨ ਜਾਂਦੇ ਨੇ ਕਿ ਇਹ ਮੇਰੇ ਪਿਆਰੇ ਦਾ ਨਾਮ ਜਪਦੇ ਨੇ। ਇਹ ਆਪਣੇ ਤਰੀਕੇ ਨਾਲ ਜਪਦੇ ਨੇ ਨਮਾਜ਼ ਪੜ੍ਹਦੇ ਨੇ। ਇਹ ਗਾਇਤ੍ਰੀ ਪੜ੍ਹਦੇ ਨੇ, ਅਸੀਂ ਜਪੁਜੀ ਸਾਹਿਬ ਪੜ੍ਹਦੇ ਹਾਂ। ਹਾਂ ਤਾਂ ਅਸੀਂ ਇਕ ਪਿਆਰੇ ਨੂੰ ਪਿਆਰ ਕਰਨ ਵਾਲੇ। ਕਹਿੰਦੇ ਆਪਸ ਵਿਚ ਨਹੀਂ ਝਗੜਾ ਝਾਟਾ ਹੁੰਦਾ, ਪਿਆਰ ਹੋਇਆ ਕਰਦੈ। ਸੋ ਪਿਆਰ ਹਿਰਦੇ 'ਚ, ਸੱਚੀ

ਸਿਖਿਆ ਹੋਣੀ ਚਾਹੀਦੀ ਹੈ ਕਿ ਵਾਹਿਗੁਰੂ ਮੇਰਾ, ਜਿਹਨੂੰ ਮੈਂ ਪਿਆਰ ਕਰਦਾਂ ਇਹਦੇ ਹਿਰਦੇ ਵਿਚ ਵੀ ਵਸਦੈ। ਪਸ਼ੂਆਂ ਵਿਚ ਵੀ ਵਸਦੈ, ਦਰਖ਼ਤਾਂ ਵਿਚ ਵੀ ਵਸਦੈ। ਕੋਈ ਥਾਂ ਐਸਾ ਨਹੀਂ ਹੈ। ਵਣ, ਤ੍ਰਿਣ, ਪਰਬਤ, ਸਾਰਿਆਂ ਦੇ ਵਿਚ ਪ੍ਰਮੇਸ਼ਰ ਵਸਦੈ –

*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥ ਅੰਗ- ੨੯੪*

ਕਹਿੰਦੇ, ਪਿਆਰਿਆ! ਇਹ ਸੋਝੀ ਹੋਣੀ ਚਾਹੀਦੀ ਹੈ। ਸਿਖਿਆ ਸੱਚੀ ਹੋਣੀ ਚਾਹੀਦੀ ਹੈ। ਕੱਚੀ ਸਿਖਿਆ, ਹਨ੍ਹੇਰੇ ਦੀ ਸਿਖਿਆ, ਭਰਮਾਂ ਦੀ ਸਿਖਿਆ ਨਹੀਂ ਹੋਣੀ ਚਾਹੀਦੀ –

*ਦਇਆ ਜਾਣੇ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥*
*ਅੰਗ- ੪੬੯*

ਦੇਹ ਹੱਥੋਂ ਜਿਹੜਾ ਤੇਰੇ ਕੋਲ ਵਾਧੂ ਹੈ –

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ*

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ ੪੧/੧*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥ (ਸਵੱਯੇ ਪਾ: ੧੦)*

*ਭਲੋ ਭਯੋ ਤੂੰ ਚਲਿ ਕਰਿ ਆਈ।*
*ਨੀਰ ਬਿਖੈ ਪਾਈ ਮਧੁਰਾਈ॥ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

*ਮਮ ਸਰੂਪ ਤੁਮ ਅਬਿ ਭਏ.........।*
*ਹੌਂ ਭਾ ਤੁਮਹਿਂ ਸਰੂਪ॥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

*ਸੂਛਮ ਤੇ ਸੂਛਮ ਕਰ ਚੀਨੇ*
*ਬ੍ਰਿਧਨ ਬ੍ਰਿਧ ਬਤਾਏ॥*
*ਭੂਮ ਅਕਾਸ ਪਤਾਲ ਸਭੈ ਸਜਿ*
*ਏਕ ਅਨੇਕ ਸਦਾਏ। ਸ਼ਬਦ ਹਜ਼ਾਰੇ ਪਾਤਸ਼ਾਹੀ ੧੦*

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।*
*ਭਾਈ ਗੁਰਦਾਸ ਜੀ, ਵਾਰ ੩੬/੧*

ਆਪਣਾ ਨਾ ਕਰ। ਵੰਡ ਕੇ ਛਕ ਲੈ ਜੇ ਤੇਰੇ ਕੋਲ ਬਹੁਤਾ ਹੋ ਗਿਆ। ਦਾਤ ਦੇ ਹਿੱਸੇ ਕਰ ਲੈ, ਉਹਨਾਂ ਨੂੰ ਦੇ ਜਿਹਨਾਂ ਨੂੰ ਲੋੜ ਹੈ। ਜਿੰਨਾਂ ਕੁ ਤੇਰੇ 'ਚ ਬਲ ਹੈ, ਜਿੰਨੀ ਕੁ ਤੇਰੇ 'ਚ ਸ਼ਕਤੀ ਹੈ। ਦੇਹ, ਨਾਮ ਜਪਣਾ, ਕਿਰਤ ਕਰਨੀ, ਵੰਡ ਕੇ ਛਕਣਾ। ਕਹਿੰਦੇ ਇਹ ਰਹਿਤ ਹੈ। ਜਦੋਂ ਇਹ ਰਹਿਤ ਆ ਗਈ, ਦਇਆ ਤੇਰੇ ਹਿਰਦੇ 'ਚ ਹੈ।

ਉਸ ਤੋਂ ਬਾਅਦ ਹੁੰਦੀ ਹੈ ਆਤਮ ਸਥਿਤੀ। ਆਤਮ ਸਥਿਤੀ ਵਿਚ –

*ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥*
*ਅੰਗ – ੪੬੮*

ਕਹਿੰਦੇ, ਇਹ ਪਿਆਰਿਆ! ਅਸੀਂ ਤੈਨੂੰ ਅੰਦਰ ਦੀ ਗੱਲ ਦਸੀ ਹੈ। ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ, ਇਹ ਚੇਤਨ ਮੰਡਲ ਸ਼ੁਰੂ ਹੋ ਜਾਂਦੈ। ਇਸ ਥਾਂ ਦੇ ਉਤੇ ਜੀਵ ਆਤਮਾ ਦਾ ਨਿਵਾਸ ਹੈ। ਇਹਨੂੰ ਤ੍ਰਿਵੇਣੀ ਤੀਰਥ ਕਹਿੰਦੇ ਨੇ। ਇਸ ਤੀਰਥ ਦੇ ਵਿਚ ਇਸ਼ਨਾਨ ਕਰ। ਪੁੱਛ ਲੈ ਸੰਤਾਂ ਨੂੰ। ਪੁੱਛ ਕੇ ਪਤਾ ਲੱਗੇਗਾ, ਆਪਣੇ ਆਪ ਨਹੀਂ ਤੈਨੂੰ ਸੋਝੀ ਆਉਣੀ ਇਸ ਦੀ। ਸੋ ਆਤਮਾ ਤੀਰਥ ਦਾ ਸਤਿਗੁਰੂ ਨੂੰ ਪੁਛ, ਕਹਿੰਦੇ ਉਥੇ ਬਹਿ ਕੇ ਆਸਣ ਲਾ ਲੈ। ਉਹ ਆਸਣ ਬੜਾ ਉਚਾ ਹੈ–

*ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥*
*ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥੧੫੨ ॥*
*ਅੰਗ - ੧੩੭੨*

ਕਹਿੰਦੇ, ਕਿਥੇ ਰਹਿੰਦੇ ਹੋਂ। ਕਹਿੰਦੇ ਅਸੀਂ ਸਹਿਜ ਸੁੰਨ ਦੇ ਘਾਟ 'ਚ ਰਹਿੰਦੇ ਹਾਂ। ਟੋਲੀ ਜਾਓ ਹੁਣ ਕਿ ਸਹਿਜ ਸੁੰਨ ਦਾ ਘਾਟ ਕਿਥੇ ਹੈ? ਕਹਿੰਦੇ, ਅੰਦਰ ਹੀ ਹੈ, ਜਿਥੇ ਇੜਾ, ਪਿੰਗਲਾ ਤੇ ਸੁਖਮਨਾ ਮਿਲਦੀਆਂ ਨੇ, ਉਹ ਸਹਿਜ ਸੁੰਨ ਦਾ ਘਾਟ ਹੈ। ਉਥੇ ਨਿਵਾਸ ਹੈ ਸੰਤਾਂ ਦਾ, ਆਤਮ ਤੀਰਥ ਵਾਲਿਆਂ ਦਾ।

ਕਹਿੰਦੇ, ਭੂਮੀਆਂ! ਜਦੋਂ ਤੂੰ ਇਸ ਤਰ੍ਹਾਂ ਕਰ ਲਏਂਗਾ, ਫੇਰ ਕੀ ਹੋਏਗਾ, ਸੱਚ ਤੇਰੇ ਅੰਦਰ, ਸੱਚ ਤੇਰੇ ਬਾਹਰ। ਕੁਰਬਾਨ ਜਾਂਦੇ ਹਾਂ, ਤੂੰ ਸੱਚ ਬੋਲਿਐ। ਇਹੀ ਸੱਚ ਤੇਰੇ ਅੰਦਰ ਬਾਹਰ, ਤੇਰੇ ਜੀਵਨ 'ਚ ਪ੍ਰਵੇਸ਼ ਕਰ ਜਾਏਗਾ। ਜਦੋਂ ਸੱਚ ਤੇਰੇ ਜੀਵਨ 'ਚ ਪ੍ਰਵੇਸ਼ ਕਰ ਗਿਆ। ਉਹਨੇ ਕੰਮ ਕੀ ਕਰਨੈਂ। ਸੱਚ ਜਿਹੜਾ ਹੈ ਉਹਨੇ ਝੂਠ ਨੂੰ ਧੱਕ ਕੇ ਬਾਹਰ ਕੱਢ ਦੇਣੈ। ਜਿੰਨੇ ਤੇਰੇ ਤੋਂ ਅੱਜ ਤਕ ਪਾਪ ਹੋਏ ਨੇ ਉਹ ਸਾਰੇ ਬਾਹਰ ਨਿਕਲ ਜਾਣੇ ਨੇ-

*ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥*
*ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨ ॥*
*ਅੰਗ- ੪੬੮*

ਸੋ ਅਸੀਂ ਤੈਨੂੰ ਅਮਲੀ ਢੰਗ ਨਾਲ ਦਸਦੇ ਹਾਂ। ਬਹਿ ਸਾਮ੍ਹਣੇ ਸਾਡੇ। ਸਾਮ੍ਹਣੇ ਬਿਠਾ ਲਿਆ। ਬੈਠ ਸਿੱਧਾ ਹੋ ਕੇ, ਹੋ ਸਾਵਧਾਨ! ਕਹਿ ਵਾਹਿਗੁਰੂ। ਵਾਹਿਗੁਰੂ ਕਹਾ ਦਿਤਾ ਤਿੰਨ ਵਾਰੀ। ਰੋਮ-ਰੋਮ ਦੇ ਵਿਚੋਂ ਝਰਨਾਟਾਂ ਨਿਕਲਣ ਲਗ ਗਈਆਂ। ਕਹਿੰਦੇ ਪਿਆਰਿਆ, ਇਹ ਭੁੱਲਣਾ ਨਹੀਂ ਹੈ। ਇਹਨੂੰ ਅੰਦਰ ਵਸਾ ਲੈ। ਪਰ ਇਹ ਸੁਖਾਲਾ ਜਿਹਾ ਨਹੀਂ ਵਸਣਾ। ਇਹਦੀ ਜੁਗਤ ਅਸੀਂ ਤੈਨੂੰ ਦਸ ਦਿੰਦੇ ਹਾਂ -

*ਧਾਰਨਾ - ਬਾਰੰ ਬਾਰ ਬਾਰ ਪ੍ਰਭ ਜਪੀਐ।*

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ- ੨੮੬*

ਭੂਮੀਆਂ! ਪਹਿਲਾਂ ਰਸਨਾ ਦੇ ਨਾਲ ਜਪਣਾ ਪੈਂਦੈ ਵਾਹਿਗੁਰੂ-ਵਾਹਿਗੁਰੂ।

ਪੰਜ ਪਿਆਰੇ ਨਾਮ ਦਿੰਦੇ ਨੇ ਸਾਧਸੰਗਤ ਜੀ। ਜੇ ਤਾਂ ਜਪਣਾ ਸ਼ੁਰੂ ਕਰ ਦਿਓ ਫੇਰ ਤਾਂ ਸਮਝ ਲਓ ਕਿ ਜੜ੍ਹ ਲਗ ਜਾਏਗੀ। ਜੇ ਨਹੀਂ ਜਪਣਾ ਤਾਂ ਬੂਟਾ ਮੁਰਝਾ ਜਾਂਦੈ। ਫੇਰ ਨਹੀਂ ਪਤਾ ਲਗਦਾ ਕੁਛ, ਨਾ ਸਿੱਖੀ ਰਹੇ। ਇਹ ਪ੍ਰੈਕਟੀਕਲ ਧਰਮ ਹੈ। ਸਿਧਾਂਤਿਕ (Theoretical) ਨਹੀਂ ਹੈ ਅੰਤਰਮੁਖੀ (subjective) ਹੈ ਇਹ। ਇਹਦੇ ਵਿਚ ਚੜ੍ਹਾਈ ਹੈ, ਮਿਹਨਤ ਹੈ। ਜੇ ਮਿਹਨਤ ਕਰੇਗਾ ਤਾਂ ਤਰੱਕੀ ਹੁੰਦੀ ਹੈ। ਕਹਿੰਦੇ, ਪਿਆਰਿਆ! ਰਸਨਾ ਦੇ ਨਾਲ ਤੂੰ ਜਪੇਂਗਾ ਨਾ। ਇਹ ਰਸਨਾ ਸਾਰੇ ਸਰੀਰ ਦੇ ਵਿਚ ਵਾਹਿਗੁਰੂ-ਵਾਹਿਗੁਰੂ ਦੀ ਧੁਨ ਕਾਇਮ ਕਰ ਦੇਵੇਗੀ। ਫੇਰ ਕੰਠ ਵਿਚ ਹੋਣ ਲਗ ਜਾਏਗਾ। ਜੀਭ ਹਟ ਜਾਏਗੀ। ਹਿਰਦੇ ਵਿਚ ਹੋਣ ਲਗ ਜਾਏਗਾ, ਨਾਭੀ ਵਿਚ ਹੋਣ ਲਗ ਜਾਏਗਾ। ਫੇਰ ਤੂੰ ਸਵਾਸ 'ਤੇ ਨਾਮ ਚਾੜ੍ਹ ਲਈਂ। ਸਵਾਸ ਅੰਦਰ ਨੂੰ ਜਾਂਦੈ, ਸਵਾਸ ਬਾਹਰ ਨੂੰ ਜਾਂਦੈ। ਅੰਦਰ ਤੇ ਬਾਹਰ ਜਾਂਦੇ ਨੂੰ ਪ੍ਰਮੇਸ਼ਰ ਦਾ ਨਾਮ ਭਰ ਕੇ ਲੈ ਕੇ ਜਾ, ਬਾਹਰ ਨੂੰ ਆਉਂਦੈ ਖਾਲੀ ਸਵਾਸ ਨਾ ਭੇਜ, ਵਾਹਿਗੁਰੂ ਨਾਲ ਭਰ ਕੇ ਭੇਜ -

*ਧਾਰਨਾ - ਸਾਸ ਸਾਸ ਦੇ ਗੇੜੇ ਜਪ ਲਓ, ਵਾਹਿਗੁਰੂ।*

ਭੂਮੀਆਂ! ਰਸਨਾ ਦੇ ਨਾਲ ਨਾਮ ਜਪਿਆ ਜਾਂਦੈ, ਲੇਕਿਨ ਸਵਾਸ ਗਹਿਰਾ ਜਾਂਦੈ। ਸਵਾਸ ਨੂੰ ਜੇ ਦਸਵੇਂ ਦੁਆਰ ਵਲ ਨੂੰ ਖਿੱਚ ਲਵੇਂ ਤਾਂ ਉਥੇ ਵੀ ਪਹੁੰਚ ਜਾਂਦੈ, ਨਾਭੀ ਵਲ ਨੂੰ ਖਿੱਚ ਲਵੇਂ ਉਥੇ ਵੀ ਪਹੁੰਚ ਜਾਂਦੈ। ਸੋ ਸਵਾਸ ਦੇ ਉਤੇ ਵਾਹਿਗੁਰੂ ਮੰਤਰ ਲੱਦ ਦੇ। ਨੱਕ ਕੋਲ ਪਹਿਰਾ ਦੇ ਸੁਰਤ ਲੈ ਕੇ। ਜਦੋਂ ਅੰਦਰ ਸਵਾਸ ਜਾਂਦੈ ਨੱਕ ਕੋਲੋਂ ਤੈਨੂੰ ਪਤਾ ਲਗ ਜਾਏਗਾ ਕਿ ਹੁਣ ਚੱਲਿਆ ਅੰਦਰ ਨੂੰ। ਉਹਦੇ ਉਤੇ ਵਾਹਿਗੁਰੂ ਮੰਤਰ ਲੱਦ ਦੇ। ਬਾਹਰ ਨੂੰ ਆਉਣ ਲੱਗਿਆਂ, ਤੈਨੂੰ ਪਤਾ ਲਗ ਜੂ। ਬਾਹਰ ਨੂੰ ਜਾਂਦੇ ਦੇ ਉਤੇ ਫੇਰ ਲੱਦ ਦੇ ਵਾਹਿਗੁਰੂ। ਕਹਿੰਦੇ ਇਸ ਤਰ੍ਹਾਂ ਨਾਮ ਜਪਣੈ। ਚੁੱਪ ਕਰਕੇ ਨਹੀਂ ਬੈਠਣਾ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਇਸ ਤੋਂ ਬਾਅਦ ਜਦੋਂ ਸਵਾਸ 'ਤੇ ਆਇਆ ਤਾਂ ਮਿਹਨਤ ਕਰਦੇ-ਕਰਦੇ ਇਕ ਐਸੀ ਅਵਸਥਾ ਆਉਂਦੀ ਹੈ ਕਿ ਸਾਰੇ ਸਰੀਰ ਦੇ ਵਿਚੋਂ ਸਾਢੇ ਤਿੰਨ ਕਰੋੜ ਜਿਹੜਾ ਰੋਮ ਹੈ ਉਹਨਾਂ ਰੋਮਾਂ ਦੇ ਵਿਚੋਂ ਵੀ ਉਹ ਧੁਨੀ ਬਾਹਰ ਆਉਣ ਲਗ ਜਾਂਦੀ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਰੋਮ ਰੋਮ ਹਰਿ ਧਿਆਵੈ ਗੁਰਮੁਖ ਪਿਆਰੇ ਦਾ।*

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ- ੯੪੧*

ਇਕੱਲੇ-ਇਕੱਲੇ ਰੋਮ ਦੇ ਵਿਚੋਂ, ਸਾਰੇ ਸਰੀਰ ਦੇ ਵਿਚੋਂ ਨਾਮ ਦੀ ਧੁਨ ਪ੍ਰਗਟ ਹੋ ਜਾਇਆ ਕਰਦੀ ਹੈ।

ਇਕ ਵਾਰੀ ਮਹਾਂਪੁਰਸ਼ ਬਾਬਾ ਸੁੰਦਰ ਸਿੰਘ ਜੀ ਬਿਮਾਰ ਹੋ ਗਏ। ਡਾਕਟਰ ਟੂਟੀਆਂ ਲਾ ਕੇ ਦੇਖਣ ਲੱਗਿਆ। ਅਖੀਰ ਨੂੰ ਟੂਟੀਆਂ ਚੁਕ ਲਈਆਂ। ਕਹਿੰਦੇ, ਕੀ ਗੱਲ ਡਾਕਟਰ ਸਾਹਿਬ?

ਕਹਿਣ ਲੱਗਿਆ, ਮਹਾਰਾਜ! ਬਿਮਾਰੀ ਕਿੱਥੋਂ ਟੋਲ੍ਹਾਂ?

ਕਹਿੰਦੇ, ਕੀ ਗੱਲ?

ਉਹ ਕਹਿੰਦਾ, ਜਿਥੇ ਮੈਂ ਟੂਟੀ ਲਾਉਂਦਾ, ਉਥੋਂ

ਆਵਾਜ਼ ਆਉਂਦੀ ਹੈ ਵਾਹਿ...ਗੁਰੂ-ਵਾਹਿ...ਗੁਰੂ, ਵਾਹਿ...ਗੁਰੂ। ਕਹਿੰਦਾ, ਮੈਨੂੰ ਤਾਂ ਕੋਈ ਬਿਮਾਰੀ ਲਭਦੀ ਨਹੀਂ, ਮਹਾਰਾਜ। ਇਹ ਤਾਂ ਸਾਰੇ ਸਰੀਰ 'ਚ ਮੈਂ ਲਾ-ਲਾ ਕੇ ਦੇਖ ਲਿਆ। ਇਹ ਤਾਂ ਇਕੋ ਹੀ ਅਵਾਜ਼ ਚਲ ਰਹੀ ਸਾਰੇ ਸਰੀਰ 'ਚ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਦੀਵਾਨ ਲਾ ਕੇ ਵਾਪਸ ਗਏ ਤਾਂ ਉਥੇ ਸਾਡਾ ਜਿਹੜਾ ਸਾਰਿਆਂ ਨਾਲੋਂ ਛੋਟਾ ਲੜਕਾ ਸੀ, ਉਹ ਜਦ ਚਰਨ ਦਬਾਉਂਦੇ ਸੀ। ਉਹ ਵੀ ਚਲਿਆ ਗਿਆ, ਜਾ ਕੇ ਚਰਨ ਦੱਬਣ ਲਗ ਗਿਆ। ਕੰਨ ਲਾਈ ਜਾਵੇ ਬਾਰ-ਬਾਰ। ਮਹਾਰਾਜ ਕਹਿੰਦੇ, ਆਹ ਕੀ ਕਰਦੈ? ਉਠ ਕੇ ਬੈਠ ਗਏ? ਕਹਿੰਦੇ, ਕੀ ਕਰਦੈਂ? ਕਹਿੰਦਾ ਮਹਾਰਾਜ! ਮੈਂ ਤਾਂ ਕੁਛ ਹੋਰ ਹੀ ਸੁਣ ਰਿਹਾ। ਛੋਟਾ ਜਿਹਾ ਸੀ, ਬਹੁਤ ਸਿਆਣਾ ਨਹੀਂ ਸੀਗਾ। ਕਹਿੰਦੇ, ਕੀ ਸੁਣਦੈ।

ਕਹਿੰਦਾ, ਮਹਾਰਾਜ! ਮੈਂ ਜਿਥੇ ਕੰਨ ਲਾਉਂਦਾ, ਉਥੇ ਵਾਹਿਗੁਰ-ਵਾਹਿਗੁਰੂ-ਵਾਹਿਗੁਰੂ ਦੀ ਆਵਾਜ਼ ਹੀ ਆਈ ਜਾਂਦੀ ਹੈ। ਮੈਂ ਕਿੰਨੀ ਵਾਰੀ ਲਾ ਕੇ ਦੇਖਿਐ।

ਕਹਿੰਦੇ, ਜਥੇਦਾਰਾ! ਤੂੰ ਲਾ ਕੇ ਦੇਖ ਤਾਂ?

ਉਹ ਕਹਿੰਦਾ, ਮੈਨੂੰ ਤਾਂ ਸੁਣਦੀ ਨਹੀਂ।

ਕਹਿੰਦੇ, ਤੂੰ ਲਾ।

ਕਹਿੰਦਾ, ਮੈਨੂੰ ਤਾਂ ਚੰਗੀ ਤਰ੍ਹਾਂ ਸੁਣਦੀ ਹੈ ਆਵਾਜ਼ ਆ ਰਹੀ ਹੈ ਵਾਹਿਗੁਰੂ ਦੀ, ਧੁਨ ਚਲ ਰਹੀ ਹੈ।

ਕਹਿੰਦੇ, ਇਹ ਬੱਚਾ ਹੈ, ਇਹਦਾ ਚਿੱਤ ਅਜੇ ਨਿਰਮਲ ਹੈ। ਖਿੰਡਿਆ ਹੋਇਆ ਨਹੀਂ ਹੈ। ਇਹਨੂੰ ਸੁਣ ਰਹੀ ਹੈ, ਤੈਨੂੰ ਸੁਣ ਨਹੀਂ ਰਹੀ।

***ਸੋ 'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥'*** ਇਕ-ਇਕ ਰੋਮ 'ਚੋਂ ਆਵਾਜ਼ ਆਇਆ ਕਰਦੀ ਹੈ। ਫੇਰ ਜਿੰਨੀਆਂ ਦੁਨੀਆਂ ਭਰ ਦੀਆਂ ਅਵਾਜ਼ਾਂ ਨੇ ਨਾ, ਚਾਹੇ ਟਾਈਮ ਪੀਸ ਟਿਕ-ਟਿਕ ਕਰਦੈ। ਉਹਨੂ ਟਿਕ-ਟਿਕ ਨਹੀਂ ਸੁਣਦੀ, ਉਹਨੂੰ ਵਾਹਿਗੁਰੂ-ਵਾਹਿਗੁਰੂ ਸੁਣਦੈ। ਚਾਹੇ ਪੰਛੀ ਆਪਣੀ-ਆਪਣੀ ਬੋਲੀ ਬੋਲਦੇ ਨੇ, ਉਹ ਵੀ ਪ੍ਰਮੇਸ਼ਰ ਦਾ ਨਾਮ ਜਪਦੇ ਪ੍ਰਤੀਤ ਹੁੰਦੇ ਨੇ -

*ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*

*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ੩ ॥*

*ਅੰਗ - ੧੨੬੫*

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥*

*ਅੰਗ- ੧੪੨੦*

ਦੂਜਿਆਂ ਨੂੰ ਘੂੰ-ਘੂੰ ਸੁਣਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਸਾਨੂੰ ਤਾਂ ਤੂੰ-ਤੂੰ ਆਵਾਜ਼ ਆਉਂਦੀ ਹੈ। ਸੋ ਇਹ ਨਾਮ ਦੀਆਂ ਅਵਸਥਾਵਾਂ ਨੇ ਫੇਰ ਉਹਦੀ ਪਦਵੀ ਕਿੱਡੀ ਕੁ ਹੁੰਦੀ ਹੈ? ਉਹਦੀ ਅਵਸਥਾ ਕਿੰਨੀ ਉਚੀ ਹੋ ਜਾਂਦੀ ਹੈ? ਕਹਿੰਦੇ, ਭੂਮੀਆਂ! ਪ੍ਰਮੇਸ਼ਰ ਦਾ, ਗੁਰੂ ਦਾ, ਕੋਈ ਫਰਕ ਨਹੀਂ ਰਿਹਾ ਕਰਦਾ -

*ਧਾਰਨਾ - ਸਾਈਂ ਹੀ ਵਰਗੇ ਨੇ*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ।*
*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ੧ ॥*

*ਅੰਗ- ੩੯੭*

ਕਹਿੰਦੇ, ਪ੍ਰਮੇਸ਼ਰ ਵਿਚ ਤੇ ਉਹਨਾਂ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ ਭਾਈ। ਉਹ ਅਵਸਥਾ ਤਹਿ ਕਰਕੇ ਪ੍ਰਮੇਸ਼ਰ ਦਾ ਰੂਪ ਬਣ ਜਾਇਆ ਕਰਦੈ। ਸੋ ਇਸ ਤਰ੍ਹਾਂ ਭਾਈ ਭੂਮੀਆਂ! ਕੁਛ ਰੁਕਾਵਟਾਂ ਨੇ ਸਾਡੇ ਅੰਦਰ ਉਹ ਨਾਮ ਨਹੀਂ ਜਪਣ ਦਿੰਦੀਆਂ, ਸੋ ਉਸ ਥਾਂ 'ਤੇ ਪਹੁੰਚਣ ਨਹੀਂ ਦਿੰਦੀਆਂ। ਪਰ ਨਾਮ ਦਾ ਬਲ ਐਨਾ ਹੈ ਕਿ ਉਹ ਨਾਮ ਜਪਣ ਤੋਂ ਬਾਅਦ ਜੋ ਕਰੜੇ ਕਪਾਟ ਲੱਗੇ ਹੋਏ ਨੇ, ਉਹ ਖੁਲ੍ਹ ਜਾਇਆ ਕਰਦੇ ਨੇ। ਨਾਮ ਕੁੰਜੀ ਹੋਇਆ ਕਰਦੀ ਹੈ -

*ਧਾਰਨਾ - ਖੁਲ੍ਹ ਜਾਂਦੇ ਨੇ ਕਪਾਟ ਬਜਰ ਕਰੜੇ,*
*ਨਾਮ ਦੀਆਂ ਲਾ ਕੇ ਚਾਬੀਆਂ।*
*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥ ੧*

*ਅੰਗ- ੯੫੪*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ੧ ॥*

*ਅੰਗ- ੯੪੭*

ਕਹਿਣ ਲੱਗੇ, ਭੂਮੀਆਂ! ਆਸਾ ਤੇ ਅੰਦੇਸ਼ਿਆਂ ਦੇ ਬਜਰ ਕਪਾਟ ਜੜੇ ਹੋਏ ਨੇ -

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ ॥ ਅੰਗ - ੮੭੭*

ਨਾਮ ਜਪਣ ਦੇ ਨਾਲ ਇਸ ਮੰਤਰ ਦੇ ਨਾਲ ਜਿਹੜਾ ਤੈਨੂੰ ਵਾਹਿਗੁਰੂ ਮੰਤਰ ਦਿਤਾ ਹੈ ਜਿਵੇਂ ਕਹਾਣੀ ਹੈ ਸਿਮ-ਸਿਮ ਕਹਿਣ ਤੇ ਪਹਾੜ ਦੇ ਦਰਵਾਜ਼ੇ ਖੁਲ੍ਹ ਜਾਂਦੇ ਸੀ ਕਹਾਣੀ ਅਲੀ ਬਾਬਾ ਚਾਲੀ ਚੋਰ ਵਿਚ। ਇਸੇ ਤਰ੍ਹਾਂ ਵਾਹਿਗੁਰੂ-ਵਾਹਿਗੁਰੂ ਕਰਕੇ ਅੰਦਰਲੇ ਦਰਵਾਜ਼ੇ ਖੁਲ੍ਹ ਜਾਂਦੇ ਨੇ। ਅੰਦਰ ਕੀ ਹੁੰਦੈ? ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥'*** ਵਾਜੇ ਵਜ ਰਹੇ ਨੇ। ਆਤਮਕ ਸੰਗੀਤ ਹੋ ਰਿਹੈ। ਸੁਣਦਾ ਕਿਉਂ ਨਹੀਂ?-

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ - ੩੧੩*

ਹਉਮੈ ਦੇ ਅਸਰ ਹੇਠ ਆਇਆ ਆਦਮੀ ਮਾਇਆ ਧਾਰੀ ਹੈ। ਉਹਨੂੰ ਨਹੀਂ ਸੁਣਦਾ। ਕਿਉਂਕਿ ਉਹਦੇ ਅੰਦਰ ਰੋਲਾ-ਘਚੋਲਾ ਮਚਿਆ ਪਿਐ ਖਿਆਲਾਂ ਦਾ। ਫੇਰ ਉਥੇ ਪ੍ਰਕਾਸ਼ ਹੈ -***'ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥'*** ਚਾਨਣੇ 'ਚ ਕੀ ਦਿਸਦੈ? ***'ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥'*** ਵਾਹਿਗੁਰੂ ਤਾਂ ਸਾਰਿਆਂ 'ਚ ਇਕੋ ਹੀ ਵਰਤ ਰਿਹੈ। ਜਿਹਨੇ ਰਚਨਾ ਰਚਾਈ ਹੈ। ***'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥'***

ਸੋ ਭਾਈ ਭੂਮੀਆਂ! ਇਹ ਹੈ ਰਸਤਾ ਜਿਹੜਾ ਤੂੰ ਪੁਛਿਆ ਸੀ ਕਿ ਰਸਤਾ ਕਿਵੇਂ ਹੈ ਮਹਾਰਾਜ?

ਪਾਤਸ਼ਾਹ! ਮੈਂ ਤਾਂ ਰਿਹਾ ਹੀ ਨਹੀਂ ਹੁਣ। ਮੇਰੇ 'ਚ ਤਾਂ ਤਿਣਕਾ ਤੋੜਨ ਦੀ ਵੀ ਹੁਣ ਸ਼ਕਤੀ ਨਹੀਂ ਰਹੀ। ਮੈਂ ਤਾਂ ਇਸ ਤਰ੍ਹਾਂ ਸਮਝ ਲਓ ਕਿ ਮਰ ਗਿਆ। ਕਹਿੰਦੇ, ਜਿਹੜਾ ਮਰ ਜਾਂਦੈ ਨਾ ਦੁਨੀਆਂ 'ਚੋਂ ਉਹ ਰੂਹਾਨੀ ਮੰਡਲ ਦੇ ਵਿਚ ਜਿਉਂਦਾ ਹੋ ਜਾਇਆ ਕਰਦੈ। ਹੁਣ ਤੂੰ ਆਹ ਜਿਹੜੇ ਮਾੜੇ ਕੰਮ ਨੇ ਇਹ ਛੱਡ ਦੇ।

ਕਹਿੰਦਾ, ਪਾਤਸ਼ਾਹ! ਮੈਨੂੰ ਡਰ ਲਗਦੈ ਬਹੁਤ। ਤੇਰਾ ਬਚਨ ਜੇ ਮੇਰੇ ਤੋਂ ਮਿਥਿਆ ਹੋ ਗਿਆ ਤਾਂ ਮੈਂ ਲੇਖੇ ਕਿਥੇ ਦੇਵਾਂਗਾ। ਕਿਉਂ ਭਾਈ ਭੂਮੀਆਂ! ਕੀ ਗੱਲ ਹੈ? ਕਹਿੰਦਾ, ਮਹਾਰਾਜ! ਮੇਰਾ ਪਿਉ ਵੀ ਚੋਰੀ ਕਰਦਾ ਸੀ, ਮੇਰਾ ਦਾਦਾ ਵੀ ਤੇ ਮੇਰਾ ਪੜਦਾਦਾ ਵੀ, ਮੇਰਾ ਤਾਂ ਖਾਨਦਾਨ ਹੀ ਧਾੜੇ ਮਾਰਨ ਵਾਲੈ। ਉਹਨਾਂ ਦਾ ਖੂਨ ਮੇਰੇ ਵਿਚ ਹੈ ਮਹਾਰਾਜ! ਮੈਨੂੰ ਕੋਈ ਪਤਾ ਨਹੀਂ ਕਿਹੜੇ ਵੇਲੇ ਉਹ ਸੁਭਾਅ ਜਾਗ ਪਵੇ। ਕ੍ਰਿਪਾ ਕਰੋ ਮੇਰੇ ਉਤੇ। ਮੈਨੂੰ ਕੋਈ ਜੁਗਤ ਦੇ ਕੇ ਕੱਢ ਲਓ, ਨਰਕ 'ਚੋਂ।

ਕਹਿੰਦੇ, ਲੈ ਭੂਮੀਆਂ! ਤੂੰ ਬਚਨ ਕਮਾ ਲਵੇਂਗਾ। ਕਹਿੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਤੂੰ ਚੋਰੀ ਕਰਨ ਤੋਂ ਤਾਂ ਹਟਣਾ ਨਹੀਂ ਹੈ। ਕਿਉਂਕਿ ਤੈਨੂੰ ਸੁਭਾਅ ਪੈ ਗਿਆ। ਉਹ ਸੁਭਾਅ ਠੀਕ ਹੋ ਜਾਏਗਾ। ਕੋਈ ਗੱਲ ਨਹੀਂ। ਪਰ ਇਕ ਗੱਲ ਕਰੀਂ ਗਰੀਬ ਦੇ ਚੋਰੀ ਨਾ ਕਰੀਂ-

ਕਹਿੰਦਾ, ਮਹਾਰਾਜ! ਮੈਂ ਤਾਂ ਪਹਿਲਾਂ ਹੀ ਨਹੀਂ ਕਰਦਾ। ਗਰੀਬ ਦੇ ਘਰ ਹੈ ਕੀ। ਤਕੜੇ ਬੰਦੇ ਦਾ ਘਰ ਭੰਨੀਏ ਤਾਂ ਹੀ ਕੁਛ ਮਿਲਦੈ।

ਕਹਿੰਦੇ, ਨਾ ਦੇਖ ਕੇ ਵਿਚਾਰ ਲਵੀਂ। ਸਭ ਤੋਂ ਜਿਹੜਾ ਅਮੀਰ ਹੈ ਉਹਦੇ 'ਚ ਕਰ ਲਈਂ।

ਦੂਸਰਾ ਸੱਚ ਬੋਲਣੈ।

ਤੀਸਰਾ, ਨਮਕ ਖਾ ਕੇ ਕਿਸੇ ਦਾ ਬੁਰਾ ਨਹੀਂ ਕਰਨਾ।

ਚੌਥਾ ਇਹ ਕਿ ਤੇਰੀ ਥਾਂ 'ਤੇ ਜੇ ਦੂਜੇ ਫਸ ਜਾਣ ਤਾਂ ਤੂੰ ਛੁਡਾਉਣੇ ਨੇ, ਸਜ਼ਾ ਆਪ ਕਟਣੀ ਹੈ।

ਸੋ ਮਹਾਰਾਜ ਨੇ ਜਾਗ ਲਾ ਦਿਤੀ। ਕੁਛ ਦਿਨ ਮਹਾਰਾਜ ਜੀ ਉਸ ਕੋਲ ਰਹੇ। ਸੁਰਤ ਟਿਕ ਗਈ, ਜਾਗ ਪਈ ਅੰਦਰਲੀ ਰੂਹ। ਮਹਾਰਾਜ ਨੇ ਕਿਹਾ, ਭੂਮੀਆਂ! ਹੁਣ ਸਤਿਸੰਗ ਕਰਿਆ ਕਰ। ਤੇਰੇ ਕੋਲ ਜਗਿਆਸੂ ਆਉਣਗੇ। ਮਹਾਰਾਜ ਦੇ ਆਲੇ-ਦੁਆਲੇ ਬਹੁਤ ਇਕੱਠ ਹੋਣ ਲਗ ਗਿਆ। ਕਹਿੰਦੇ ਆਹ ਸੰਗਤ ਦਾ ਮੁਖੀ ਅਸੀਂ ਤੈਨੂੰ ਬਣਾਉਂਦੇ ਹਾਂ। ਆਹ ਸੰਗਤ ਨੂੰ ਸਾਂਭ।

ਮਹਾਰਾਜ ਜੀ ਚਲੇ ਜਾਂਦੇ ਨੇ ਤੇ ਉਸ ਤੋਂ ਬਾਅਦ। ਕਾਫੀ ਮਹੀਨੇ ਲੰਘ ਗਏ ਤਾਂ ਸਟੋਰ ਵਾਲਿਆਂ ਨੇ ਕਿਹਾ ਕਿ ਸਰਦਾਰ ਜੀ! ਇਸ ਵੇਲੇ ਅਨਾਜ ਬਹੁਤ ਥੋੜ੍ਹਾ ਰਹਿ ਗਿਆ। ਖਰਚ ਵਧ ਗਿਆ, ਸੰਗਤ ਬਹੁਤ ਆਉਣ ਲਗ ਗਈ ਤੇ ਲੰਗਰ ਦੇ ਕੰਮ ਦੇ ਵਾਸਤੇ ਕੁਛ ਉਪਰਾਲਾ ਕਰੋ।

ਕਹਿਣ ਲੱਗਿਆ, ਮਹਾਰਾਜ ਨੇ ਚੋਰੀ ਬੰਦ ਤਾਂ ਕਰੀ ਨਹੀਂ ਹੈ। ਪਰ ਗਰੀਬ ਦੇ ਨਹੀਂ ਕਰਨੀ। ਦੇਖਣ ਲੱਗ ਗਿਆ ਘਰ। ਕਹਿੰਦਾ, ਇਹਦੇ ਨਾਲੋਂ ਤਾਂ ਫਲਾਣਾ ਅਮੀਰ ਹੈ, ਇਹਦੇ ਨਾਲੋਂ ਫਲਾਣਾ।

ਅਖੀਰ ਰਾਜੇ ਦਾ ਘਰ ਸਭ ਤੋਂ ਅਮੀਰ ਦਿਸਿਆ। ਵਿਉਂਤ ਬਣਾ ਲਈ, ਸ਼ਾਮ ਦੇ ਮੌਕੇ ਬਹੁਤ ਸੁੰਦਰ ਘੋੜੇ 'ਤੇ ਚੜ੍ਹਿਆ, ਜਿਗਾ ਕਲਗੀ ਲਗਾ ਲਈ, ਰੇਸ਼ਮ ਦੇ ਵਸਤਰ ਪਹਿਨ ਕੇ ਜਾ ਕੇ ਮੇਨ ਗੇਟ 'ਤੇ ਚਲਿਆ ਗਿਆ। ਦੂਰੋਂ ਸਿਪਾਹੀਆਂ ਨੇ ਦੇਖਿਆ ਕਿ ਕੋਈ ਰਾਜਕੁਮਾਰ ਆ ਰਿਹੈ। ਜਦੋਂ ਨੇੜੇ ਆਇਆ, ਉਹਨਾਂ ਨੇ ਸੈਲੂਟ ਕੀਤਾ। ਨਾਲ ਸਵਾਲ ਕਰ ਦਿਤਾ ਕਿ ਤੁਸੀਂ ਕੌਣ ਹੋਂ? ਉਹ ਕਹਿੰਦਾ, ਮੈਂ ਚੋਰ।

ਡਰ ਗਏ ਕਿ ਇਹ ਤਾਂ ਕੋਈ ਰਾਜਕੁਮਾਰ ਹੈ। ਅਸੀਂ ਐਵੇਂ ਹੀ ਇਹਨੂੰ ਰੋਕ ਦਿਤਾ ਤੇ ਕਿਤੇ ਸਰਕਾਰ ਨਰਾਜ਼ ਨਾ ਹੋ ਜਾਵੇ। ਕਹਿੰਦੇ, ਜਾਓ ਮਹਾਰਾਜ ਜਾਓ।

ਕਹਿੰਦਾ, ਆਹ ਘੋੜਾ ਸਾਡਾ ਸਾਂਭੋ ਅਸੀਂ ਹੁਣੇ ਆਉਂਦੇ ਹਾਂ।

ਘੋੜਾ ਸੰਭਾਲ ਦਿਤਾ, ਅੰਦਰ ਚਲਿਆ ਗਿਆ। ਰਾਤ ਵੱਡੀ ਹੋ ਗਈ। ਪਹਿਲਾਂ ਵੀ ਮਹਿਲਾਂ 'ਚ ਆਉਂਦਾ ਸੀ। ਗਾਹੇ-ਵਗਾਹੇ, ਖਾਣਾ ਵਗੈਰਾ ਜਦੋਂ ਰਾਜਾ ਦਿੰਦਾ ਸੀ। ਮਹਿਲਾਂ ਬਾਰੇ ਸਾਰਾ ਜਾਣਦਾ ਸੀ। ਅਖੀਰ ਉਥੇ

ਚੜ੍ਹ ਗਿਆ ਜਿਥੇ ਰਾਣੀ ਦਾ ਬੈਡ ਰੂਮ ਸੀ। ਉਥੇ ਜਾ ਕੇ ਗਹਿਣਿਆਂ ਦੀ ਪੋਟਲੀ ਬੰਨ੍ਹ ਲਈ, ਹੋਰ ਵੀ ਕਰ ਲਿਆ ਸਮਾਨ ਇਕੱਠਾ ਤੇ ਇਕ ਰਕੇਬੀ ਦੇ ਵਿਚ ਨਮਕ ਵਾਲਾ ਚੂਰਣ ਪਿਆ ਸੀ। ਇਹਨੇ ਜਦੋਂ ਹੱਥ ਲਾ ਕੇ ਮੂੰਹ ਨੂੰ ਲਾਇਆ ਕਿ ਕੀ ਹੈ? ਉਹਦੇ ਵਿਚ ਨਮਕ ਦਾ ਸਵਾਦ ਆ ਗਿਆ। ਉਹ ਪੋਟਲੀਆਂ ਬੰਨ੍ਹੀਆਂ ਬਨਾਈਆਂ ਉਥੇ ਹੀ ਛੱਡ ਕੇ ਵਾਪਸ ਆਇਆ ਤੇ ਘੋੜੇ 'ਤੇ ਚੜ੍ਹ ਕੇ ਵਿਦਾ ਹੋ ਗਿਆ। ਸਵੇਰ ਹੋਈ, ਉਸ ਵੇਲੇ ਪਤਾ ਲੱਗਿਆ ਕਿ ਮੇਰੇ ਤਾਂ ਕਿਸੇ ਨੇ ਸਾਰੇ ਗਹਿਣੇ ਬੰਨ੍ਹ ਲਏ। ਪੋਟਲੀ ਬੰਨ੍ਹੀ ਪਈ ਹੈ। ਰਾਜੇ ਨੇ ਕਿਹਾ ਕਿ ਛੱਡ ਕਿਉਂ ਗਿਆ ਇਹ। ਕੋਈ ਭੇਤ ਹੈ ਇਸ ਗੱਲ ਵਿਚ। ਚੋਰ ਬੜਾ ਕੋਈ ਕਮਾਲ ਹੈ। ਸਿਪਾਹੀਆਂ ਨੇ ਕਿਹਾ ਕਿ ਮਹਾਰਾਜ ਆਇਆ ਸੀ ਇਕ ਬਹੁਤ ਸੁੰਦਰ ਨੌਜਵਾਨ। ਅਸੀਂ ਉਹਨੂੰ ਪੁਛਿਆ, ਉਹਨੇ ਕਿਹਾ ਕਿ ਮੈਂ ਚੋਰ ਹਾਂ। ਅਸੀਂ ਡਰ ਗਏ ਮਹਾਰਾਜ। ਕਹਿਣ ਲੱਗੇ, ਚੋਰ ਦੀ ਤਲਾਸ਼ ਕਰੋ। ਪੁਲਿਸ ਨੇ ਆਪਣੇ ਬਸਤੇ ਖੋਲ੍ਹ ਲਏ ਦਸ ਨੰਬਰ ਵਾਲੇ। ਫੜ ਲਏ ਬੰਦੇ, ਕੁਟਾਈ ਸ਼ੁਰੂ ਹੋ ਗਈ। ਭੂਮੀਏ ਨੂੰ ਕੋਈ ਵੀ ਨਾ ਬੁਲਾਵੇ ਕਿਉਂਕਿ ਵੱਡਾ ਅਮੀਰ ਸੀ। ਸਤਿਸੰਗ ਕਰਦਾ ਸੀ। ਉਸ ਵੇਲੇ ਭੂਮੀਏ ਨੂੰ ਪਤਾ ਲੱਗਿਆ ਕਿ ਮਾਰ ਕੁਟਾਈ ਹੋਣੀ ਸ਼ੁਰੂ ਹੋ ਗਈ। ਬੜੀ ਗਰੀਬ ਮਾਰ ਹੋ ਰਹੀ ਹੈ। ਭੂਮੀਆਂ ਤਿਆਰ ਹੋਇਆ, ਰਾਜੇ ਦੀ ਕਚਹਿਰੀ ਲਗੀ ਹੋਈ ਸੀ।

ਉਹ ਕਹਿੰਦੇ, ਭੂਮੀਆਂ ਕਿਵੇਂ ਆਇਆ, ਕੋਈ ਸ਼ਿਕਾਇਤ ਹੈ ਤੇਰੀ? ਕਹਿੰਦਾ, ਨਾ ਮਹਾਰਾਜ! ਮੇਰੀ ਕੋਈ ਸ਼ਿਕਾਇਤ ਨਹੀਂ।

ਫੇਰ ਕਿਵੇਂ ਆਇਐਂ?

ਕਹਿੰਦਾ, ਇਹਨਾਂ ਨੂੰ ਛੱਡ ਦਿਓ ਤੇਰਾ ਚੋਰ ਤਾਂ ਮੈਂ ਹਾਂ।

ਰਾਜਾ ਕਹਿਣ ਲੱਗਿਆ, ਹੈਂ ਤੂੰ ਚੋਰ?

ਕਹਿੰਦਾ, ਹਾਂ।

ਬੜਾ ਹੈਰਾਨ ਹੋ ਗਿਆ। ਵਜ਼ੀਰ ਬੁਲਾ ਲਏ। ਇਕਲਵਾਂਜੇ ਬੈਠ ਕੇ, ਇਕਾਂਤ 'ਚ ਰਾਜਾ ਪੁਛਣ ਲੱਗਿਆ ਕਿ ਸਾਨੂੰ ਇਕ ਗੱਲ ਦਸ ਕਿ ਤੂੰ ਚੋਰੀ ਕਰਨ ਆਇਆ ਸੀ। ਤੇ ਤੂੰ ਕਿਹਾ ਕਿ ਮੈਂ ਚੋਰ ਹਾਂ। ਇਸ ਗੱਲ 'ਤੇ ਹੀ ਅਸੀਂ ਹੈਰਾਨ ਹਾਂ ਤੇ ਫੇਰ ਚੁੱਕ ਕੇ ਕਿਉਂ ਨਾ ਲੈ ਗਿਆ।

ਕਹਿਣ ਲੱਗਿਆ, ਰਾਜਨ! ਮੈਨੂੰ ਪੂਰਾ ਸਤਿਗੁਰੂ ਮਿਲ ਗਿਆ। ਜਿਹਨੇ ਜੁਗਤ ਦੇ ਨਾਲ ਮੈਨੂੰ ਚੋਰੀ ਤੋਂ ਹਟਾ ਦਿਤਾ। ਮੈਂ ਨਹੀਂ ਸੀ ਹਟਦਾ।

ਕਹਿਣ ਲੱਗਿਆ, ਉਹਨੇ ਚਾਰ ਬਚਨ ਲਏ। ਪਹਿਲਾ ਸੀ ਸੱਚ ਬੋਲਣਾ। ਤੇਰੇ ਪਹਿਰੇਦਾਰਾਂ ਨੇ ਜਦੋਂ ਪੁਛਿਆ, ਮੈਂ ਝੂਠ ਨਹੀਂ ਬੋਲਿਆ, ਮੈਂ ਕਿਹਾ ਮੈਂ ਚੋਰ ਹਾਂ। ਉਹਨਾਂ ਨੇ ਮੈਨੂੰ ਲੰਘਣ ਦੇ ਦਿਤਾ। ਫੇਰ ਮੈਂ ਗਰੀਬ ਦੇ ਚੋਰੀ ਨਹੀਂ ਸੀ ਕਰਨੀ। ਤੂੰ ਸਾਰਿਆਂ ਤੋਂ ਅਮੀਰ ਸੀ, ਇਸ ਕਰਕੇ ਮੈਂ ਤੇਰੇ ਆ ਗਿਆ। ਮੇਰੇ ਗੁਰੂ ਨੇ ਕਿਹਾ ਸੀ ਕਿ ਨਮਕ ਖਾ ਕੇ ਬੁਰਾ ਨਹੀਂ ਕਰਨਾ। ਇਸ ਕਰਕੇ ਰਾਜਨ! ਮੈਂ ਜਦੋਂ ਬੰਨ੍ਹ ਲਿਆ ਸਾਰਾ ਸਮਾਨ, ਤੇਰੀ ਰਕੇਬੀ ਦੇ ਵਿਚ ਚੂਰਨ ਪਿਆ ਸੀ, ਉਹ ਮੇਰੇ ਮੂੰਹ ਨੂੰ ਲਗ ਗਿਆ। ਮੈਂ ਉਥੇ ਹੀ ਸਾਰਾ ਕੁਛ ਛਡ ਦਿਤਾ।

ਗੁਰੂ ਦਾ ਹੁਕਮ ਮੰਨਿਆ। ਹੁਣ ਮੇਰੇ ਗੁਰੂ ਦਾ ਹੁਕਮ ਹੈ ਕਿ ਗਰੀਬ ਮਾਰ ਨਹੀਂ ਹੋਣ ਦੇਣੀ। ਮੈਂ ਹਾਜ਼ਰ ਹਾਂ, ਚਾਹੇ ਮੈਨੂੰ ਫਾਂਸੀ ਦੇ ਦਿਓ, ਜਿਹੜਾ ਕੁਛ ਕਰਨਾ ਕਰ ਲਓ, ਮੈਂ ਸੱਚ ਬੋਲ ਦਿਤਾ। ਕਿਉਂਕਿ ਮੇਰੇ ਗੁਰੂ ਨੇ ਕਿਹੈ ਕਿ ਝੂਠ ਨਹੀਂ ਬੋਲਣਾ। ਰਾਜਾ ਹੈਰਾਨ ਹੋ ਗਿਆ। ਸੋਚਣ ਲਗ ਗਿਆ। ਕਹਿੰਦਾ, ਕਿੱਡਾ ਕਾਮਲ ਗੁਰੂ ਹੈ, ਜੁਗਤ ਦੇ ਨਾਲ ਚੋਰੀ ਹਟਾ ਦਿਤੀ। ਵੱਡੇ ਚੋਰ ਦੀ। ਕਮਾਲ ਕਰ ਦਿਤੀ। ਕਹਿੰਦਾ, ਸਾਡਾ ਸਜ਼ਾਵਾਂ ਦੇਣ ਦਾ ਮਤਲਬ ਹੁੰਦਾ ਬੰਦੇ ਨੂੰ ਸੁਧਾਰਨਾ। ਇਹਨੂੰ ਤਾਂ ਗੁਰੂ ਹੀ ਸਜ਼ਾ ਦੇ ਗਿਆ।

ਉਸ ਵੇਲੇ ਉਸ ਨੇ ਬੜੀ ਵਿਚਾਰ ਕੀਤੀ। ਵਿਚਾਰ ਕਰਨ ਤੋਂ ਬਾਅਦ ਆਪਣੇ ਵਜ਼ੀਰਾਂ ਨੂੰ ਕਿਹਾ ਕਿ ਦੇਖੋ, ਮੇਰੇ ਰਾਜ ਦਾ ਵਾਰਿਸ ਨਹੀਂ ਹੈ ਕੋਈ। ਦੂਸਰੀ ਗੱਲ ਇਹ ਹੈ ਕਿ ਮੇਰੇ ਅੰਦਰ ਧੁੜਕੂ ਰਹਿੰਦੈ ਕਿ ਮੇਰੇ ਵਫਾਦਾਰ ਨਹੀਂ ਹਨ ਸਾਰੇ। ਆਹ ਜਿਹਦੇ ਮੂੰਹ ਨੂੰ ਜ਼ਰਾ ਕੁ ਲੂਣ ਲਗ ਗਿਆ, ਮੇਰੀ ਚੋਰੀ ਨਹੀਂ ਕਰੀ। ਇਹ ਮੇਰੇ ਨਾਲ ਕਦੋਂ ਧੋਖਾ ਕਰੇਗਾ, ਇਹਦੇ ਗੁਰੂ ਨੇ ਜਦ ਬਚਨ ਲੈ ਲਿਆ ਇਸ ਤੋਂ। ਕਹਿਣ ਲੱਗਿਆ ਕਿ ਮੈਂ ਭੂਮੀਆਂ! ਤੇਰੇ ਗੁਰੂ ਦੀ ਕਦਰ ਕਰਦਾਂ ਤੇ ਤੇਰੇ ਸੱਚ ਬੋਲਣ ਦੀ, ਨਮਕ ਹਲਾਲੀ ਦੀ ਮੈਂ ਕਦਰ ਕਰਕੇ ਤੈਨੂੰ ਮੈਂ ਆਪਣਾ ਵੱਡਾ ਵਜ਼ੀਰ ਬਣਾਉਨਾ ਤੇ ਅੱਜ ਤੋਂ ਬਾਅਦ ਤੂੰ ਵਜ਼ਾਰਤ ਦਾ ਕੰਮ ਕਰ। ਤੂੰ ਮੈਨੂੰ ਧੋਖਾ ਨਹੀਂ ਦੇਵੇਂਗਾ, ਤੂੰ ਮੇਰਾ ਵਫ਼ਾਦਾਰ ਰਹੇਂਗਾ ਤੇ ਮੈਂ ਤੇਰੇ ਗੁਰੂ ਦੇ ਜੋ ਬਚਨ ਨੇ ਉਹ ਸੁਣਨ ਵਾਸਤੇ ਤੇਰੇ ਘਰ ਆਇਆ ਕਰਾਂਗਾ। ਸਤਿਸੰਗ ਕਰਿਆ ਕਰਾਂਗਾ।

ਸੋ ਇਸ ਤਰ੍ਹਾਂ ਦੇ ਨਾਲ ਇਕ ਬਹੁਤ ਵੱਡਾ ਕਿਲ੍ਹਾ ਫਤਹਿ ਕਰ ਲਿਆ ਮਹਾਰਾਜ ਜੀ ਨੇ। ਸਾਰੇ ਇਲਾਕੇ 'ਚ ਧੰਨ-ਧੰਨ ਹੋ ਗਈ। ਭੂਮੀਏ ਨੇ ਸਤਿਸੰਗ ਕਰੀ। ਰਾਜਾ ਸਤਿਸੰਗੀ ਹੋ ਗਿਆ। ਗੁਰਸਿੱਖੀ ਮੰਡਲ 'ਚ ਪ੍ਰਵੇਸ਼ ਕਰ ਗਿਆ। ਪਰਜਾ ਪ੍ਰਵੇਸ਼ ਕਰ ਗਈ। ਇਸ ਤਰ੍ਹਾਂ ਜੁਗਤ ਦੇ ਨਾਲ ਗੁਰੂ ਮਹਾਰਾਜ ਜੀ ਨੇ ਨਾਮ ਦੀ ਮਹਿਮਾ

*(ਬਾਕੀ ਪੰਨਾ 39 'ਤੇ)*

# ਹਉਮੈ ਦੀਰਘ ਰੋਗ ਹੈ

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

***'ਸਰਬ ਰੋਗ ਕਾ ਅਉਖਦੁ ਨਾਮੁ ॥'(ਅੰਗ-274)*** ਦੇ ਅਧਾਰ 'ਤੇ ਪਹਿਲਾਂ ਆਪਾਂ ਵਿਚਾਰਾਂ ਸਰਵਣ ਕਰ ਰਹੇ ਸੀ। ਜੇ ਦੇਖੀਏ ਤਾਂ ਅੱਜ ਦਾ ਸੰਸਾਰ ਹੈ ਤਾਂ ਰੋਗੀ ਹੀ ਪਰ ਦਵਾਈ ਵੀ ਇਹਦੇ ਨਾਲ ਅੰਦਰ ਪਈ ਹੈ -

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ- ੬੮੭*

ਜਦੋਂ ਅਸੀਂ ਗੁਰਬਾਣੀ ਗਾਉਂਦੇ ਹਾਂ ਉਹ ਮੈਲ ਉਤਰਦੀ ਹੈ -

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ - ੨੮੯*

ਸਭ ਤੋਂ ਵੱਡਾ ਜਿਹੜਾ ਹਉਮੈ ਦਾ ਰੋਗ ਹੈ, ਇਹਦੀ ਜ਼ਹਿਰ ਸਾਰੇ ਫੈਲੀ ਹੋਈ ਹੈ ਤੇ ਇਹਦਾ ਇਲਾਜ ਵੀ ਨਾਲ ਹੀ ਰੱਖ ਦਿਤਾ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*
*ਅੰਗ - ੯੯੯*

ਉਹਦਾ ਆਉਣਾ ਤੇ ਜਾਣਾ, ਜੰਮਣਾ ਤੇ ਮਰਣਾ ਇਹ ਦੁੱਖ ਹੈ। ਇਸ ਕਰਕੇ ਇਹਦੀ ਜਿਹੜੀ ਦਵਾਈ ਹੈ -

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ ੨ ॥*
*ਅੰਗ - ੪੬੬*

ਤੇ ਇਹ ਦਵਾਈ ਸਭ ਦੇ ਅੰਦਰ ਪਈ ਹੈ। ਕੋਈ ਐਸਾ ਨਹੀਂ ਜਿਹਦੇ ਅੰਦਰ ਨਹੀਂ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੁਖ ਨ ਥੀਆ ॥ ਅੰਗ - ੨੫੯*

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ- ੨੫੯*

ਜਦੋਂ ਗੁਣ ਗਾਉਂਦੇ ਹਾਂ, ਇਹ ਜਿਹੜੀ ਹਉਮੈ ਦੀ ਵਿਹੁ ਫੈਲੀ ਹੈ, ਇਸ ਤੋਂ ਛੁਟਕਾਰਾ ਹੋ ਜਾਂਦਾ ਹੈ, ਇਹ ਉਤਰ ਜਾਂਦੀ ਹੈ। ਜਦੋਂ ਇਸ ਤਰ੍ਹਾਂ ਰਲ ਮਿਲ ਕੇ ਆਪਾਂ ਸੰਗਤ 'ਚ ਮਿਲ ਕੇ ਗਾਉਂਦੇ ਹਾਂ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਸੰਸਾਰ ਦੁਖੀ ਹੈ, ਸੰਸਾਰ ਰੋਗੀ ਹੈ ਤੇ ਇਹਦਾ ਇਲਾਜ ਨਾਮ ਹੈ। ਉਸ ਤਕ ਪਹੁੰਚਣ ਵਾਸਤੇ ਗੁਰਮੰਤ੍ਰ ਦਾ ਅਭਿਆਸ ਕਰਨਾ ਹੈ। ਗੁਰੂ ਤੋਂ ਮੰਤ੍ਰ ਲੈ ਕੇ ਮੰਤਰ ਦੀ ਕਮਾਈ ਕਰਨੀ ਹੈ। ਫੇਰ ਨਾਮ 'ਚ ਰੁਸਵਾਈ ਹੋਣੀ ਹੈ। ਦੁਖ ਕਿੱਡੇ-ਕਿੱਡੇ ਨੇ, ਪਹਿਲਾਂ ਸਾਹ ਲੈਂਦੇ ਹੀ-

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥ ਅੰਗ- ੯੨੧*

ਵਾਸ਼ਨਾਵਾਂ ਦੀ ਉਪਜ ਹੋਈ ਤੇ ਇਸ ਦੇ ਵਿਚੋਂ ਕੀ ਨਿਕਲਿਆ -

*ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥*
*ਅੰਗ- ੧੨੪੦*

ਦੁਖ ਦੇ ਹੀ ਅੱਗੇ ਸਾਰੇ ਕਾਰਨ ਬਣਦੇ ਗਏ ਤੇ ਸੰਸਾਰ ਦੀ ਐਸੀ ਹਾਲਤ ਅੱਜ ਬਣ ਚੁਕੀ ਹੈ। ਗੁਰੂ ਬਿਨਾਂ ਸੰਸਾਰ ਡੁੱਬਦਾ ਜਾ ਰਿਹਾ ਹੈ।

ਮਾਤਾ ਦੇ ਦੁੱਧ ਨਾਲ ਪਿਆਰ ਪੈ ਗਿਆ। ਫੇਰ ਮਾਤਾ ਪਿਤਾ ਦੀ ਸੁਧ ਆ ਗਈ। ਫੇਰ ਅੱਗੇ ਮੋਹ ਪੈ ਗਿਆ ਭਰਾਵਾਂ, ਭਰਜਾਈਆਂ ਨਾਲ, ਰਿਸ਼ਤੇ ਸਰੀਰ ਦੇ ਬਣਨੇ ਸ਼ੁਰੂ ਹੋਏ। ਪਿਆਰ ਦੀਆਂ ਖੇਡਾਂ ਖੇਡਦਿਆਂ ਬਚਪਨ ਬਤੀਤ ਹੋ ਗਿਆ।

*ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ ॥ ਅੰਗ- ੪੭੯*

ਹੁਣ ਜਵਾਨੀ ਆਈ, ਜਵਾਨੀ ਵਿਚ ਪੈਰ ਧਰਿਆ।

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥ ਅੰਗ - ੧੩੭*

ਫੇਰ ਖਾਣ ਪੀਣ ਦਾ ਕੋਈ ਪਥ ਪਰਹੇਜ਼ ਨਾ ਰਿਹਾ। ਭੱਖ-ਅਭੱਖ ਸਭ ਖਾਏ। ਕਹਿੰਦੇ ਨੇ, 'ਜੈਸਾ ਅੰਨ ਤੈਸਾ ਮਨ' ਇਸ ਉਪਰ ਉਹੀ ਅਸਰ ਹੋ ਗਿਆ। ਵਿਸ਼ੇ ਵਿਕਾਰਾਂ ਵਿਚ ਪ੍ਰਵੇਸ਼ ਹੋਣ ਕਾਰਨ ਪ੍ਰਮੇਸ਼ਰ ਨੂੰ ਭੁੱਲ ਗਿਆ। ਇਹਨਾਂ ਦੇ ਅਧੀਨ ਹੋ ਕੇ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - ੯੩੨*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*
*ਅੰਗ - ੩੧੫*

ਹੁਣ ਐਸੀ ਹਾਲਤ ਹੋ ਗਈ। ਚਾਹੀਦਾ ਇਹ ਸੀ ਕਿ 'ਨਾਮ' ਨਾਲ ਜੁੜਦਾ। ਵਾਸ਼ਨਾਵਾਂ ਦੇ ਅਧੀਨ ਕਾਮ, ਕ੍ਰੋਧ ਵਿਚ ਪ੍ਰਵੀਨ ਹੋ ਗਿਆ ਤੇ ਦੁਖ ਹੋ ਰਿਹੈ। ਚਾਹੀਦਾ ਤਾਂ ਸੀ -

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*
*ਸਾਧ ਕੀ ਟਹਲ ਸੰਤਸੰਗਿ ਹੇਤ ॥*
*ਕਰਨ ਨ ਸੁਨੈ ਕਾਹੂ ਕੀ ਨਿੰਦਾ ॥*
*ਸਭ ਤੇ ਜਾਨੈ ਆਪਸ ਕਉ ਮੰਦਾ ॥*
*ਗੁਰ ਪ੍ਰਸਾਦਿ ਬਿਖਿਆ ਪਰਹਰੈ ॥*
*ਮਨ ਕੀ ਬਾਸਨਾ ਮਨ ਤੇ ਟਰੈ ॥ ਅੰਗ - ੨੭੪*

ਹੋਣਾ ਤਾਂ ਚਾਹੀਦਾ ਸੀ ਕਿ ਇਹਨਾਂ ਇੰਦ੍ਰਿਆਂ ਨੂੰ ਕੰਟਰੋਲ ਕਰਦਾ। ਹੁਣ ਵੱਡਾ ਹੋਇਆ, ਅੱਗੇ ਕੀ ਹੋਇਆ-

*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ - ੧੩੭*

ਹੁਣ ਵਿਆਹ ਹੋ ਗਿਆ। ਘਰ ਬਾਰ ਬਣਾਉਣ 'ਚ, ਧੰਦੇ ਧੰਦਾਰ, ਵਿਸ਼ੇ ਵਿਕਾਰਾਂ 'ਚ ਸਮਾਂ ਲੰਘ ਗਿਆ। ਜਦੋਂ ਵਾਸ਼ਨਾ ਦੀ ਪੂਰਤੀ ਨਾ ਹੋਈ, ਫੇਰ ਕ੍ਰੋਧ ਨੇ ਜਗ੍ਹਾ ਲੈ ਲਈ, ਗੁੱਸਾ ਆਇਆ।

*ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥*
*ਰੂਧਾ ਕੰਠੁ ਸਬਦੁ ਨਹੀ ਉਚਰੈ*
*ਅਬ ਕਿਆ ਕਰਹਿ ਪਰਾਨੀ॥ ਅੰਗ- ੬੫੯*

ਨਾਲ ਆਏ ਸਾਥੀ ਜਵਾਬ ਦੇ ਗਏ।

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ- ੧੩੮੧*

*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ੨ ॥ ਅੰਗ- ੧੩੭*

ਇਸ ਤਰ੍ਹਾਂ ਦੇ ਨਾਲ ਵਾਸ਼ਨਾਵਾਂ ਦੇ ਅਧੀਨ ਹੋਣ ਕਾਰਨ ਅਸੀਂ ਦੁਖੀ ਹੋ ਰਹੇ ਹਾਂ। ਸਾਰੇ ਹੀ ਦੁਖੀ ਨੇ, ਕੋਈ ਇਹ ਨਹੀਂ ਕਹਿ ਸਕਦਾ ਕਿ ਮੈਂ ਨਿਰੋਗੀ ਹਾਂ। ਮੈਂ ਸੁਖੀ ਹਾਂ, ਮੈਂ ਦੁਖੀ ਨਹੀਂ ਹਾਂ। ਕਿਉਂਕਿ ਇਹ ਫੈਸਲਾ ਸਤਿਗੁਰੂ ਜੀ ਨੇ ਕਰ ਦਿਤਾ -

*ਸੁਖੁ ਮਾਂਗਤ ਦੁਖੁ ਆਗਲ ਹੋਇ ॥ ਅੰਗ- ੨੨੨*

ਮੰਗਦੇ ਸੁਖ ਹਾਂ ਲੇਕਿਨ ਉਸ ਦੇ ਪਿੱਛੇ ਬਹੁਤ ਵੱਡਾ ਦੁਖ ਹੈ। ਦੁਖ ਨੂੰ ਮਾੜਾ ਨਹੀਂ ਕਿਹਾ, ਪਾਤਸ਼ਾਹ ਜੀ ਨੇ ਸਾਨੂੰ ਇਸ ਨਾਲ ਸਮਝੌਤਾ ਕਰਨ ਨੂੰ ਕਿਹਾ ਹੈ। ਕਿਉਂਕਿ ਜੋ ਵੀ ਹੋ ਰਿਹਾ ਹੈ -

*ਨਾ ਕੋ ਮੂਰਖੁ ਨਾ ਕੋ ਸਿਆਣਾ ॥*
*ਵਰਤੈ ਸਭ ਕਿਛੁ ਤੇਰਾ ਭਾਣਾ ॥ ਅੰਗ- ੯੮*

*ਭਾਣੇ ਵਿਚਿ ਕੋ ਵਿਰਲਾ ਆਇਆ ॥ ਅੰਗ- ੧੦੬੩*

ਦੁਖ ਦੇ ਵਿਚੋਂ ਲੰਘਣਾ ਹੀ ਪੈਂਦਾ ਹੈ -

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ ॥ ਅੰਗ- ੮੭੭*

ਜਿਵੇਂ ਦਰਵਾਜ਼ਾ ਹੈ ਉਹਦੇ ਅੱਗੇ ਜੋ ਬੈਠਾ ਹੈ ਰਾਖੀ ਕਰਨ ਵਾਲਾ, ਉਹ ਕ੍ਰੋਧ ਹੈ ਤੇ ਦੁਖ ਦਾ ਇਹ ਦਰਵਾਜ਼ਾ ਹੈ, ਉਹਦੇ ਵਿਚੋਂ ਲੰਘਣਾ ਪੈਂਦਾ ਹੈ -

*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥ ੨ ॥ ਅੰਗ- ੮੭੭*

ਤੇ ਇਹ ਮਾਇਆ ਦੀ ਖਾਈ, ਜਿਵੇਂ ਕਿਲ੍ਹਾ ਹੁੰਦਾ ਹੈ, ਪ੍ਰਤੀਕ ਹੈ, ਉਸਦੇ ਦੁਆਲੇ ਪਾਣੀ ਛੱਡਿਆ ਹੁੰਦਾ ਹੈ, ਪੁਰਾਣੇ ਸਮਿਆਂ 'ਚ ਇਸ ਤਰ੍ਹਾਂ ਦੇ ਪ੍ਰਬੰਧ ਹੁੰਦੇ ਕਿ ਕੋਈ ਦੁਸ਼ਮਣ ਪਹੁੰਚ ਨਾ ਸਕੇ। ਅੱਗੇ ਕਿਲ੍ਹਾ ਹੁੰਦਾ, ਫੇਰ ਅੱਗੇ ਰਾਜੇ ਦਾ ਨਿਵਾਸ ਹੁੰਦਾ। ਇਥੇ ਇਸ ਤਰ੍ਹਾਂ ਦਾ ਪ੍ਰਤੀਕ ਦਿਤਾ ਹੈ ਕਿ ਇਸੇ ਤਰ੍ਹਾਂ ਦੇ ਨਾਲ ਇਹਦੇ ਵਿਚੋਂ ਲੰਘਣਾ ਪੈਣਾ ਹੈ। ਹਰ ਇਕ ਇਨਸਾਨ ਨੂੰ ਦੁਖ ਤੇ ਸੁਖ ਦਾ ਟਾਕਰਾ ਕਰਨਾ ਹੀ ਪੈਂਦਾ ਹੈ। ਜੇ ਦੇਖੀਏ ਤਾਂ ਦੁਖ ਦੇ ਵਿਚੋਂ ਸੁਖ ਦੀ ਉਪਜ ਹੁੰਦੀ ਹੈ। ਜਿਵੇਂ ਵਾਸ਼ਨਾ ਹੋਵੇ ਅੰਦਰ ਉਸਨੂੰ ਜੀਵਨ ਮਨੋਰਥ (aim of life) ਕਹਿ ਦਿੰਦੇ ਨੇ ਕਿ ਸਾਡਾ ਇਹ ਮਨੋਰਥ ਹੈ। ਦੁਨਿਆਵੀ ਤੌਰ ਤੇ ਉਸ ਤਕ ਪਹੁੰਚਣ ਵਾਸਤੇ ਕਿੰਨੇ ਪੇਪਰ ਪਾਸ ਕਰਨੇ ਪੈਂਦੇ ਹਨ। ਡਿਗਰੀਆਂ ਲੈਣੀਆਂ ਹੁੰਦੀਆਂ ਹਨ। ਜੇ ਦੇਖੀਏ ਸਾਰੀ-ਸਾਰੀ ਰਾਤ ਵਿਦਿਆਰਥੀ ਪੜ੍ਹਦੇ ਰਹਿੰਦੇ ਹਨ। ਦੇਖਣ ਨੂੰ ਤਾਂ ਲਗਦਾ ਹੈ ਕਿ ਕਿੰਨਾ ਆਪਣੇ ਆਪ ਨੂੰ ਦੁਖ ਦੇ ਰਿਹਾ ਹੈ। ਪਰ ਉਹਦੇ ਪਿਛੇ ਕਿੱਡਾ ਵੱਡਾ ਸੁਖ ਨਿਕਲਦਾ ਹੈ। ਭਾਵੇਂ ਉਹ ਸੁਖ ਛਿਨ ਭੰਗਰ ਦੁਨਿਆਵੀ ਸੁਖ ਹਨ। ਪਰ ਇਸ ਤਰ੍ਹਾਂ ਦੇ ਨਾਲ ਹਰ ਇਕ ਇਨਸਾਨ ਨੂੰ ਇਸ ਦਾ ਟਾਕਰਾ ਕਰਨਾ ਪੈਂਦਾ ਹੈ। ਜਦੋਂ ਵੱਡੇ-ਵੱਡੇ ਸੰਸਾਰ ਦੇ ਉਤੇ ਹੋਏ, ਉਹਨਾਂ ਦੀ ਵੀ ਹਾਲਤ ਐਸੀ ਹੋਈ, ਫਿਰ ਅਸੀਂ ਕਿਸ ਦੇ ਪਾਣੀ ਹਾਰ ਹਾਂ। ਸਾਡੀ ਅਵਸਥਾ ਕੀ ਹੈ? ਇਸ ਕਰਕੇ ਜੇ ਸੁਖ ਹੈ ਤਾਂ ਨਾਮ ਦੇ ਵਿਚ ਹੈ। ਮਨ ਦੀ ਸ਼ਾਂਤੀ ਕੇਵਲ ਤੇ ਕੇਵਲ ਨਾਮ ਦੇ ਵਿਚ ਹੈ। ਨਾਮ ਤੋਂ ਬਗੈਰ ਸੰਸਾਰ ਦੁਖੀ ਹੈ, ਸੰਸਾਰ ਰੋਗੀ ਹੈ।

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ਅੰਗ- ੧੧੪੦*
*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥ ਅੰਗ- ੯੫੪*

*ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥*
*ਕਹਾ ਭਇਓ ਦਰਿ ਬਾਂਧੇ ਹਾਥੀ*
*ਖਿਨ ਮਹਿ ਭਈ ਪਰਾਈ ॥ ਅੰਗ- ੬੯੩*

ਜਦੋਂ ਰਾਵਣ ਸੀਤਾ ਨੂੰ ਲੈ ਗਿਆ। ਰਾਮ ਜੀ ਵੀ ਰੋਏ, ਰਾਵਣ ਵੀ ਰੋਇਆ। ਐਨਾ ਵੱਡਾ ਸੀ ਰਾਵਣ, ਦਸ ਬ੍ਰਾਹਮਣਾਂ ਜਿੰਨਾਂ ਦਿਮਾਗ ਸੀ ਉਸਦਾ। ਜਿਹਨੇ ਕਾਲ ਨੂੰ ਵੀ ਵਸ ਕਰ ਲਿਆ। ਜੋਤਿਸ਼ ਵਿਦਿਆ ਦੇ ਨਾਲ ਉਸ ਨੇ ਹਿਸਾਬ ਲਾਇਆ ਕਿ ਜਿਹੜੀ ਮੇਰੀ ਮੌਤ ਹੋਣੀ ਹੈ ਉਹ ਸ੍ਰੀ ਰਾਮ ਚੰਦਰ ਜੀ ਦੇ ਹੱਥੋਂ ਹੋਣੀ ਹੈ। ਰਾਜਾ ਦਸਰਥ ਦੇ ਉਹਨਾਂ ਨੇ ਜਨਮ ਲੈਣਾ ਹੈ। ਰਾਜਾ ਦਸਰਥ ਨੂੰ ਚੁੱਕ ਕੇ ਸੰਦੂਕ ਵਿਚ ਬੰਦ ਕਰਕੇ ਸਮੁੰਦਰ ਵਿਚ ਰੋੜ੍ਹ ਦਿਤਾ। ਸੰਦੂਕ ਦੀ ਚਾਬੀ ਆਪਣੇ ਪਾਵੇ ਨਾਲ ਬੰਨ੍ਹ ਲਈ ਤੇ ਕਾਲ ਨੂੰ ਵੀ ਪਾਵੇ ਨਾਲ ਬੰਨ੍ਹ ਲਿਆ -

*ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥*
*ਬੈਸੰਤਰੁ ਜਾ ਕੇ ਕਪਰੇ ਧੋਈ ॥ ਅੰਗ- ੪੮੧*

ਹੁਣ ਜਦੋਂ ਇਹ ਨਿਸਚਿੰਤ ਹੋ ਗਿਆ, ਮੇਰਾ ਹੁਣ ਕਾਲ ਨਹੀਂ ਆਉਣਾ।

ਅੱਜ ਦੀ ਸਾਇੰਸ ਦਸਦੀ ਹੈ ਕਿ ਡੌਲਫਿਨ ਸਮੁੰਦਰ ਵਿਚ ਇਕ ਮੱਛੀ ਹੈ। ਇਸ ਨੂੰ ਬੜੀ ਮੁਸ਼ਕ (smell) ਆਉਂਦੀ ਹੈ, ਇਹ ਮਨੁੱਖ ਦੀ ਮਦਦ ਕਰਦੀ ਹੈ। 18-18 ਕੁਇੰਟਲ ਤਕ ਇਹਨਾਂ ਦਾ ਭਾਰ ਹੁੰਦੈ। ਇਸ ਮੱਛੀ ਨੇ ਆਪਣੀ ਪਿੱਠ 'ਤੇ ਲੈ ਕੇ ਸੰਦੂਕ ਨੂੰ ਸਮੁੰਦਰ ਦੇ ਕਿਨਾਰੇ ਰੱਖ ਦਿਤਾ। ਜਦੋਂ ਮਛੇਰਿਆਂ ਨੇ ਤਾਲਾ ਤੋੜਿਆ ਤਾਂ ਦਸਰਥ ਜਿਉਂਦਾ ਫੇਰ ਵਿਚੋਂ ਨਿਕਲ ਆਇਆ। ਸਿਰ ਦੇ ਉਤੇ ਤਾਂ ਫੇਰ ਵੀ ਕਾਲ ਕੂਕਦਾ ਰਿਹਾ ਹੈ।

*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥ ਅੰਗ- ੯੫੪*

ਹੁਣ ਪਾਂਡਵ ਜਿਹਨਾਂ ਦੇ ਸਖਾ ਦੁਆਪਰ ਯੁੱਗ ਦੇ ਅਵਤਾਰ ਕ੍ਰਿਸ਼ਨ ਭਗਵਾਨ ਜੀ ਸਨ। ਐਸੀ ਇਕ ਕਥਾ ਆਉਂਦੀ ਹੈ ਕਿ -

*ਰਾਜਨ ਕਉਨੁ ਤੁਮਾਰੈ ਆਵੈ ॥*
*ਐਸੋ ਭਾਉ ਬਿਦਰ ਕੋ ਦੇਖਿਓ*
*ਓਹੁ ਗਰੀਬੁ ਮੋਹਿ ਭਾਵੈ ॥ ੧ ॥ ਰਹਾਉ ॥*
*ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥*
*ਅੰਗ- ੧੧੦੫*

ਭਗਵਾਨ ਕ੍ਰਿਸ਼ਨ ਜੀ ਨੇ ਬਹੁਤ ਸਮਝਾਉਣ ਦਾ ਯਤਨ ਕੀਤਾ ਤਾਂ ਕਿ ਕੌਰਵਾਂ ਤੇ ਪਾਂਡਵਾਂ ਦਾ ਯੁੱਧ, ਮਹਾਂਭਾਰਤ ਨਾ ਹੋਵੇ। ਪਰ ਉਹ ਹੋ ਕੇ ਹੀ ਰਿਹਾ।

ਪਾਂਡਵਾਂ ਨੇ ਜੂਆ ਖੇਡਿਆ, ਕ੍ਰਿਸ਼ਨ ਜੀ ਦੀ ਕੁਲ ਸ਼ਰਾਬ 'ਚ ਮਦਹੋਸ਼ ਹੋਈ, ਜੂਏ ਤੇ ਸ਼ਰਾਬ ਨੇ ਕਿੰਨਾ ਨੁਕਸਾਨ ਕੀਤਾ। ਕ੍ਰਿਸ਼ਨ ਭਗਵਾਨ ਦੀ ਕੁਲ ਦਾ ਹੀ ਖਾਤਮਾ ਕਰ ਦਿਤਾ।

*ਦਰਵਾਸਾ ਸਿਉ ਕਰਤ ਠਗਉਰੀ*
*ਜਾਦਵ ਇਹ ਫਲ ਪਾਇਆ। ਭਾਈ ਗੁਰਦਾਸ ਜੀ*

ਪਾਂਡਵ ਵੀ ਰੋਏ ਉਸ ਵੇਲੇ ਜਦੋਂ ਜੂਏ ਵਿਚ ਦਰੋਪਤੀ ਤਕ ਨੂੰ ਹਾਰ ਦਿਤਾ।

*ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਧੀ।*
*ਪੰਜੇ ਪਾਂਡੋ ਵੇਖਦੇ ਅਉਘਰਿ ਰੁਧੀ ਨਾਰਿ ਜਿਨਾਂ ਦੀ।*
*ਅਖੀ ਮੀਟਿ ਧਿਆਨੁ ਧਰਿ*
*ਹਾਹਾ ਕ੍ਰਿਸਨ ਕਰੇ ਬਿਲਲਾਂਦੀ।*
*ਭਾਈ ਗੁਰਦਾਸ ਜੀ, ਵਾਰ ੧੦/੮*

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਆਤਮ ਕਥਾ ਵਿਚ ਵਰਣਨ ਕਰਦੇ ਨੇ ਸ੍ਰੀ ਦਸਮ ਗ੍ਰੰਥ ਵਿਚ ਕਿ ਸੱਤ ਰਾਤਾਂ ਸੱਤ ਦਿਨ, ਦਰੋਪਤੀ ਦੇ ਵਸਤਰ ਉਤਾਰਨ ਦਾ ਯਤਨ ਕਰਦੇ ਰਹੇ। ਪਰ ਹੋਇਆ ਕੀ -

*ਕਪੜ ਕੋਟਿ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।*
*ਹਥ ਮਰੋੜਨਿ ਸਿਰੁ ਧੁਣਨਿ*
*ਪਛੋਤਾਨਿ ਕਰਨਿ ਜਹ ਜਾਂਦੀ।*
*ਭਾਈ ਗੁਰਦਾਸ ਜੀ, ਵਾਰ ੧੦/੯*

ਸਾਰੇ ਥੱਕ ਕੇ, ਬੇਹੋਸ਼ ਹੋ ਕੇ ਡਿੱਗ ਗਏ। ਜਦੋਂ ਦਰੋਪਤੀ ਘਰ ਆਈ -

*ਘਰ ਆਈ ਠਾਕੁਰ ਮਿਲੇ ਪੈਜ ਰਹੀ ਬੋਲਹਿ ਸ਼ਰਮਾਂਦੀ।*
*ਨਾਥ ਅਨਾਥਾਂ ਬਾਣਿ ਧੁਰਾਂਦੀ।*
*ਭਾਈ ਗੁਰਦਾਸ ਜੀ, ਵਾਰ ੧੦/੯*

ਇਸ ਤਰ੍ਹਾਂ ਪਾਂਡਵਾਂ ਦੀ ਕਥਾ ਹੈ -

*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*

*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ੧ ॥ ਅੰਗ - ੯੫੪*

ਅਸਲ ਦੇ ਵਿਚ ਉਹ ਬਾਜੀ ਜਿੱਤ ਜਾਂਦਾ ਹੈ ਜਿਹੜਾ ਨਾਮ ਨਾਲ ਜੁੜ ਗਿਆ। ਨਾਮ ਨੂੰ ਜਿਸ ਨੇ ਮੰਨ ਲਿਆ। ਬਾਕੀ ਤਾਂ ਬਾਜੀ ਹਾਰ ਕੇ ਚਲੇ ਜਾਂਦੇ ਹਨ।

ਸੋ ਧੰਨਤਾ ਯੋਗ ਹਨ ਜੋ ਇਸ ਸਮੇਂ ਦੀ ਸੰਭਾਲ ਕਰ ਰਹੇ ਨੇ। ਕਿਉਂਕਿ ਸਤਿਸੰਗ ਉਸ ਨੂੰ ਕਿਹਾ ਹੈ ਜਿਥੇ ਅੰਦਰ ਜਾਣ ਦਾ ਰਸਤਾ ਖੁਲ੍ਹਦਾ ਹੈ। ਗੁਰੂ ਦੁਆਰੇ ਆ ਕੇ ਸੋਝੀ ਪ੍ਰਾਪਤ ਹੁੰਦੀ ਹੈ। ਸੂਝ ਮਿਲਦੀ ਹੈ। ਸੋ ਇਸ ਨੂੰ ਆਤਮਾ ਦਾ ਮਾਰਗ ਕਿਹਾ ਹੈ। ਇਸ ਦੇ ਉਤੇ ਚੱਲਣ ਦਾ ਯਤਨ ਕਰੀਏ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ– ੬੪੨*

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

---

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

*(ਪੰਨਾ 23 ਦੀ ਬਾਕੀ)*

ਬੰਦਗੀ ਕਰੋ। ਨਾਮ ਅੰਦਰ ਉਡੀਕ ਰਿਹੈ। ਬੜੀ ਭਾਰੀ ਦੌਲਤ ਅੰਦਰ ਪਈ ਹੈ। ਇਸ ਦੀ ਪਛਾਣ ਕਰ ਲਓ, ਬਾਹਰ ਕਿਉਂ ਭਟਕਦੇ ਫਿਰਦੇ ਹੋਂ। ਅੰਦਰ ਹੀ ਸਭ ਕੁਛ ਹੈ, ਬਾਹਰ ਕੁਛ ਨਹੀਂ ਹੈ। ਅੰਦਰਲੀਆਂ ਸ਼ਕਤੀਆਂ ਉਜਾਗਰ ਹੋ ਜਾਣ। ਭਾਵੇਂ ਉਹਨਾਂ ਤੋਂ ਸੰਤ ਕੰਮ ਨਹੀਂ ਲੈਂਦੇ, ਪਰ ਉਹ ਆਪੇ ਹੀ ਨੱਠੀਆਂ ਫਿਰਦੀਆਂ ਨੇ, ਆਪ ਹੀ ਕਰੀ ਜਾਂਦੀਆਂ ਨੇ ਕੰਮ। ਸੋ ਇਹ ਸੁਖਾਲਾ ਕਿ ਉਹ ਸੁਖਾਲਾ। ਉਧਰ ਮਜਦੂਰ ਬਣਿਆ ਫਿਰਦੈ, ਇਧਰ ਨਾਮ ਜਪਨੈਂ, ਪਿਆਰ ਕਰਨੈ, ਸਹੀ ਬਾਤ ਨੂੰ ਸਮਝਣੈ। ਜੇ ਕਹੋ ਕਿ ਪਿਆਰ ਦੁਨੀਆਂ ਨਾਲ ਨਾ ਕਰੋ? ਦੁਨੀਆਂ ਦੇ ਮਾਲਕ ਨਾਲ ਜਦ ਪਿਆਰ ਹੋ ਗਿਆ, ਸਾਰੀ ਦੁਨੀਆਂ ਨਾਲ ਆਪੇ ਹੀ ਹੋ ਗਿਆ। ਉਹ ਦੁਨੀਆਂ ਦਾ ਸੇਵਾਦਾਰ ਬਣ ਜਾਂਦੈ, ਜਿਹਦੇ ਅੰਦਰ ਪਿਆਰ ਦੀ ਰੌਂ ਰੁਮਕਦੀ ਹੈ। ਜਿਹਦੇ ਅੰਦਰ ਖੁਦਗਰਜ਼ੀ ਤੇ ਨਫ਼ਰਤ ਦੀ ਰੌਂ ਰੁਮਕਦੀ ਹੈ, ਉਹ ਨਹੀਂ ਬਣਦਾ, ਕਿਸੇ ਨੂੰ ਵੀ ਨਹੀਂ ਪਿਆਰ ਕਰਦਾ। ਸੋ ਪਿਆਰ ਦੇ ਵਿਚ ਆ ਕੇ ਪ੍ਰਭੂ ਦਾ ਨਾਮ ਜਪੋ। ਉਹਨੂੰ ਯਾਦ ਕਰੋ, ਉਹਨੂੰ ਆਪਣਾ ਬਣਾਉਣ ਦਾ ਯਤਨ ਕਰੋ। ਫੇਰ ਇਥੇ ਵੀ ਸੁਖੀ ਤੇ ਦਰਗਾਹ ਦੇ ਵਿਚ ਵੀ ਸੁਖੀ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ। ਅਨੰਦ ਸਾਹਿਬ, ਗੁਰ ਸਤੋਤਰ, ਹੁਕਮਨਾਮਾ ਤੇ ਅਰਦਾਸ।

---

*(ਪੰਨਾ 35 ਦੀ ਬਾਕੀ)*

ਦਸ ਕੇ ਉਹ ਜਿਹੜੇ ਵਿਅਰਥ ਜੀਵਨ ਜਾ ਰਹੇ ਸੀ। ਸਾਰਿਆਂ ਨੂੰ ਰਸਤਾ ਦਸ ਕੇ ਪ੍ਰਮੇਸ਼ਰ ਦੇ ਰਾਹ 'ਤੇ ਤੋਰ ਦਿਤਾ। ਸੋ ਗੁਰੂ ਮਹਾਰਾਜ ਨੇ ਤਾਂ ਇਕ ਕੌਤਕ ਕਰਿਐ ਤੇ ਸਾਡੇ ਨਾਲ ਵੀ ਜਿਉਂ ਕਿ ਤਿਉਂ ਸਬੰਧ ਰਖਦੈ। ਅਸੀਂ ਵੀ ਚੋਰੀ ਕਰਦੇ ਹਾਂ, ਇਕ ਗੱਲ ਦੀ ਤਾਂ ਨਹੀਂ ਕਰਦੇ, ਹਜ਼ਾਰਾਂ ਦੀ ਕਰਦੇ ਹਾਂ। ਪਾਪ ਅਸੀਂ ਕਰਦੇ ਹਾਂ, ਚੋਰੀ ਕਰਦੇ ਹਾਂ। ਕਿਸੇ ਦੇ ਸਾਮ੍ਹਣੇ ਨਹੀਂ ਕਰਦੇ। ਉਹ ਵੀ ਚੋਰ ਹਾਂ ਅਸੀਂ। ਝੂਠ ਵੀ ਅਸੀਂ ਬੋਲਦੇ ਹਾਂ, ਧੋਖਾ ਵੀ ਅਸੀਂ ਦਿੰਦੇ ਹਾਂ। ਕਪਟ ਵੀ ਅਸੀਂ ਕਰਦੇ ਹਾਂ, ਬੇਵਿਸ਼ਵਾਸ਼ੀ ਵੀ ਅਸੀਂ ਕਰਦੇ ਹਾਂ। ਗੁਰੂ ਦਾ ਹੁਕਮ ਵੀ ਨਹੀਂ ਮੰਨਦੇ। ਮਹਾਰਾਜ ਕ੍ਰਿਪਾ ਕਰਨ, ਇਸ ਭੂਮੀਏ ਦੀ ਬਦੌਲਤ ਸਾਨੂੰ ਸਤਿ ਦਾ ਜੀਵਨ ਅਪਨਾਉਣ ਦਾ ਬਲ ਬਖਸ਼ਣ। ਜਿਹੜੀਆਂ ਰਹਿਤਾਂ ਗੁਰੂ ਮਹਾਰਾਜ ਨੇ ਸੱਚ ਦੀਆਂ ਦਸੀਆਂ ਨੇ ਉਹ ਅਸੀਂ ਕਮਾਈਏ ਤੇ ਆਪਣਾ ਜੀਵਨ ਸਫਲ ਕਰੀਏ। ਹੁਣ ਸਾਧਸੰਗਤ ਜੀ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ, ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ। ਅਰਦਾਸ, ਹੁਕਮਨਾਮਾ।

# ਜਪੁਜੀ ਦੇ ਪੰਜ ਖੰਡ

*ਡਾ. ਰਾਮ ਸਿੰਘ*

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-47)

'ਜਪੁਜੀ ਦਰਸ਼ਨ' ਵਿਚ ਡਾਕਟਰ ਸ਼ੇਰ ਸਿੰਘ ਨੇ ਧਰਮ-ਖੰਡ ਦੀ ਵਿਆਖਿਆ ਕਰਦਿਆਂ ਲਿਖਿਆ ਹੈ -

"ਇਸ ਧਰਤੀ ਉਤੇ ਨਿਯਮਾਂ ਅਨੁਸਾਰ ਸਭ ਕੁਝ ਹੋ ਰਿਹਾ ਹੈ। ਕੁਦਰਤੀ ਕਾਨੂੰਨਾਂ ਦੀ ਇਹ ਇਕ ਧਰਮਸਾਲ ਹੈ। ਇਨ੍ਹਾਂ ਨਿਯਮਾਂ ਅਧੀਨ ਅਨੇਕਾਂ ਹੀ ਜੀਵ ਆਪਣੇ-ਆਪਣੇ ਕਰਮਾਂ ਦੇ ਸੰਸਕਾਰ ਗ੍ਰਹਿਣ ਕਰ ਰਹੇ ਹਨ। ਇਨ੍ਹਾਂ ਸੰਸਕਾਰਾਂ ਦੇ ਵਿਚਾਰੇ ਜਾਣ ਦੇ ਭੀ ਸੱਚੇ ਅਤੇ ਅਟੱਲ ਨਿਯਮ ਹਨ। ਇਹ ਭੌਤਿਕ ਖੰਡ ਹੈ ਤੇ ਇਸ ਦਾ ਅਧਿਅਨ ਸਾਇੰਸ ਅਥਵਾ ਵਿਗਿਆਨ ਦੁਆਰਾ ਹੋ ਸਕਦਾ ਹੈ। 'ਕੀ ਹੈ' ਤੇ 'ਕਿਉਂ ਹੈ' ਦੇ ਉੱਤਰ ਸਚਿਆਰਥੀ ਨੂੰ ਏਸ ਅਵਸਥਾ ਵਿਚ ਮਿਲ ਜਾਂਦੇ ਹਨ ਤੇ ਉਹ ਅੰਧ-ਵਿਸ਼ਵਾਸ਼ ਦੀ ਬਜਾਏ ਵਿਗਿਆਨਕ ਸੂਝ ਨਾਲ ਇਸ ਪੜਾਉ ਤੋਂ ਅੱਗੇ ਚਲਦਾ ਹੈ।" (ਪੰਨਾ-322-323)

ਡਾਕਟਰ ਸਾਹਿਬ ਦੇ ਅੰਤਲੇ ਦੋ ਵਾਕਾਂ ਤੋਂ ਪ੍ਰਭਾਵ ਪੈਂਦਾ ਹੈ ਕਿ ਉਹ ਧਰਮ-ਖੰਡ ਵਿਚ ਕੇਵਲ ਭੌਤਿਕ ਨਿਯਮਾਂ ਦੀ ਸੋਝੀ ਪੈਦਾ ਹੋਣੀ ਹੀ ਜ਼ਰੂਰੀ ਸਮਝਦੇ ਹਨ। ਸਾਨੂੰ ਇਹ ਵਿਚਾਰ ਅਧੂਰਾ ਲਗਦਾ ਹੈ। ਕੇਵਲ ਭੌਤਿਕ ਨਿਯਮਾਂ ਦੀ ਸੋਝੀ ਪੈਦਾ ਕਰਨ ਲਈ ਚੌਤੀਵੀਂ ਪਉੜੀ ਦੀ ਰਚਨਾ ਨਹੀਂ ਹੋਈ। ਭੌਤਿਕ ਨਿਯਮਾਂ ਦੀ ਸੋਝੀ ਕਰਮ-ਫਲ ਦੇ ਨਿਯਮ ਦੁਆਰਾ ਨੈਤਿਕ ਚੇਤਨਾ ਜਾਗ੍ਰਿਤ ਕਰੇ ਤਾਂ ਹੀ ਇਸ ਦਾ ਜਪੁਜੀ ਦੇ ਪ੍ਰਕਰਣ ਵਿਚ ਕੋਈ ਮੁੱਲ ਹੈ। ਇਸ ਸਬੰਧ ਵਿਚ ਅਸੀਂ ਡਾਕਟਰ ਸਾਹਿਬ ਨਾਲੋਂ ਪ੍ਰਿੰਸੀਪਲ ਤੇਜਾ ਸਿੰਘ ਨਾਲ ਵਧੇਰੇ ਸਹਿਮਤ ਹਾਂ, ਜੋ ਨੈਤਿਕ ਨਿਯਮਾਂ ਨੂੰ ਕੁਦਰਤੀ ਨਿਯਮਾਂ ਵਰਗੇ ਤਾਂ ਕਿਆਸਦੇ ਹਨ, ਪਰ ਉਨ੍ਹਾਂ ਨਾਲ ਅਭੇਦ ਨਹੀਂ ਕਰਦੇ-

"ਉਹ ਵਿਚਾਰਦਾ ਹੈ ਕਿ ਧਰਤੀ ਵਿਚ ਜੋ ਕਈ ਵੰਨਗੀਆਂ ਅਤੇ ਰੰਗਾਂ ਦੇ ਜੀਵ ਰਖੇ ਗਏ ਹਨ, ਉਨ੍ਹਾਂ ਦੀ ਵਰਤਣ ਵਿਚ ਭੀ ਉਹੋ ਜਿਹੇ ਨੇਮ ਹੋਣੇ ਚਾਹੀਦੇ ਹਨ। ਇਸ ਲਈ ਕੁਦਰਤ ਵਿਚ ਵਰਤੀਂਦੇ ਨੇਮ ਧਾਰਮਿਕ ਵਰਤਣ ਉਤੇ ਘਟਾਂਦਾ ਹੈ ਅਤੇ ਮੰਨਦਾ ਹੈ ਕਿ...ਜੋ ਚੰਗੇ ਕੰਮ ਕਰੇਗਾ, ਉਸ ਨੂੰ ਚੰਗਾ ਫਲ ਮਿਲੇਗਾ ਤੇ ਜੋ ਮੰਦੇ ਕੰਮ ਕਰੇਗਾ, ਉਸ ਨੂੰ ਮੰਦਾ ਫਲ ਮਿਲੇਗਾ। (ਜਪੁਜੀ ਸਟੀਕ, ਪੰ. 155-156)

ਡਾ. ਵਜ਼ੀਰ ਸਿੰਘ, ਡਾ. ਸ਼ੇਰ ਸਿੰਘ ਨਾਲ ਸਾਂਝ ਪਾਉਣ ਤੋਂ ਆਪਣਾ ਦ੍ਰਿਸ਼ਟੀਕੋਣ ਸ਼ੁਰੂ ਕਰਦੇ ਹਨ, ਪਰ ਅੰਤ ਉਤੇ ਪ੍ਰਿੰਸੀਪਲ ਤੇਜਾ ਸਿੰਘ ਦੇ ਨੇੜੇ ਆ ਜਾਂਦੇ ਹਨ -

ਇਹ ਪ੍ਰਤੱਖ ਸਚਾਈ ਦੀ ਪੱਧਰ ਹੈ, ਜਿਸ ਦਾ ਆਧਾਰ ਸਾਧਾਰਨ ਦ੍ਰਿਸ਼ਟੀ ਦਾ ਜਗਤ-ਪਸਾਰਾ ਜਾਂ ਭੌਤਿਕ ਸਮਾਜਿਕ ਵਾਤਾਵਰਨ ਹੈ ਤੇ ਜਿਸ ਨੂੰ ਗਿਆਨ ਇੰਦਰੀਆਂ ਰਾਹੀਂ ਅਨੁਭਵ ਕੀਤਾ ਜਾਂਦਾ ਹੈ। ਇਸ ਪੱਧਰ ਦੀ ਸਦਾਚਾਰਕ ਅੰਸ਼ ਦਾ ਆਧਾਰ ਵਿਆਪਕ ਸੰਸਾਰ ਵਿਚ ਵਰਤਮਾਨ ਕਿਰਿਆਵਾਂ ਜਾਂ ਨੇਮਾਂ ਨੂੰ ਸਮਝਣ ਦਾ ਜਤਨ ਹੈ, ਜੋ ਕਾਰਨ-ਕਾਰਜ ਦੇ ਪ੍ਰਬੰਧਕ ਨਿਯਮ ਅਨੁਸਾਰ ਚਲ ਰਹੇ ਹਨ। ਇਹੋ ਨਿਯਮ ਮਨੁੱਖੀ ਕਰਮਾਂ ਦੇ ਖੇਤਰ ਵਿਚ ਵਾਪਰ ਰਿਹਾ ਹੈ, ਜਿਨ੍ਹਾਂ ਦੀ ਨੇਕੀ ਬਦੀ ਬਾਰੇ ਵਿਚਾਰ ਸੱਚੀ ਹਸਤੀ ਦੇ ਦਰਬਾਰ ਵਿਚ ਕੀਤੀ ਜਾਂਦੀ ਹੈ।" (ਨਾਨਕ ਬਾਣੀ ਚਿੰਤਨ, ਪੰ.63)

ਸਾਰੰਸ਼, ਧਰਮ-ਖੰਡ ਵਿਚ ਧਰਮ ਦੇ ਦੂਹਰੇ ਅਰਥ ਹਨ (ੳ) ਕਾਰਨ-ਕਾਰਜ ਦਾ ਨਿਯਮ (ਅ) ਕਰਮ-ਫਲ ਦਾ ਨਿਯਪ ਚਾਹੇ ਦੂਜਾ ਨਿਯਮ ਪਹਿਲੇ ਦੀ ਇਕ ਉਪ-ਸ਼੍ਰੇਣੀ ਕਿਹਾ ਜਾ ਸਕਦਾ ਹੈ, ਪਰ ਆਤਮਿਕ ਜੀਵਨ ਦੇ ਵਿਕਾਸ ਵਿਚ ਇਸ ਦਾ ਮਹੱਤਵ ਵਧੇਰੇ ਹੈ।

ਇਨ੍ਹਾਂ ਦੋਹਾਂ ਪ੍ਰਕਾਰਾਂ ਦੇ ਨਿਯਮਾਂ ਨੂੰ ਦ੍ਰਿਸ਼ਟੀਗੋਚਰ ਕਰਾਉਣ ਦਾ ਮੰਤਵ ਮਨੁੱਖ ਵਿਚ ਨਿਯਮ ਦੀ ਸੂਝ (Sense of law) ਤਿੱਖੀ ਕਰਨਾ ਹੈ। ਮਨੁੱਖੀ ਵਿਕਾਸ ਦੇ ਅਨੇਕ ਪੱਖਾਂ ਲਈ ਇਸ ਸੂਝ ਦਾ ਹਰ ਸਮੇਂ ਡੂੰਘਾ ਹੁੰਦਾ ਜਾਣਾ ਜ਼ਰੂਰੀ ਹੈ। ਮਨੁੱਖ ਚਾਹੇ ਚਾਰੇ ਪਾਸਿਓਂ ਨਿਯਮਾਂ ਵਿਚ ਘਿਰਿਆ ਹੋਇਆ ਹੈ, ਪਰ ਨਿਯਮਾਂ ਦੀ ਕੈਦ ਉਸ ਦੀ ਗੁਲਾਮੀ ਦਾ ਕਾਰਨ ਨਹੀਂ, ਸਗੋਂ ਸਹੀ ਅਰਥਾਂ ਵਿਚ ਮਨੁੱਖ ਆਜ਼ਾਦ ਹੋ ਹੀ ਤਾਂ ਸਕਦਾ ਹੈ ਜੇ ਨਿਯਮਾਂ ਦਾ ਕੁੰਡਾ ਆਪਣੇ ਉਪਰ ਪ੍ਰਵਾਨ ਕਰੇ ਤੇ ਇਨ੍ਹਾਂ ਨੂੰ ਡੂੰਘੀ ਤਰ੍ਹਾਂ ਸਮਝੇ। ਵਿਗਿਆਨ ਦੀ ਸਾਰੀ ਉਨਤੀ ਨਿਯਮਾਂ ਦੀ ਖੋਜ ਕਰਨ ਨਾਲ ਹੋਈ ਹੈ। ਇਸੇ ਤਰ੍ਹਾਂ ਨੈਤਿਕ ਖੇਤਰ ਦੀ ਉਨਤੀ ਲਈ ਭੀ ਨੈਤਿਕ ਨਿਯਮਾਂ ਦੀ ਖੋਜ ਆਧਾਰ ਬਣਦੀ ਹੈ। ਵਿਗਿਆਨੀ ਕੁਦਰਤੀ ਨਿਯਮਾਂ ਦੀ ਖੋਜ ਕਰਦੇ ਹਨ ਤੇ ਨੈਤਿਕ ਨੇਤਾ, ਨੈਤਿਕ ਨਿਯਮਾਂ ਦੀ। ਹੋਰ ਲੋਕ ਇਨ੍ਹਾਂ ਨਿਯਮਾਂ ਦਾ ਲਾਭ ਉਠਾਉਂਦੇ ਹਨ। ਸਮਾਜਿਕ ਵਿਕਾਸ ਲਈ ਭੀ ਨਾਗਰਿਕਾਂ ਵਿਚ ਕਾਨੂੰਨ ਜਾਂ ਦੇਸ਼ ਦੇ ਵਿਧਾਨ ਦੀ ਜਾਣਕਾਰੀ ਤੇ ਉਸ ਦੀ ਪਾਲਣਾ ਦੀ ਇੱਛਾ ਜਾਗਣੀ ਜ਼ਰੂਰੀ ਹੈ। ਹਰ ਖੇਤਰ ਦੀ ਤਰੱਕੀ ਦੀ ਬੁਨਿਆਦ ਨਿਯਮ ਦੀ ਸੂਝ ਹੈ। ਧਰਮ-ਖੰਡ ਵਿਚ ਕੁਦਰਤੀ ਤੇ ਨੈਤਿਕ ਨਿਯਮਾਂ ਦੀ

ਵਧਦੀ ਸੂਝ ਮਨੁੱਖ ਦੇ ਨੈਤਿਕ ਵਿਕਾਸ ਦਾ ਮੁੱਢ ਬੰਨ੍ਹਦੀ ਹੈ। ਸੰਸਾਰ ਦੇ ਸਭ ਵੱਡੇ ਧਰਮਾਂ ਵਿਚ ਅਖਲਾਕੀ ਜੀਵਨ ਦੀ ਅਗਵਾਈ ਲਈ ਨੈਤਿਕ ਨਿਯਮਾਵਲੀਆਂ ਪੇਸ਼ ਕੀਤੀਆਂ ਗਈਆਂ ਹਨ। ਕਈ ਨਿਯਮਾਵਲੀਆਂ ਵਿਚ ਲੰਮੇ ਚੌੜੇ ਵਿਸਥਾਰ ਹਨ। ਨੇਕੀ ਕੀ ਹੈ? ਪ੍ਰਸ਼ਨ ਦਾ ਉੱਤਰ ਦੇਣਾ ਸੌਖਾ ਨਹੀਂ। ਜੀਵਨ ਵਿਚ ਕਈ ਮੌਕੇ ਆ ਜਾਂਦੇ ਹਨ ਜਦੋਂ ਲੋਕ ਵਿਅਕਤੀ ਦੁਚਿੱਤੀ ਵਿਚ ਪੈ ਜਾਂਦਾ ਹੈ ਕਿ ਇਕ ਕਿਸਮ ਦਾ ਕਦਮ ਚੁੱਕੇ ਜਾਂ ਦੂਜੀ ਕਿਸਮ ਦਾ। ਕਸਾਈ ਦੇ ਗਊ ਨੂੰ ਲੱਭਦੇ ਫਿਰਨ ਤੇ ਇਕ ਸਾਧੂ ਕੋਲੋਂ ਪੁੱਛਣ ਦੀ ਵਾਰਤਾ ਅਜਿਹੀ ਦੁਚਿੱਤੀ ਦਾ ਸੁੰਦਰ ਪ੍ਰਮਾਣ ਹੈ। ਸਾਧੂ ਨੇ ਗਊ ਨੂੰ ਜਿਸ ਪਾਸੇ ਜਾਂਦੀ ਦੇਖਿਆ ਸੀ ਜੇ ਕਸਾਈ ਨੂੰ ਸੱਚੋ ਸੱਚ ਉਸ ਪਾਸੇ ਇਸ਼ਾਰਾ ਕਰ ਦੇਵੇ ਤਾਂ ਉਹ ਗਊ-ਹੱਤਿਆ ਦੇ ਪਾਪ ਦਾ ਭਾਗੀ ਬਣਦਾ ਹੈ, ਜੇ ਕਿਸੇ ਹੋਰ ਪਾਸੇ ਇਸ਼ਾਰਾ ਕਰੇ ਤਾਂ ਝੂਠ ਦੇ ਦੋਸ਼ ਦਾ ਭਾਗੀ ਬਣਦਾ ਹੈ। ਫੇਰ, ਹਰ ਮੌਕੇ ਉਤੇ ਸ਼ਾਇਦ ਨਿਯਮਾਵਲੀਆਂ ਨੂੰ ਯਾਦ ਰਖਣਾ ਜਾਂ ਫਰੋਲਣਾ ਸੰਭਵ ਭੀ ਨਾ ਹੋਵੇ। ਸਿਆਣਿਆਂ ਨੇ ਕਿਹਾ ਹੈ ਕਿ ਨਿਯਮਾਵਲੀਆਂ ਨੂੰ ਯਾਦ ਕਰਨ ਦੀ ਬਜਾਏ ਉਨ੍ਹਾਂ ਦੀ ਅੰਤ੍ਰੀਵ ਸਪਿਰਿਟ ਨੂੰ ਗ੍ਰਹਿਣ ਕਰਨਾ ਚਾਹੀਏ। ਪ੍ਰਮਾਣ ਵਜੋਂ ਤੁਲਸੀ ਦਾਸ ਜੀ ਨੇ ਦਇਆ ਨੂੰ ਧਰਮ ਦੀ ਅੰਤ੍ਰੀਵ ਸਪਿਰਿਟ ਕਰਾਰ ਦਿਤਾ ਹੈ -

*ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ।*
*ਤੁਲਸੀ ਦਇਆ ਨਾ ਛੋੜੀਐ ਜਬ ਲਗ ਘਟ ਮੈ ਪ੍ਰਾਣ।*

ਭਾਰਤ ਵਰਸ਼ ਦੀਆਂ ਅਨੇਕਾਂ ਸੰਪਰਦਾਵਾਂ ਵਿਚ ਦੁਨੀਆਂ ਦੇ ਮੋਹ ਦੇ ਤਿਆਗ ਉਤੇ ਸਭ ਤੋਂ ਵੱਧ ਜ਼ੋਰ ਹੈ। ਯੂਨਾਨੀ ਦਰਸ਼ਨ ਵਿਚ ਦਲੇਰੀ ਜਾਂ ਸੂਰਮਗਤੀ ਨੂੰ ਸ਼੍ਰੋਮਣੀ ਗੁਣ ਦਸਿਆ ਗਿਆ ਹੈ। ਬੁੱਧ ਮਤ ਦੀ ਨੈਤਿਕ ਨਿਯਮਾਵਲੀ ਵਿਚ ਚਾਰ ਮੁੱਖ ਅੰਗ ਹਨ - 1. ਹਿੰਸਾ ਨਾ ਕਰਨੀ 2. ਚੋਰੀ ਨਾ ਕਰਨੀ 3. ਯਾਰੀ ਤੋਂ ਪ੍ਰਹੇਜ਼ 4. ਝੂਠ ਤੋਂ ਪ੍ਰਹੇਜ਼। ਇਹ ਸੂਚੀ ਪੜ੍ਹ ਕੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਹੇਠ ਲਿਖੀ ਤੁਕ ਯਾਦ ਆਉਣੀ ਸੁਭਾਵਿਕ ਹੈ -

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਅੰਗ- ੪੭੧*

ਬੁੱਧ ਮੱਤ ਤੋਂ ਸਿਵਾਏ ਪਾਤੰਜਲ ਯੋਗ ਦੇ 'ਯਮ' ਤੇ 'ਨਿਯਮ' ਨਾਂ ਦੇ ਦੋ ਅੰਗਾਂ ਦੇ ਵਿਸਥਾਰ ਇਸ ਤੁਕ ਨਾਲ ਕਾਫ਼ੀ ਮੇਲ ਖਾਂਦੇ ਹਨ। ਗੁਰੂ ਸਾਹਿਬ ਨੇ ਆਮ ਤੌਰ ਉੱਤੇ ਅਜਿਹੇ ਗੁਣ ਹੀ ਚੁਣੇ ਹਨ ਜਿਹੜੇ ਸਭ ਸਮਿਆਂ ਤੇ ਸਭ ਸਥਾਨਾਂ ਲਈ ਸਾਂਝੇ ਹਨ। ਨਿਰੋਲ ਸਾਮਿਅਕ ਜਾਂ ਸਥਾਨਿਕ ਨੈਤਿਕਤਾ ਨੂੰ ਉਨ੍ਹਾਂ ਨੇ ਨਜ਼ਰੋਂ ਓਹਲੇ ਰਖਿਆ ਹੈ। ਉਨ੍ਹਾਂ ਦੇ ਰਹੱਸਵਾਦ ਦੀ ਤਰ੍ਹਾਂ ਉਨ੍ਹਾਂ ਦੀ ਨੈਤਿਕਤਾ ਦਾ ਘੇਰਾ ਭੀ ਵਿਸਵਾਰਥੀ ਹੈ। ਧਰਮ ਖੰਡ ਵਿਚ ਆਏ 'ਧਰਮ' ਸ਼ਬਦ ਨੂੰ ਉਨ੍ਹਾਂ ਨੇ ਜਪੁਜੀ ਦੇ ਸੋਲ੍ਹਵੀਂ ਪਉੜੀ ਵਿਚ ਦੋ ਅਜਿਹੇ ਨੈਤਿਕ ਗੁਣਾਂ ਨਾਲ ਸਬੰਧਿਤ ਕੀਤਾ ਹੈ ਜੋ ਉਨ੍ਹਾਂ ਦੀ ਨੈਤਿਕਤਾ ਦੇ ਸਿਖਰਲੇ ਗੁਣ ਜਾਪਦੇ ਹਨ -

*ਧੌਲੁ ਧਰਮੁ ਦਇਆ ਕਾ ਪੂਤੁ ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਅੰਗ- ੩*

ਇਨ੍ਹਾਂ ਤੁਕਾਂ ਦੇ ਅਰਥਾਂ ਵਿਚੋਂ ਆਮ ਤੌਰ ਤੇ ਦੋ ਸੁਰਾਂ ਕੱਢੀਆਂ ਗਈਆਂ ਹਨ। ਇਕ ਧਿਰ ਕਹਿੰਦੀ ਹੈ ਕਿ ਧਰਤੀ ਦਾ ਆਸਰਾ ਪੌਰਾਣਿਕ ਧੌਲਾ ਬਲਦ ਨਹੀਂ, ਧਰਤ-ਖਿੱਚ ਦਾ ਕੁਦਰਤੀ ਨਿਯਮ ਹੈ। ਦੂਜੀ ਧਿਰ ਅਨੁਸਾਰ ਧਰਤੀ, ਅਰਥਾਤ ਸਮਾਜ, ਦਾ ਸਾਂਵਾਂਪਣ ਕਾਇਮ ਰੱਖਣ ਲਈ ਆਪਣੇ ਧਾਰਮਿਕ ਜਾਂ ਸਮਾਜਿਕ ਫਰਜ਼ ਪਾਲ ਰਹੇ ਮਨੁੱਖਾਂ ਦੇ ਸਮੂਹ ਜ਼ਰੂਰੀ ਹਨ। ਧਰਮ ਦੇ ਅਰਥ ਧਰਤ-ਖਿੱਚ ਤੇ ਨਿਆਂ-ਪੂਰਤ ਵਰਤੋਂ ਵਿਹਾਰ ਦੋਵੇਂ ਕੀਤੇ ਜਾਂਦੇ ਹਨ ਤੇ ਦੋਵੇਂ ਧਰਤੀ ਦਾ ਸੰਤੁਲਨ ਸਥਿਰ ਕਰਦੇ ਦੱਸੇ ਜਾਂਦੇ ਹਨ। ਭਾਈ ਵੀਰ ਸਿੰਘ ਨੇ ਦੋਵੇਂ ਅਰਥ ਕੀਤੇ ਹਨ ਪਰ ਸਾਨੂੰ ਦੂਜੇ ਜਚਦੇ ਹਨ। ਉਹ ਇਹ ਹਨ -

''ਜੀਵਨ ਸ੍ਰਿਸ਼ਟੀ ਵਿਚ ਜੀਵਾਂ ਦਾ ਵਰਤਾਉ ਪਰਸਪਰ ਧਰਮ (ਨਿਆਂ) ਦਾ ਹੋਵੇ ਪਰ ਉਹ ਧਰਮ (ਨਿਆਂ) ਦਇਆ ਤੇ ਆਸ਼੍ਰਿਤ ਹੋਵੇ ਤੇ ਯਥਾ ਲਾਭ ਸੰਤੋਖ ਹੋਵੇ। ਹਰ ਜੀਵ ਦੇ ਅੰਦਰ, ਤਾਂ ਜੀਵ ਸ਼੍ਰੇਣੀ ਦਾ ਪ੍ਰਬੰਧ ਬੀ ਸੂਤ ਟੁਰਦਾ ਹੈ, ਕਸੂਤਤਾਈ ਨਹੀਂ ਰਹਿੰਦੀ। ਭਾਵ ਮਨੁੱਖ ਸ਼੍ਰੇਣੀ ਦੀ ਭਾਈਚਾਰਕ ਅਵਸਥਾ ਸੁਖ ਵਾਲੀ ਹੋ ਜਾਂਦੀ ਹੈ।'' (ਪੰਜ ਗ੍ਰੰਥੀ ਸਟੀਕ, ਪੰ. 22)

ਅਸੀਂ ਇਨ੍ਹਾਂ ਅਰਥਾਂ ਨੂੰ ਇਸ ਕਰਕੇ ਤਰਜੀਹ ਦਿਤੀ ਹੈ ਕਿਉਂਕਿ ਅਸੀਂ ਧਰਮ ਖੰਡ ਦੀ ਵਿਆਖਿਆ ਵਿਚ ਧਰਮ ਦੇ ਦੋ ਅਰਥਾਂ, 'ਕੁਦਰਤੀ ਨਿਯਮ' ਤੇ 'ਨੈਤਿਕ ਨਿਯਮ' ਵਿਚੋਂ ਨੈਤਿਕ ਨਿਯਮ ਨੂੰ ਵਡੇਰਾ ਮਹੱਤਵ ਦੇ ਆਏ ਹਾਂ। ਨੈਤਿਕ ਨਿਯਮਾਂ ਦੀ ਸੋਝੀ ਵਧਣ ਦਾ ਸਦਕਾ ਹੀ ਸਮਾਜ ਵਿਚ ਨਿਆਂ ਵਿਆਪਕ ਹੁੰਦਾ ਹੈ। ਇਥੇ ਪਹੁੰਚ ਕੇ ਅਸੀਂ 'ਧਰਮ' ਦੇ ਤੀਸਰੇ ਅਰਥ ਨਿਸ਼ਚਿਤ ਕਰ ਸਕਦੇ ਹਾਂ - ਨਿਆਂ। ਜੇ ਹਰ ਵਿਅਕਤੀ ਨੈਤਿਕ ਸੂਝ ਵਾਲਾ ਹੋਵੇਗਾ ਤਾਂ ਉਹ ਘਰ ਵਿਚ, ਵਿਹਾਰ ਵਿਚ ਤੇ ਸਮਾਜ ਵਿਚ ਆਪਣੇ ਫਰਜ਼ ਪੂਰੇ ਕਰੇਗਾ। ਇਥੇ ਪਹੁੰਚ ਕੇ ਅਸੀਂ 'ਧਰਮ' ਦੇ ਚੌਥੇ ਅਰਥ ਨਿਸ਼ਚਿਤ ਕਰਦੇ ਹਾਂ - ਫਰਜ਼-ਪੂਰਤੀ। ਇਹ ਚਾਰੇ ਅਰਥ ਇਕ ਦੂਜੇ ਨਾਲ ਸਬੰਧਿਤ ਹਨ ਤੇ ਇਕ ਤੋਂ ਦੂਜਾ, ਦੂਜੇ ਤੋਂ ਤੀਜਾ ਤੇ ਤੀਜੇ ਤੋਂ ਚੌਥਾ ਨਿਕਲ ਸਕਦਾ ਹੈ।

ਚੌਂਤੀਵੀਂ ਪਉੜੀ ਦੀਆਂ ਤੁਕਾਂ ਦੇ ਅੰਦਰਲੇ ਪ੍ਰਕਰਣ ਤੋਂ ਸਿਵਾਏ ਇਸ ਸਮੁੱਚੀ ਪਉੜੀ ਦਾ ਇਕ ਬਾਹਰਲਾ ਪ੍ਰਕਰਣ ਵੀ ਹੈ ਜੋ ਪੰਜਾਂ ਖੰਡਾਂ ਦਾ ਸਾਂਝਾ ਪ੍ਰਕਰਣ ਹੈ।

ਸਾਰੇ ਖੰਡ ਆਤਮਿਕ ਵਿਕਾਸ ਦੇ ਦਰਜੇ ਉਲੀਕਦੇ ਹਨ। ਇਸ ਪੱਖੋਂ ਦੇਖਿਆਂ ਧਰਮ-ਖੰਡ ਦੀ ਪਉੜੀ ਦੇ ਅਰਥ ਉਹ ਹੋਣਗੇ ਜੋ ਅਜਿਹੇ ਵਿਕਾਸ ਦੇ ਮੁੱਢਲੇ ਦਰਜੇ ਨਾਲ ਭਲੀ ਪ੍ਰਕਾਰ ਢੁਕ ਸਕਣ। ਇਸ ਖੰਡ ਦੀ ਚਰਚਾ ਦਾ ਇਕ ਜ਼ਰੂਰੀ ਭਾਗ ਇਸ ਦੇ ਆਤਮਿਕ ਜੀਵਨ ਵਾਲੇ ਪੱਖ ਨੂੰ ਉਜਾਗਰ ਕਰਨਾ ਹੈ। ਧਰਮ-ਖੰਡ ਨੂੰ ਜੇ ਕੇਵਲ ਨੈਤਿਕਤਾ ਦਾ ਖੰਡ ਗਿਣੀਏ, ਅਜਿਹੇ ਢੰਗ ਨਾਲ ਕਿ ਇਸ ਦਾ ਆਤਮਿਕ ਜੀਵਨ ਨਾਲ ਨੇੜੇ ਦਾ ਸੰਬੰਧ ਸਪੱਸ਼ਟ ਨਾ ਕੀਤਾ ਜਾਏ ਤਾਂ ਇਹ ਖੰਡ ਆਪਣ ਸਹੀ ਸੰਦਰਭ ਤੋਂ ਟੁੱਟ ਜਾਂਦਾ ਹੈ। ਜਪੁਜੀ ਨੂੰ ਸਮਝਣ ਸਮਝਾਉਣ ਦੀ ਪ੍ਰਕਿਰਿਆ ਆਪਣੇ ਅਸਲ ਕਰਤੱਵ ਨੂੰ ਨਹੀਂ ਪਾਲਦੀ ਜਦ ਤਕ ਇਸ ਵਿਚ ਅੰਕਿਤ ਆਤਮਿਕ ਜੀਵਨ ਦੀ ਅੰਦਰਲੀ ਤਸਵੀਰ ਤੱਕ ਪਹੁੰਚ ਬਣਾਉਣ ਦਾ ਕੁਝ ਨਾ ਕੁਝ ਜਤਨ ਨਾ ਕੀਤਾ ਜਾਏ। ਧਰਮ-ਖੰਡ ਵਿਚ ਅੰਕਿਤ ਆਤਮਿਕ ਜੀਵਨ ਦੀ ਤਸਵੀਰ ਦੀ ਚਰਚਾ ਅਗਲੇ ਕੁਝ ਪੰਨਿਆਂ ਦਾ ਵਿਸ਼ਾ ਹੈ। ਇਹ ਵਿਸ਼ਾ ਤੁਲਨਾਤਮਕ ਧਰਮ ਦੀ ਸਹਾਇਤਾ ਦਾ ਜਾਚਕ ਹੈ।

ਰਹੱਸਵਾਦੀ ਜੀਵਨ ਦੀਆਂ ਪ੍ਰਮੁੱਖ ਪੂਰਬੀ ਤੇ ਪੱਛਮੀ ਪਰੰਪਰਾਵਾਂ ਵਿਚ ਇਕ ਸਾਂਝ ਬਹੁਤ ਉਘੜਵੀਂ ਹੈ। ਸਭ ਵਿਚ ਆਚਾਰ-ਸਾਧਨਾ ਦਾ ਆਤਮਿਕ ਸਾਧਨਾ ਨਾਲ ਚੋਲੀ ਦਾਮਨ ਦਾ ਸਾਥ ਹੈ। ਈਸਾਈ ਮਤ, ਸੂਫੀ-ਮਤ, ਪਾਤੰਜਲ ਯੋਗ, ਆਦਿਕ ਕਈ ਮਤ ਨੈਤਿਕ ਗੁਣਾਂ ਦੇ ਅਭਿਆਸ ਉਤੇ ਖਾਸ ਜ਼ੋਰ ਦੇਂਦੇ ਹਨ। ਅਸਲ ਗੱਲ ਇਹ ਹੈ ਕਿ ਨੈਤਿਕ ਸੁਧਾਰ ਦੀ ਮਜ਼ਬੂਤ ਬੁਨਿਆਦ ਬੰਨ੍ਹੇ ਬਿਨਾਂ ਉਚੇਰੇ ਅਭਿਆਸ ਦੀ ਉਸਾਰੀ ਅਡੋਲ ਨਹੀਂ ਬਣਦੀ। ਯਮ ਨਿਯਮ ਦੇ ਮੁੱਢਲੇ ਦੋ ਨੈਤਿਕ ਅੰਗਾਂ ਤੋਂ ਆਪਣੇ ਆਪ ਨੂੰ ਬਚਾ ਕੇ ਜਿਹੜੇ ਹਠ-ਯੋਗੀ ਆਸਣ-ਪ੍ਰਾਣਾਯਾਮ ਦੁਆਰਾ ਮਾਨਸਿਕ ਸ਼ਕਤੀਆਂ ਜਗਾਉਣ ਦੀ ਕਾਹਲ ਕਰਦੇ ਹਨ ਉਹ ਇਨ੍ਹਾਂ ਦੀ ਵਰਤੋਂ, ਧਨ, ਸ਼ੁਹਰਤ, ਤਾਕਤ, ਆਦਿਕ ਹੇਠਲੀਆਂ ਕਦਰਾਂ ਕੀਮਤਾਂ ਦੀ ਪ੍ਰਾਪਤੀ ਕਰ ਕੇ ਆਤਮਿਕ ਵਿਕਾਸ ਤੋਂ ਵਾਂਝੇ ਹੋ ਜਾਂਦੇ ਹਨ। ਨਾਮ ਜਪਣ ਵਾਲੇ ਨੂੰ ਅਜਿਹਾ ਖਤਰਾ ਪੇਸ਼ ਨਹੀਂ ਆਉਂਦਾ। ਨਾਮ ਨੈਤਿਕ ਸੁਧਾਈ ਆਪਣੇ ਆਪ ਕਰਦਾ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ- ੪*

ਪੰਜ ਖੰਡਾਂ ਉਤੇ ਚੱਲਣ ਵਾਲਾ ਪਾਂਧੀ ਕਿਸੇ ਭੀ ਖੰਡ ਵਿਚ ਨਾਮ ਦਾ ਲੜ ਹੱਥੋਂ ਨਹੀਂ ਛੱਡਦਾ। ਚੌਂਤੀਵੀਂ ਪਉੜੀ ਵਿਚ ਨਾਮ ਜਪਣ ਤੇ 'ਧਰਮ' ਦੇ ਸਬੰਧ ਨੂੰ ਸਪੱਸ਼ਟ ਕੀਤਾ ਗਿਆ ਹੈ। ਪੈਂਤੀਵੀ ਪਉੜੀ ਵਿਚ ਨਾਮ ਤੇ 'ਗਿਆਨ' ਦੇ ਸਬੰਧ ਨੂੰ, ਇਤਿਆਦਿਕ।

ਨਾਮ ਕੌਣ ਜਪਦਾ ਹੈ? ਹੇਠਲੀਆਂ ਤੁਕਾਂ ਵਿਚ ਇਸ ਪ੍ਰਸ਼ਨ ਦੇ ਉਤਰ ਵਲ ਸੰਕੇਤ ਹੈ -

*ਨਦਰਿ ਕਰੇ ਤਾ ਸਿਮਰਿਆ ਜਾਇ ॥*
*ਆਤਮਾ ਦ੍ਰਵੈ ਰਹੈ ਲਿਵ ਲਾਇ ॥* *ਅੰਗ - ੬੬੧*

*ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥*
*ਅੰਗ- ੬੯੦*

ਜਿਸ ਮਨੁੱਖ ਉਤੇ ਨਿਰੰਕਾਰ ਦੀ ਨਦਰ, ਮਿਹਰ ਜਾਂ ਦਇਆ ਹੁੰਦੀ ਹੈ ਉਸ ਨੂੰ ਉਹ ਨਾਮ ਦਾ ਅਭਿਆਸ ਬਖਸ਼ ਕੇ ਆਤਮਿਕ ਪਾਂਧੀ ਬਣਾ ਦੇਂਦਾ ਹੈ। ਇਸ ਪੰਧ ਦੀ ਅੰਤਿਮ ਮੰਜ਼ਿਲ ਸੱਚ ਹੈ ਜਿੱਥੇ ਪੁਜ ਕੇ ਅਭਿਆਸੀ ਸੱਚ ਵਿਚ ਸਮਾ ਜਾਂਦਾ ਹੈ ਜਾਂ ਕਹੋ ਸੱਚਖੰਡ ਦਾ ਨਿਵਾਸੀ ਬਣ ਜਾਂਦਾ ਹੈ। ਇਹ ਇਕਮਿਕਤਾ ਦਾ ਖੰਡ ਹੈ। ਪਹਿਲੇ ਖੰਡਾਂ ਵਿਚ ਸਾਧਕ ਹਾਲੇ ਨਿਰੰਕਾਰ ਨਾਲ ਇਕਮਿਕ ਪ੍ਰਤੀਤ ਨਹੀਂ ਕਰਦਾ। ਧਰਮ-ਖੰਡ ਵਿਚ ਉਹ ਨਾਮ ਤਾਂ ਜਪਦਾ ਹੈ ਪਰ ਉਸ ਨੂੰ ਇਹ ਅਹਿਸਾਸ ਭੀ ਰਹਿੰਦਾ ਹੈ ਕਿ ਉਹ ਨਿਰੰਕਾਰ ਤੋਂ ਵਖਰਾ ਹੈ। ਨਾਮ ਦੇ ਪ੍ਰਤਾਪ ਉਹ ਹੌਲੀ-ਹੌਲੀ ਨਿਰੰਕਾਰ ਦੇ ਨੇੜੇ ਢੁਕਦਾ ਹੈ। ਕਦੇ-ਕਦੇ ਉਸ ਨੂੰ ਨਿਰੰਕਾਰ ਦੇ ਝਉਲੇ ਪੈਣੇ ਸ਼ੁਰੂ ਹੁੰਦੇ ਹਨ। ਇਨ੍ਹਾਂ ਨੂੰ ਨਿਰੰਕਾਰ ਦੇ ਛਿਣ-ਮਾਤਰ ਦਰਸ਼ਨ ਭੀ ਕਹਿ ਸਕਦੇ ਹਾਂ। ਇਨ੍ਹਾਂ ਦਰਸ਼ਨਾਂ ਵੇਲੇ ਉਹ ਮਨ, ਬੁੱਧੀ ਤੋਂ ਪਾਰ ਜਾ ਕੇ ਆਤਮਾ ਨੂੰ ਛੋਂਹਦਾ ਹੈ। ਇਹ ਆਤਮਿਕ ਅਨੁਭਵ ਬਹੁਤੀ ਦੇਰ ਜਾਰੀ ਨਹੀਂ ਰਹਿੰਦਾ ਪਰ ਜਿੰਨਾ ਚਿਰ ਭੀ ਇਹ ਜਾਰੀ ਰਹੇ, ਇਹ ਸਾਧਕ ਨੂੰ ਅਨੰਦ ਨਾਲ ਭਰਪੂਰ ਕਰਦਾ ਹੈ। ਜਦ ਦੈਵੀ ਦਰਸ਼ਨ ਅਛੋਪਲੇ ਆ ਕੇ ਅਛੋਪਲੇ ਗੁੰਮ ਹੋ ਜਾਂਦੇ ਹਨ ਤਾਂ ਸਾਧਕ ਉਸ ਅਨੰਦ ਤੋਂ ਵਾਂਝਿਆ ਜਾਂਦਾ ਹੈ। ਤਦ ਉਹ ਦੁਬਾਰਾ ਉਨ੍ਹਾਂ ਦਰਸ਼ਨਾਂ ਲਈ ਤਾਂਘਦਾ ਹੈ ਪਰ ਇਹ ਦਰਸ਼ਨ ਹੋਣੇ ਉਸ ਦੇ ਆਪਣੇ ਵਸ ਵਿਚ ਨਹੀਂ ਹੁੰਦੇ। ਜਦੋਂ ਨਿਰੰਕਾਰ ਦੀ ਮਰਜ਼ੀ ਹੁੰਦੀ ਹੈ ਉਹ ਦਰਸ਼ਨ ਦੇਂਦਾ ਹੈ, ਜਦੋਂ ਮਰਜ਼ੀ ਨਹੀਂ ਹੁੰਦੀ, ਛੁਪ ਜਾਂਦਾ ਹੈ। ਇਹ ਲੁਕਨਮੀਚੀ ਵਾਰ-ਵਾਰ ਦੁਹਰਾਈ ਜਾਂਦੀ ਹੈ। ਸਾਧਕ ਇਸ ਦੌਰਾਨ ਨਾਮ ਦਾ ਲੜ ਨਹੀਂ ਛੱਡਦਾ। ਉਹ ਦਰਸ਼ਨਾਂ ਤੋਂ ਵਾਂਝੇ ਜਾਣ ਵੇਲੇ ਭੀ ਸਾਵਧਾਨਤਾ ਤੇ ਇਕਾਗਰਤਾ ਨਾਲ ਨਾਮ ਜਪਦਾ ਰਹਿੰਦਾ ਹੈ। ਕਦੇ-ਕਦੇ ਹੀ ਮਿਲਣ ਵਾਲੀ ਦੈਵੀ ਨੂਰ ਦੀ ਝਲਕ ਭੀ ਉਸ ਨੂੰ ਪਾਂਧੀ ਬਣਾਈ ਰਖਦੀ ਹੈ। ਦਰਸ਼ਨਾਂ ਬਿਨਾਂ ਉਹ ਬਹੁਤ ਬਿਹਬਲ ਹੁੰਦਾ ਹੈ ਤੇ ਦਰਸ਼ਨਾਂ ਦੀ ਉਡੀਕ ਵਿਚ ਆਸ਼ਾਵਾਨ ਰਹਿੰਦਾ ਹੈ। ਇਹ ਧਰਮ-ਖੰਡੀ ਸਾਧਕ ਦੇ ਨਾਮ ਦੇ ਅਭਿਆਸ ਦੁਆਰਾ ਪ੍ਰਾਪਤ ਹੋਣ ਵਾਲੇ ਅੰਦਰਲੇ ਆਤਮਿਕ ਜੀਵਨ ਦੀ ਤਸਵੀਰ ਹੈ। ਹੁਣ ਲਓ ਇਸ ਤਸਵੀਰ ਦੇ ਨੈਤਿਕਤਾ ਨਾਲ ਸਬੰਧ ਨੂੰ।

ਜਦੋਂ ਸਾਧਕ ਦੀ ਚੇਤਨਾ ਵਿਚੋਂ ਨਿਰੰਕਾਰ ਦੇ ਦਰਸ਼ਨ ਗੁੰਮ ਹੋ ਜਾਂਦੇ ਹਨ ਤਾਂ ਪਹਿਲੇ ਉਹ ਪਰੇਸ਼ਾਨ ਹੁੰਦਾ ਹੈ ਫਿਰ ਸੋਚੀਂ ਪੈ ਜਾਂਦਾ ਹੈ। ਲੁਕਨਮੀਚੀ ਦਾ ਵਿਸ਼ਲੇਸ਼ਣ

ਕਰਨ ਤੋਂ ਉਸ ਨੂੰ ਪਤਾ ਲੱਗਦਾ ਹੈ ਕਿ ਨਾਮ ਜਪਣ ਦੇ ਦਿਨਾਂ ਵਿਚ ਜਦੋਂ ਉਸ ਪਾਸੋਂ ਕੋਈ ਗੁਨਾਹ ਹੋ ਜਾਂਦਾ ਹੈ, ਦਰਸ਼ਨ ਗੁੰਮ ਹੋ ਜਾਂਦੇ ਹਨ, ਜਦੋਂ ਉਹ ਨੇਕੀ ਕਰਦਾ ਹੈ, ਦਰਸਨ ਫੇਰ ਹੋਣ ਲਗ ਪੈਂਦੇ ਹਨ। ਬੁਰਿਆਈ ਕਰਨ ਵੇਲੇ ਉਸ ਨੂੰ ਅੰਦਰੋਂ ਟੁਣਕਾਰ ਮਿਲਦੀ ਹੈ ਕਿ ਇਸ ਤੋਂ ਬਚਿਆ ਰਹੁ, ਪਰ ਕਮਜ਼ੋਰੀ ਵਸ ਉਹ ਬਚਦਾ ਨਹੀਂ। ਮਨਿ ਨੀਵਾਂ ਤੇ ਮਤਿ ਉੱਚੀ ਦੀ ਅਵਸਥਾ ਝੱਟਪੱਟ ਪ੍ਰਾਪਤ ਨਹੀਂ ਹੁੰਦੀ। ਅੰਦਰਲੀ ਟੁਣਕਾਰ ਤੋਂ ਅਵੇਸਲੇ ਹੋਣਾ ਮਾਨੋ ਨਿਰੰਕਾਰ ਦੀ ਅਵੱਗਿਆ ਹੈ, ਉਸ ਦੀ ਆਗਿਆ ਨੂੰ ਭੰਗ ਕਰਨਾ ਹੈ। ਜਦ ਚੋਰ ਪਹਿਲੀ ਵਾਰ ਜੰਦਰਾ ਭੰਨਦਾ ਹੈ ਤਾਂ ਉਸ ਦੀ ਜ਼ਮੀਰ ਉਸ ਨੂੰ ਵਰਜਦੀ ਹੈ। ਜੇ ਉਹ ਵਰਜਿਆ ਜਾਵੇ ਤਾਂ ਅਗਲੀ ਵਾਰੀ ਜ਼ਮੀਰ ਦੀ ਆਵਾਜ਼ ਹੋਰ ਉੱਚੀ ਸੁਰ ਨਾਲ ਉਸ ਨੂੰ ਬੁਰਿਆਈ ਤੋਂ ਰੋਕਦੀ ਹੈ। ਜੇ ਉਹ ਪਹਿਲੀ ਵਾਰੀ ਵਰਜਿਆ ਨਾ ਰਹੇ ਤਾਂ ਅਗਲੀ ਵਾਰੀ ਜ਼ਮੀਰ ਦੀ ਆਵਾਜ਼ ਮੱਧਮ ਪੈ ਜਾਂਦੀ ਹੈ ਤੇ ਹੌਲੀ-ਹੌਲੀ ਚੁੱਪ ਕਰ ਜਾਂਦੀ ਹੈ। ਇਸ ਹਾਲਤ ਨੂੰ ਕਹਿੰਦੇ ਹਨ ਕਿ ਬੁਰੇ ਮਨੁੱਖ ਦੀ ਆਤਮਾ ਜਾਂ ਜ਼ਮੀਰ ਮਰ ਚੁੱਕੀ ਹੈ। ਨਾਮ ਜਪਣ ਵਾਲੇ ਦੀ ਜ਼ਮੀਰ ਮਰਦੀ ਨਹੀਂ। ਜਦ ਉਸ ਨੂੰ ਸਮਝ ਆਉਂਦੀ ਹੈ ਕਿ ਬੁਰਿਆਈ ਕਰਨ ਨਾਲ ਉਹ ਦੈਵੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਨਹੀਂ ਕਰ ਸਕਦਾ ਤਾਂ ਉਹ ਬੁਰਿਆਈ ਤੋਂ ਅੱਗੇ ਲਈ ਕੰਨੀ ਹੱਥ ਲਾਉਂਦਾ ਹੈ ਤੇ ਨੇਕੀ ਲਈ ਬਹੁਤ ਪ੍ਰੇਰਿਤ ਹੁੰਦਾ ਹੈ। ਆਪਣੇ ਦੈਵੀ ਪ੍ਰੀਤਮ ਦੇ ਦਰਸ਼ਨ ਇਕ ਤਰ੍ਹਾਂ ਦਾ ਮੰਤਵਕਾਰੀ ਬਣ ਜਾਂਦੇ ਹਨ, ਨੇਕੀ ਕਰਨ ਦੀ। ਦੈਵੀ ਦਰਸ਼ਨਾਂ ਦੀ ਘਾਟ ਇਕ ਤਰ੍ਹਾਂ ਨਾਲ ਮੰਤਵਕਾਰੀ ਬਣ ਜਾਂਦੀ ਹੈ, ਬਦੀ ਤੋਂ ਬਚਣ ਦੀ। ਜਦ ਦੈਵੀ ਦਰਸ਼ਨ ਗੁੰਮ ਹੁੰਦੇ ਹਨ ਤੇ ਸਾਧਕ ਦਾ ਅਨੰਦ ਉਸ ਤੋਂ ਖੁਸ ਜਾਂਦਾ ਹੈ ਤਾਂ ਉਹ ਆਪਣੇ ਪ੍ਰੀਤਮ ਨੂੰ ਦੋਸ਼ ਨਹੀਂ ਦੇਂਦਾ, ਆਪਣੇ ਔਗੁਣਾਂ ਨੂੰ ਦੋਸ਼ ਦੇਂਦਾ ਹੈ। ਬਾਬਾ ਫਰੀਦ ਜੀ ਦੈਵੀ ਦਰਸ਼ਨਾਂ ਤੋਂ ਵਾਂਝੇ ਰਹਿਣ ਦੇ ਦੁਖ ਦੇ ਅਨੁਭਵ ਵੇਲੇ ਸਾਰਾ ਦੋਸ਼ ਆਪਣੇ ਸਿਰ ਲੈਂਦੇ ਹਨ -

*ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥*
*ਬਾਵਲਿ ਹੋਈ ਸੋ ਸਹੁ ਲੋਰਉ ॥*
*ਤੈ ਸਹਿ ਮਨ ਮਹਿ ਕੀਆ ਰੋਸੁ ॥*
*ਮੁਝੁ ਅਵਗਨ ਸਹ ਨਾਹੀ ਦੋਸੁ ॥ ੧ ॥* *ਅੰਗ - ੭੯੪*

ਨਾਮ ਜਪਣ ਵਾਲੇ ਨੂੰ ਨਿਰੰਕਾਰ ਦੇ ਝਾਉਲੇ ਪੈਣੇ ਤੇ ਗੁੰਮ ਜਾਣੇ ਉਸੇ ਤਰ੍ਹਾਂ ਦਾ ਅਨੁਭਵ ਹੈ, ਜਿਸ ਤਰ੍ਹਾਂ ਦਾ ਅੰਤਲੇ ਸਲੋਕ ਵਿਚ ਧਰਮ ਦੇ ਨੇੜੇ ਜਾਂ ਦੂਰ ਹੋਣ ਦਾ। ਇਹ ਦੋਵੇਂ ਅਨੁਭਵ ਕਵਿਤਾ ਦੀ ਭਾਸ਼ਾ ਵਿਚ ਵਰਣਨ ਹੋਏ ਹਨ। ਦੈਵੀ ਦਰਸ਼ਨ ਜਾਂ ਦੈਵੀ ਨੇੜਤਾ ਨੂੰ ਇਕ ਹੋਰ ਕਾਵਿਕ ਭਾਸ਼ਾ ਵਿਚ ਅਸੀਂ ਦੈਵੀ ਸੰਜੋਗ ਭੀ ਕਹਿ ਸਕਦੇ ਹਾਂ। ਜਦ ਸਾਧਕ ਨੇਕੀ ਕਰਦਾ ਹੈ ਤਾਂ ਨਿਰੰਕਾਰ ਦੇ ਸੰਜੋਗ ਤੇ ਇਸ ਦੇ ਅਨੰਦ ਨੂੰ ਕੁਝ ਸਮੇਂ ਲਈ ਮਾਣਦਾ ਹੈ, ਜਦ ਬਦੀ ਕਰਦਾ ਹੈ ਤਾਂ ਭੈ ਪ੍ਰਤੀਤ ਕਰਦਾ ਹੈ ਕਿ ਉਹ ਵਿਜੋਗ ਦਾ ਭਾਗੀ ਬਣੇਗਾ। ਇਹ ਭੈ ਉਸਾਰੂ ਹੈ, ਕਿਉਂਕਿ ਇਸ ਨੂੰ ਮਨ ਵਿਚ ਵਸਾ ਕੇ ਹੀ ਸਾਧਕ ਆਪਣੇ ਆਪ ਨੂੰ ਬਦੀ ਤੋਂ ਬਚਾ ਸਕਦਾ ਹੈ। ਉਸ ਲਈ ਨਿਰੰਕਾਰ ਭੈ ਦਾ ਸੋਮਾ ਹੈ, ਪਰ ਫੇਰ ਵੀ ਉਹ ਉਸ ਦੇ ਦਰਸ਼ਨਾਂ ਦਾ ਅਭਿਲਾਸ਼ੀ ਰਹਿੰਦਾ ਹੈ। ਇਸ ਦਾ ਭੇਤ ਇਹ ਹੈ ਕਿ ਉਸ ਨਾਲ ਸਾਧਕ ਦਾ ਪਹਿਲੇ ਹੀ ਪ੍ਰੇਮ ਪੈ ਚੁੱਕਾ ਹੁੰਦਾ ਹੈ। ਨਿਰੰਕਾਰ ਦੀ ਨਾਰਾਜ਼ਗੀ ਦਾ ਡਰ ਜਾਂ ਉਸ ਦੇ ਦੀਦਾਰ ਤੋਂ ਵਾਂਝੇ ਰਹਿ ਜਾਣ ਦਾ ਦੁੱਖ ਉਹ ਹੀ ਪ੍ਰਤੀਤ ਕਰਦਾ ਹੈ, ਜਿਸ ਦੇ ਹਿਰਦੇ ਵਿਚ ਉਸ ਦੇ ਪਿਆਰ ਦੀ ਕਦਰ ਹੈ। ਨਿਰੰਕਾਰ ਭੈ ਤੇ ਪ੍ਰੇਮ ਦੋਹਾਂ ਦਾ ਸੋਮਾ ਹੈ। ਧਰਮ-ਖੰਡ ਦੇ ਸ਼ੁਰੂ ਵਿਚ ਸਾਧਕ ਭੈ ਦੇ ਮਨੋਭਾਵ ਵਧੇਰੇ ਪ੍ਰਤੀਤ ਕਰਦਾ ਹੈ ਤੇ ਪ੍ਰੇਮ ਦੇ ਘੱਟ। ਇਸ ਦੇ ਅੰਤ ਤਕ ਪਹੁੰਚ ਕੇ ਜਦ ਉਹ ਆਪਣਾ ਨੈਤਿਕ ਸੁਧਾਰ ਕਾਫੀ ਕਰ ਚੁੱਕਦਾ ਹੈ ਤਾਂ ਪ੍ਰੇਮ ਦੇ ਮਨੋਭਾਵ ਵਧ ਜਾਂਦੇ ਤੇ ਭੈ ਦੇ ਘਟ ਜਾਂਦੇ ਹਨ। ਧਰਮ-ਖੰਡ ਇਨ੍ਹਾਂ ਦੇ ਵਾਰੀ ਵਟਾਉਂਦੇ ਰਹਿਣ ਦਾ ਦਰਜਾ ਹੈ।

ਆਤਮਿਕ ਜੀਵਨ ਵਿਚ ਭੈ ਦੇ ਮਨੋਭਾਵ ਦੀ ਸੰਗਤ ਵਿਚ ਆਉਣ ਵਾਲਾ ਇਕ ਹੋਰ ਮਨੋਭਾਵ ਹੈ, ਪਛਤਾਵੇ ਦਾ। ਜਦ ਸਾਧਕ ਨੂੰ ਨਾਮ ਜਪਦਿਆਂ ਕਦੇ ਕਦਾਈ ਦੈਵੀ ਦਰਸ਼ਨ ਹੁੰਦੇ ਹਨ ਤਾਂ ਨਿਰੰਕਾਰ ਦੀ ਸ਼ਕਤੀ ਤੇ ਉਚਤਾ ਦੇ ਰੂਬਰੂ ਉਸ ਨੂੰ ਆਪਣਾ ਆਪ ਅਤਿਅੰਤ ਨਿਤਾਣਾ, ਮਲੀਨ ਤੇ ਨੀਵਾਂ ਭਾਸਦਾ ਹੈ। ਇਸ ਦੇ ਨਾਲ ਹੀ ਇਕ ਬਲਵਾਨ ਪ੍ਰੇਰਨਾ ਜਾਗਦੀ ਹੈ ਕਿ ਉਹ ਉਸ ਦੇ ਪਿਆਰ ਦੇ ਯੋਗ ਬਣਨ ਲਈ ਆਪਣੇ ਆਪ ਨੂੰ ਉਸ ਜਿਹਾ ਨਿਰਮਲ ਤੇ ਸੁੰਦਰ ਬਣਾਵੇ -

*ਮੈ ਅਵਗਣ ਭਰਪੂਰਿ ਸਰੀਰੇ ॥*
*ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥ ੨ ॥*
*ਅੰਗ - ੫੬੧*

*ਤੁਧੁ ਗੁਣ ਮੈ ਸਭਿ ਅਵਗਣਾ*
*ਇਕ ਨਾਨਕ ਕੀ ਅਰਦਾਸਿ ਜੀਉ ॥*
*ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥*
*ਅੰਗ- ੭੬੨*

ਸਾਧਕ ਇਕ ਪਾਸੇ ਭਵਿੱਖ ਵਲ ਵੇਖਦਾ ਹੈ, ਜਿਧਰ ਉਸ ਨੂੰ ਆਪਣੇ ਨਿਰਮਲ ਜੀਵਨ ਦਾ ਆਦਰਸ਼ ਖਿੱਚ ਪਾਉਂਦਾ ਹੈ, ਦੂਜੇ ਪਾਸੇ ਆਪਣੇ ਭੂਤ ਵਲ ਵੇਖਦਾ ਹੈ, ਜਿਹੜਾ ਉੱਚੇ ਜੀਵਨ ਦੇ ਰਸਾਂ ਕਸਾਂ ਤੋਂ ਕੋਰਾ ਅਕਾਰਥ ਲੰਘ ਗਿਆ ਹੈ। ਉਸ ਨੂੰ ਨਾ ਸਿਰਫ 'ਐਵੇਂ ਗਈ ਬਿਹਾਇ' ਉਮਰ ਉਤੇ ਅਫਸੋਸ ਹੀ ਆਉਂਦਾ ਹੈ, ਸਗੋਂ ਜੀਵਨ ਦੇ ਉਸ ਪ੍ਰਬੰਧ ਉਤੇ ਭੀ, ਜਿਸ ਨੇ ਉਸ ਦੇ ਅੰਦਰ ਵਿਕਾਰਾਂ ਦੀਆਂ ਨੀਹਾਂ ਡੂੰਘੀਆਂ ਕੀਤੀਆਂ ਤੇ ਉਸ ਨੂੰ ਬੰਧਨਾਂ ਵਿਚ ਘੇਰਿਆ। ਇਹ ਪਛਤਾਵਾ ਸਾਧਕ ਦੇ ਉਤੋਂ ਉਹ ਸਵੈ-ਸੰਤੁਸ਼ਟੀ ਵਾਲਾ ਓੜਨ ਉਤਾਰਦਾ ਹੈ, ਜਿਹੜਾ

ਸਾਧਾਰਨ ਮਨੁੱਖ ਆਪਣੇ ਉਤੇ ਪਾਈ ਰਖਦਾ ਹੈ। 'ਆਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰਿ' ਦੇਖਣ ਵਾਸਤੇ ਕਈ ਸਾਧਕ ਇਸ ਅਵਸਥਾ ਵਿਚ ਏਕਾਂਤਵਾਸ ਧਾਰਨ ਕਰਦੇ ਹਨ। ਉਥੇ ਉਹ ਵਿਕਾਰਾਂ ਦੀ ਖਿੱਚ ਪਾਉਣ ਵਾਲੇ ਆਲੇ-ਦੁਆਲੇ ਤੋਂ ਅਟੰਕ ਰਹਿ ਕੇ ਸਿਮਰਨ ਵਲ ਚਿੱਤ ਜੋੜ ਸਕਦੇ ਹਨ। ਖਾਣ, ਪੀਣ ਤੇ ਨੀਂਦਰ ਵਿਚ ਸੰਜਮ ਦੀ ਸਫਲਤਾ ਇੰਦ੍ਰਾਵੀ ਜਿੱਤ ਦੀ ਮੁੱਢਲੀ ਨਿਸ਼ਾਨੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਹੇਠਲੀਆਂ ਤੁਕਾਂ ਵਿਚ ਅਜਿਹੇ ਸੰਜਮ ਨੂੰ 'ਧਰਮ' ਨਾਲ ਜੋੜਿਆ ਗਿਆ ਹੈ -

*ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥*
*ਓਨ੍ਹੀ ਮੰਦੈ ਪੈਰੁ ਨ ਰਖਿਓ*
*ਕਰਿ ਸੁਕ੍ਰਿਤੁ ਧਰਮੁ ਕਮਾਇਆ ॥*
*ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥*
*ਅੰਗ- ੪੬੭*

ਹੁਣ ਤਕ ਅਸੀਂ ਧਰਮ ਖੰਡ ਦੀ ਜਿੰਨੀ ਚਰਚਾ ਕੀਤੀ ਹੈ, ਉਹ 'ਧਰਮ' ਸ਼ਬਦ ਨੂੰ ਮੁੱਖ ਰਖ ਕੇ ਕੀਤੀ ਹੈ। ਚੌਂਤੀਵੀਂ ਪਉੜੀ ਦੀਆਂ ਪਹਿਲੀਆਂ ਤਿੰਨ ਤੁਕਾਂ ਦੇ ਆਧਾਰ ਉਤੇ ਅਸੀਂ 'ਧਰਮ' ਦੇ ਅਰਥ ਪ੍ਰਕਿਰਤੀ ਵਿਚ ਵਰਤ ਰਹੇ ਕਾਰਨ-ਕਾਰਜ ਦੇ ਨਿਯਮ ਕਰਨ ਨੂੰ ਤਰਜੀਹ ਦਿਤੀ ਤੇ ਅਗਲੀਆਂ ਚਾਰ ਤੁਕਾਂ ਦੇ ਆਧਾਰ ਉਤੇ 'ਧਰਮ' ਦੇ ਅਰਥ ਮਨੁੱਖਾਂ ਵਿਚ ਵਰਤ ਰਹੇ ਕਰਮ-ਫਲ ਦਾ ਨਿਯਮ ਕਰਨ ਨੂੰ ਠੀਕ ਮੰਨਿਆ। ਇਹ ਦੋਵੇਂ ਨਿਯਮ ਅਸੀਂ ਨਿਰੰਕਾਰ ਵਲੋਂ ਪ੍ਰਕਿਰਤੀ ਤੇ ਮਨੁੱਖਤਾ ਵਿਚ ਵਰਤਾਏ ਜਾਂਦੇ ਸਵੀਕਾਰ ਕੀਤੇ ਤੇ ਕਰਮ-ਫਲ ਦੇ ਨਿਯਮ ਨੂੰ ਮੁੱਖ ਰੱਖ ਕੇ ਉਸ ਨੂੰ ਨਿਰਣਾਇਕ ਕਾਰਜ ਕਰਦਾ ਦਰਸਾਇਆ। ਚੌਂਤੀਵੀ ਪਉੜੀ ਦੀਆਂ ਅੰਤਲੀਆਂ ਚਾਰ ਤੁਕਾਂ ਦਾ ਵਿਸ਼ਾ ਇਸ ਪਉੜੀ ਦੇ ਸਮੁੱਚੇ ਵਿਸ਼ੇ ਦੇ ਘੇਰੇ ਵਿਚ ਹੀ ਸਮਾ ਜਾਂਦਾ ਹੈ। ਪਰ ਇਸ ਵਿਚ ਪੰਚਾਂ ਦਾ ਜ਼ਿਕਰ ਹੈ ਜੋ ਕੁਝ ਵਿਸ਼ੇਸ਼ ਧਿਆਨ ਮੰਗਦਾ ਹੈ। ਇਹ ਚਾਰ ਤੁਕਾਂ ਇਹ ਹਨ -

*ਤਿਥੈ ਸੋਹਨਿ ਪੰਚ ਪਰਵਾਣੁ ॥*
*ਨਦਰੀ ਕਰਮਿ ਪਵੈ ਨੀਸਾਣੁ ॥*
*ਕਚ ਪਕਾਈ ਓਥੈ ਪਾਇ ॥*
*ਨਾਨਕ ਗਇਆ ਜਾਪੈ ਜਾਇ ॥ ੩੪ ॥ ਅੰਗ - ੭*

ਟੀਕਾਕਾਰਾਂ ਵਿਚ ਪੰਚ ਦੇ ਅਰਥਾਂ ਬਾਰੇ ਬਹੁਤ ਭਿੰਨਤਾ ਹੈ। ਕੋਈ ਪਿੰਡਾਂ ਦੀਆ ਪੰਚਾਇਤਾਂ ਨੂੰ ਯਾਦ ਕਰ ਕੇ ਪੰਚ ਦੇ ਅਰਥ ਕਰਦਾ ਹੋਇਆ ਉਨ੍ਹਾਂ ਨੂੰ ਮਨੁੱਖਾਂ ਵਿਚੋਂ ਚੁਣੇ ਹੋਏ ਪ੍ਰਤੀਨਿਧ ਕਹਿੰਦਾ ਹੈ ਤੇ ਕੋਈ ਪੰਚ ਦੇ ਅਰਥ ਨਿਰੰਕਾਰ ਵਲੋਂ ਚੁਣੇ ਹੋਏ ਭਗਤ ਕਰਦਾ ਹੈ। ਅਸੀਂ ਦੂਸਰੇ ਅਰਥਾਂ ਨਾਲ ਸੰਮਤੀ ਰਖਦੇ ਹਾਂ। ਪੰਚ ਨਿਰੰਕਾਰ ਵਲੋਂ ਪ੍ਰਵਾਨ ਵਿਅਕਤੀ ਹਨ।

ਧਰਮ-ਖੰਡੀ ਸਾਧਕ ਨੂੰ ਕਰਮ ਤੇ ਉਸ ਦੇ ਫਲ ਦੇ ਨਿਯਮ ਦੀ ਜੋ ਸੋਝੀ ਹੁੰਦੀ ਹੈ ਉਸ ਦੇ ਪੈਦਾ ਹੋਣ ਨੂੰ ਵਰਣਨ ਕਰਨ ਲਈ ਗੁਰੂ ਸਾਹਿਬ ਨੇ ਦੈਵੀ ਦਰਬਾਰ ਦੇ ਰੂਪਕ ਅਲੰਕਾਰ ਦੀ ਵਰਤੋਂ ਕੀਤੀ ਹੈ। ਇਸ ਦਰਬਾਰ ਵਿਚ ਅਨੇਕ ਦਰਬਾਰੀ ਸਜੇ ਹੋਏ ਕਿਆਸ ਕੀਤੇ ਜਾ ਸਕਦੇ ਹਨ, ਧਰਮ-ਖੰਡੀ ਸਾਧਕ ਜਦ 'ਸਚਾ ਆਪਿ' ਨੂੰ 'ਸੱਚਾ ਦਰਬਾਰੁ' ਵਿਚ ਸਜਿਆ ਹੋਇਆ ਅਨੁਭਵ ਕਰਦਾ ਹੈ ਤਾਂ ਨਾਲ ਹੀ ਉਸ ਦਰਬਾਰ ਵਿਚ ਸਜੇ ਹੋਏ ''ਜੀਅ ਜੁਗਤਿ ਕੇ ਰੰਗ'' ਨੂੰ ਭੀ ਅਨੁਭਵ ਕਰਦਾ ਹੈ। ਨਿਰੰਕਾਰ ਮਾਨੋ ਇਕ ਤਖਤ ਤੇ ਬਿਰਾਜਮਾਨ ਹੈ ਤੇ ਸਭ ਦਰਬਾਰੀ ਉਸ ਦੇ ਮੂਹਰੇ ਅਨੇਕਾਂ ਕਤਾਰਾਂ ਵਿਚ ਬੈਠੇ ਹੋਏ ਹਨ। ਅੰਤਲੇ ਸਲੋਕ ਦੇ ਧਰਮਰਾਜ ਦੇ ਪ੍ਰਤੀਕ ਤੋਂ ਸਹਾਇਤਾ ਲੈ ਕੇ ਅਸੀਂ ਕਹਿ ਸਕਦੇ ਹਾਂ ਕਿ ਨੇਕ ਦਰਬਾਰੀ ਅਗਲੀਆਂ ਕਤਾਰਾਂ ਵਿਚ ਨਿਰੰਕਾਰ ਦੇ ਨੇੜੇ ਹਨ ਤੇ ਬੁਰੇ ਦਰਬਾਰੀ ਪਿਛਲੀਆਂ ਕਤਾਰਾਂ ਵਿਚ ਨਿਰੰਕਾਰ ਤੋਂ ਦੂਰ ਹਨ। ਨੇੜੇ ਬੈਠੇ ਦਰਬਾਰੀਆਂ ਨੂੰ ਨਿਰੰਕਾਰ ਦੇ ਖੁਲ੍ਹੇ ਦਰਸ਼ਨ ਹੋਣ ਕਰਕੇ ਅਨੰਦ ਪ੍ਰਾਪਤ ਹੋ ਰਿਹਾ ਹੈ ਤੇ ਦੂਰ ਬੈਠੇ ਦਰਬਾਰੀਆਂ ਨੂੰ ਇਹ ਦਰਸ਼ਨ ਖੁਲ੍ਹੇ ਨਾ ਹੋਣ ਕਰਕੇ ਉਹ ਇਸ ਅਨੰਦ ਤੋਂ ਵਾਂਝੇ ਹਨ। ਅਸੀਂ ਇਸ ਅਨੰਦ ਦੀ ਪ੍ਰਾਪਤੀ ਜਾਂ ਘਾਟ ਨੂੰ ਕਰਮਾਂ ਦਾ ਫਲ ਕਿਹਾ ਸੀ। ਚੌਂਤੀਵੀ ਪਉੜੀ ਵਿਚ ਕਰਮਾਂ ਦੀ ਪਰਖ ਦਾ ਜ਼ਿਕਰ ਤਾਂ 'ਕਰਮੀ ਕਰਮੀ ਹੋਇ ਵੀਚਾਰੁ'' ਤੁਕ ਵਿਚ ਆ ਗਿਆ ਹੈ ਪਰ ਅੰਤਲੇ ਸਲੋਕ ਦੀ ਤਰ੍ਹਾਂ ਸਾਫ ਤੌਰ ਉਤੇ ਇਹ ਨਹੀਂ ਕਿਹਾ ਗਿਆ ਕਿ ਨੇਕਾਂ ਤੇ ਬਦਾਂ ਦੋਹਾਂ ਨੂੰ ਸੁਖ ਤੇ ਦੁਖ ਰੂਪੀ ਫਲ ਮਿਲਦਾ ਹੈ। ਇਸ ਪਉੜੀ ਦੀ ਤੁਕ ''ਤਿਥੈ ਸੋਹਨਿ ਪੰਚ ਪਰਵਾਣੁ'' ਵਿਚ ਨੇਕਾਂ ਨੂੰ ਦੈਵੀ ਦਰਬਾਰ ਵਿਚ ਨਿਰੰਕਾਰ ਦੀ ਪ੍ਰਵਾਨਗੀ ਦਾ ਸਦਕਾ ਸੁਖ ਰੂਪੀ ਫਲ ਮਿਲਣ ਵਲ ਇਸ਼ਾਰਾ ਹੈ ਪਰ ਬਦਾਂ ਨੂੰ ਦੁਖ ਰੂਪੀ ਫਲ ਮਿਲਣ ਦਾ ਨਹੀਂ। ਇਸ ਦੀ ਲੋੜ ਭੀ ਨਹੀਂ ਸੀ, ਇਹ ਆਪਣੇ ਆਪ ਸਮਝ ਆ ਜਾਂਦਾ ਹੈ। ਇਸ ਪਉੜੀ ਦੀ ਨੌਵੀਂ ਤੁਕ ਸੰਕੇਤਦੀ ਹੈ ਕਿ ਮੂਹਰਲੀ ਕਤਾਰ ਵਿਚ ਬੈਠੇ ਪੰਚ ਜਨ ਨਿਰੰਕਾਰ ਦੀ ਮਿਹਰ ਦੇ ਪਾਤਰ ਹਨ। ਉਨ੍ਹਾਂ ਉਤੇ ਇਸ ਮਿਹਰ ਦੀ ਨਿਸ਼ਾਨੀ ਵਜੋਂ ਮੁਹਰ ਲਗ ਜਾਂਦੀ ਹੈ। ਅਸੀਂ ਇਹ ਭੀ ਪਿੱਛੇ ਕਿਹਾ ਸੀ ਕਿ ਨਾਮ ਜਪਣਾ ਉਹ ਸ਼ੁਰੂ ਕਰਦਾ ਹੈ ਜਿਸ ਉਤੇ ਮਿਹਰ ਹੋਵੇ। ਮਿਹਰ ਦਾ ਸਦਕਾ ਉਹ ਨਾਮ ਜਪਦਾ ਹੈ ਤੇ ਨਾਮ ਜਪਣ ਦਾ ਸਕਦਾ ਉਹ ਨੇਕੀਆਂ ਕਰਦਾ ਤੇ ਬਦੀਆਂ ਤੋਂ ਹੌਲੀ-ਹੌਲੀ ਪੱਲਾ ਛੁਡਾਉਂਦਾ ਹੈ। ਜਦ ਉਹ ਇਹ ਪੱਲਾ ਪੂਰੀ ਤਰ੍ਹਾਂ ਛੁਡਾ ਲੈਂਦਾ ਹੈ ਤਾਂ ਦੋਬਾਰਾ ਨਿਰੰਕਾਰ ਦੀ ਸਵੱਲੀ ਨਜ਼ਰ ਨੂੰ ਪ੍ਰਾਪਤ ਕਰਦਾ ਹੈ। ਉਸ ਦੇ ਦਰਬਾਰ ਵਿਚ ਉਸ ਦਾ ਮੂੰਹ ਉਜਲਾ ਹੁੰਦਾ ਹੈ। ਨਿਰੰਕਾਰ ਨੇ ਮਾਨੋ ਹੋਰਨਾਂ ਸਭ ਮਨੁੱਖਾਂ ਵਿਚੋਂ ਉਸ ਨੂੰ ਵਿਸ਼ੇਸ਼ ਤੌਰ ਉਤੇ ਚੁਣ ਕੇ ਮੂਹਰਲੀ ਕਤਾਰ ਵਿਚ ਬਿਠਾਇਆ ਹੈ। ਇਸ ਦੈਵੀ ਚੋਣ ਕਰਕੇ ਉਹ ਪੰਚ ਹੈ।

# ਨੂਰਾਨੀ ਮਿਲਾਪ - 21
## (ਗੁਰੂ ਨਾਨਕੁ ਜਿਨ ਸੁਣਿਆ ਪੇਖਿਆ.......)

*ਡਾ. (ਭਾਈ) ਸੁਖਵਿੰਦਰ ਸਿੰਘ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-56)*

### ਡੁੱਬਣਾ - ਗਵਾਚਣਾ-ਨਵਾਂ ਜੀਵਨ

ਨੂਰ ਇਲਾਹੀ ਸਤਿਗੁਰੂ ਆਪ ਇਕ ਆਤਮ ਮਾਰਗ ਦ੍ਰਿੜ੍ਹ ਕਰਵਾ ਰਹੇ ਸਨ। ਐਸਾ ਆਤਮ ਮਾਰਗ ਜੋ ਦੂਸਰਿਆਂ ਵਾਸਤੇ ਇਕ ਚਿਰ ਸਥਾਈ ਗਾਡੀ ਰਾਹ ਬਣ ਜਾਵੇ। ਹਰ ਮਜ਼੍ਹਬ ਦਾ ਜਗਿਆਸੂ ਜਿਸ ਗਾਡੀ ਰਾਹ 'ਤੇ ਚੱਲ ਕੇ ਆਪਣੇ ਆਤਮਿਕ ਪੈਂਡੇ ਸਰ ਕਰ ਸਕਦਾ ਹੋਵੇ। ਆਪ ਜੀ ਨੇ ਰੋਜ਼ਮਰਾ (ਨਿਤਨੇਮ) ਦੀ ਇਕ ਚਾਲੀ ਸੁਲਤਾਨਪੁਰ ਦ੍ਰਿੜ੍ਹ ਕਰਵਾਈ।

ਆਪ ਜੀ ਸਵੇਰ ਦੇ ਨਿਤਨੇਮ ਤੋਂ ਵਿਹਲੇ ਹੋ ਕੇ ਕੁਝ ਕਾਰੋਬਾਰ ਕਰਨ ਉਪਰੰਤ ਦੁਪਹਿਰੇ ਖਾਣਾ ਖਾ ਕੇ ਕੁਝ ਆਰਾਮ ਫਰਮਾਂਦੇ। ਫਿਰ ਮੋਦੀਖਾਨੇ ਦੀ ਕਾਰ ਮੁਕਾਉਂਦੇ। ਦੁਪਿਹਰ ਤੋਂ ਬਾਦ ਕਿਸੇ ਇਕਾਂਤ ਥਾਂ ਪ੍ਰਮੇਸ਼ਰ ਵਿਚ ਲੀਨ ਹੋ ਜਾਂਦੇ। ਕਦੇ ਸਤਿਸੰਗ ਹੋ ਜਾਣਾ। ਦਰਗਾਹੀ ਬਚਨ ਆਪ ਜੀ ਦੇ ਮੁਖਾਰਬਿੰਦ ਤੋਂ ਸ੍ਰਵਣ ਕਰਕੇ ਜਗਿਆਸੂ ਨਿਹਾਲ ਹੁੰਦੇ। ਪਹਿਰ ਰਾਤ ਤਕ ਸ਼ਾਮ ਦੇ ਨਿਤਨੇਮ ਮੁਤਾਬਿਕ ਕੀਰਤਨ ਹੁੰਦਾ।

ਆਪ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਐਸੀ ਰਸ ਭਰੀ ਰੱਬੀ ਬਾਣੀ ਗਾਇਨ ਹੁੰਦੀ ਕਿ ਚਲਦੇ ਪੰਛੀ ਵੀ ਰੁਕ ਜਾਂਦੇ। ਆਪ ਜੀ ਨੇ ***'ਗੁਰਮੁਖ ਮਾਇਆ ਵਿਚ ਉਦਾਸੀ'*** ਗ੍ਰਹਿਸਤ ਵਿਚ ਰਹਿੰਦਿਆਂ ਕਿਵੇਂ ਉਦਾਸੀ ਧਾਰਨ ਕਰਨੀ ਹੈ, ਦਾ ਰਸਤਾ ਇਥੇ ਦਿਖਾਇਆ। ਕਾਰੋਬਾਰ ਕਰਦੇ ਹੋਏ, ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਕਿਵੇਂ ਘਰ ਵਿਚ, ਬਾਲ-ਬੱਚਿਆਂ ਵਿਚ ਰਹਿਣਾ ਹੈ। ਪਿਆਰ, ਸ਼ਰਧਾ, ਵਰਤਣ ਵੈਰਾਗ, ਹਿਰਦੇ ਪਿਆਰ, ਨਿਹਚੇ ਗਿਆਨ ਵਾਲਾ ਰਸਤਾ ਦ੍ਰਿੜ੍ਹ ਕਰਵਾਇਆ। ਪ੍ਰਮੇਸ਼ਰ ਦੇ ਪਿਆਰ ਦੀ ਖਿੱਚ, ਸਧਰ, ਪ੍ਰੀਤ ਹਰ ਵਕਤ ਬਣੀ ਰਹਿੰਦੀ। ਰਾਤ ਦਾ ਪਹਿਲਾ ਤੇ ਪਿਛਲਾ ਪਹਿਰ ਤਾਂ ਪ੍ਰਮੇਸ਼ਰ ਦੇ ਪਿਆਰ ਵਿਚ ਕੀਰਤਨ, ਧਿਆਨ ਵਿਚ ਲੰਘਦਾ। ਜਗਤ ਜਲੰਦੇ ਦੇ ਉਧਾਰ ਦੀਆਂ ਅਰਦਾਸਾਂ ਹੁੰਦੀਆਂ। ਰੱਬੀ ਪਿਆਰ ਵਿਚ ਸਾਰਾ ਵਾਤਾਵਰਣ ਰੰਗਿਆ ਰਹਿੰਦਾ।

'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ' ਅੰਮ੍ਰਿਤ ਵੇਲੇ ਜਾਗ ਕੇ, ਸਵਾ ਪਹਿਰ ਰਾਤ ਰਹਿੰਦੀ ਆਪ ਜੀ ਸਰੀਰਕ ਇਸ਼ਨਾਨ ਉਪਰੰਤ ਰੋਜ਼ਾਨਾ ਪ੍ਰਮੇਸ਼ਰ ਦੇ ਧਿਆਨ ਵਿਚ ਲੀਨ ਹੋ ਕੇ ਆਤਮਿਕ ਇਸ਼ਨਾਨ ਕਰਦੇ।

ਇਕ ਦਿਨ ਆਪ ਜੀ ਪਹਿਰ ਰਾਤ ਰਹਿੰਦੀ ਉਠ ਕੇ ਵੇਈਂ ਨਦੀ ਦੇ ਕਿਨਾਰੇ ਗਏ। ਵੇਈਂ ਦੇ ਕਿਨਾਰੇ ਪਵਿੱਤਰ ਬਸਤਰ ਉਤਾਰ ਕੇ ਦਾਸ (ਸੇਵਕ) ਨੂੰ ਦਿਤੇ। ਵੇਈਂ ਨਦੀ 'ਚ ਚੁਭੀ ਮਾਰੀ, ਜਾਂਦੇ ਤਾਂ ਦਿਸੇ ਪਰ ਥੋੜ੍ਹੀ ਦੇਰ 'ਤੇ ਥੋੜ੍ਹੀ ਦੂਰ ਤੋਂ ਬਾਅਦ ਦਾਸ (ਸੇਵਕ) ਦੀਆਂ ਅੱਖਾਂ ਤੋਂ ਉਹਲੇ ਹੋ ਗਏ। ਦਾਸ ਦਿਨ ਚੜ੍ਹੇ ਤਕ ਉਡੀਕਦਾ ਰਿਹਾ ਪਰ ਅਖੀਰ ਨਿਰਾਸ ਹੋ ਕੇ ਘਰ ਮੁੜ ਆਇਆ। ਨਵਾਬ ਨੂੰ ਖਬਰ ਹੋਈ, ਘੋੜੇ ਚੜ੍ਹ ਕੇ ਆਇਆ, ਆਲੇ-ਦੁਆਲੇ ਰੌਲਾ ਪੈ ਗਿਆ ਕਿ ਗੁਰੂ ਨਾਨਕ ਤਾਂ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ, ਵਾਪਸ ਬਾਹਰ ਨਹੀਂ ਪਰਤੇ। ਮਲਾਹ ਬੁਲਾਏ ਦੋ-ਚਾਰ ਮੀਲ ਤੱਕ ਲੱਭਣ ਦੀ ਕੋਸ਼ਿਸ਼ ਕੀਤੀ ਪਰ ਦੂਰ ਨੇੜੇ ਕੁਝ ਵੀ ਅੱਖ ਨੂੰ ਤੇ ਹੱਥ ਨੂੰ ਨਾ ਲੱਗਾ।

ਅਸਲ ਵਿਚ ਉਹ ਅੱਖ ਤੇ ਹੱਥ ਹੋਰ ਹਨ ਜਿਨ੍ਹਾਂ ਨਾਲ ਗੁਰੂ ਨੂੰ ਛੋਹਿਆ ਜਾਂ ਦੇਖਿਆ ਜਾ ਸਕਦਾ ਸੀ -

*ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*
*ਅੰਗ- ੧੧੦੦*

ਇਹ ਅੱਖ ਸੀ ਬੇਬੇ ਨਾਨਕੀ ਜੀ ਕੋਲ। ਜਦੋਂ ਬੇਬੇ ਜੀ ਨੂੰ ਪਤਾ ਲੱਗਾ ਕਿ ਨੂਰ ਇਲਾਹੀ, ਮੇਰੇ ਗੁਰੂ ਨਾਨਕ ਵੇਈ ਨਦੀ 'ਚ ਪ੍ਰਵੇਸ਼ ਕਰ ਗਏ ਪਰ ਵਾਪਸ ਨਹੀਂ ਆਏ। ਉਸੇ ਵਕਤ ਫੁਰਮਾਇਆ ਕਿ ਉਹਨਾਂ ਨੂੰ ਕੋਈ ਡੋਬ ਨਹੀਂ ਸਕਦਾ। ਉਹ ਤਾਂ ਡੁਬਦਿਆਂ ਨੂੰ ਤਾਰਨ ਵਾਸਤੇ ਆਏ ਹਨ। ਜੇ ਡੁਬਦਿਆਂ ਨੂੰ ਤਾਰਨ ਵਾਲਾ ਹੀ ਡੁੱਬ ਗਿਆ ਤਾਂ ਤਾਰੂ ਕੌਣ? ਉਹ ਤਾਂ ਤਮਾਮ ਸ੍ਰਿਸ਼ਟੀ ਨੂੰ ਚਾਨਣ ਦੇਣ ਆਏ ਹਨ। ਇਹ ਕੋਈ ਕੌਤਕ ਹੈ। ਹੁਣ ਬੇਬੇ ਨਾਨਕੀ ਦਾ ਪਿਆਰ, ਭਰੋਸਾ ਬੇਮਿਸਾਲ ਸੀ। ਬੇਬੇ ਦਾ ਨਿਹਚਾ ਅਹਿੱਲ ਸੀ। ਏਧਰ ਮਰਦਾਨਾ ਆਪਣੇ ਪ੍ਰੀਤਮ ਦੇ ਵੈਰਾਗ ਵਿਚ ਨਦੀ ਕਿਨਾਰੇ ਬਿਰਹੁ ਦੇ ਸ਼ਬਦ ਗਾਉਂਦਾ ਫਿਰਦਾ ਹੈ। ਤਿੰਨ ਦਿਨ ਬੀਤ ਗਏ ਪਰ ਕੋਈ ਸੁਰਾਗ ਨਾ ਲੱਭਾ। ਉਧਰ ਨੂਰ ਇਲਾਹੀ ਸਤਿਗੁਰੂ ਅਗੰਮੀ

ਖੇਡ-ਖੇਡ ਰਹੇ ਹਨ। ਇਥੋਂ ਦੇ ਤਿੰਨ ਦਿਨ ਉਥੋਂ ਦਾ ਕਾਲ ਰਹਿਤ ਸਮਾਂ ਜਿਥੇ ਨਾ ਕੋਈ ਸਮਾਂ, ਨਾ ਦਿਨ ਨਾ ਰਾਤ, ਬਸ ਆਪੇ ਆਪ ਹੈ ਉਥੇ ਪਹੁੰਚ ਜਾਂਦੇ ਹਨ। ਪ੍ਰਮੇਸ਼ਰ ਦੀ ਦਰਗਾਹ ਵਿਚ ਪਹੁੰਚੇ। ਫੁਰਮਾਨ ਹੋਇਆ ਹੇ ਨਾਨਕ! ਜਿਸ ਕਾਰਜ ਨੂੰ ਕਰਨ ਵਾਸਤੇ ਤੁਹਾਨੂੰ ਭੇਜਿਆ ਸੀ ਉਹ ਮਹਾਨ ਕਾਰਜ ਸ਼ੁਰੂ ਨਹੀਂ ਕੀਤਾ। ਉਤਰ ਦਿਤਾ, ਹੇ ਪ੍ਰਮੇਸ਼ਰ! ਮਾਤ ਲੋਕ ਤੇ ਗੁਰੂ ਧਾਰਨ ਕਰਨ ਦੀ ਮਰਿਆਦਾ ਹੈ। '***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥*** ' ***ਅੰਗ-599***

ਆਵਾਜ਼ ਆਈ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੁਸੀਂ ਗੁਰ ਪ੍ਰਮੇਸ਼ਰ। ਜਿਸ ਉਪਰ ਤੇਰੀ ਕ੍ਰਿਪਾ ਉਸ ਉਪਰ ਮੇਰੀ ਕ੍ਰਿਪਾ। ਜਿਸ ਉਪਰ ਤੇਰਾ ਰਾਜ, ਉਸ ਉਪਰ ਮੇਰਾ ਰਾਜ। ਜਿਸ ਉਪਰ ਤੇਰੀ ਨਦਰਿ ਉਸ ਉਪਰ ਮੇਰੀ ਨਦਰਿ। ਜਿਸ ਉਪਰ ਤੇਰਾ ਕਰਮ ਉਸ ਉਪਰ ਮੇਰਾ ਕਰਮ। ਜਾਉ! ਜਾ ਕੇ ਮਾਤ ਲੋਕ ਨੂੰ ਨਾਮ ਜਪਾਉ। ਮੇਰੇ ਸਰੂਪ ਦਾ ਲੋਕਾਈ ਨੂੰ ਗਿਆਨ ਕਰਾਉ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਹੇ ਨਾਨਕ! ਹੁਣ ਆਪਣੀ ਮੋਹਰ ਲਾਉ। ਮਹਾਰਾਜ ਨੇ ਉਚਾਰਨ ਕੀਤਾ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਇਤਨੇ ਨੂੰ ਅੰਮ੍ਰਿਤ ਦਾ ਕਟੋਰਾ ਭਰ ਕੇ ਆ ਗਿਆ। ਹੁਕਮ ਹੋਇਆ, ਹੇ ਨਾਨਕ! ਇਹ ਅੰਮ੍ਰਿਤ ਮੇਰੇ ਨਾਮ ਦਾ ਪਿਆਲਾ ਹੈ। ਤੁਸੀਂ ਪੀਉ, ਨੂਰ ਇਲਾਹੀ ਨੇ ਪੀਤਾ ਤੇ ਨਿਹਾਲ ਹੋਏ। ਨਾਨਕ! ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਅਰ ਜੋ ਤੇਰਾ ਨਾਉ ਲਵੇਗਾ ਸੋ ਸਭ ਮੈਂ ਨਿਹਾਲ ਕੀਤੇ ਹੈਨਿ। ਤੂੰ ਜਾਇ ਕਰ ਮੇਰਾ ਨਾਮ ਜਪਿ, ਅਰ ਲੋਕਾਂ ਥੀਂ ਭੀ ਜਪਾਇ, ਸੰਸਾਰ ਥੀਂ ਨਿਰਲੇਪ ਰਹੁ। ਨਾਮ ਦਾਨ ਇਸ਼ਨਾਨ, ਸੇਵਾ ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ, ਤੂੰ ਇਹ ਕਿਰਤ ਕਰ।

ਤਬ ਗੁਰੂ ਨਾਨਕ ਪੈਰੀਂ ਪਇਆ, ਸਿਰਪਾਉ ਦਰਗਾਹੋਂ ਮਿਲਿਆ। ਤਦ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ -

*ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥*
*.......................................॥ ਅੰਗ- ੨੫*

ਸੋ ਸਤਿਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ ਪ੍ਰਮੇਸ਼ਰ ਤੋਂ ਗੁਰ ਪ੍ਰਮੇਸ਼ਰ ਦਾ ਦਰਜਾ ਲੈ ਕੇ ਸਮੁੱਚੀ ਲੋਕਾਈ ਦਾ ਉਧਾਰ ਕੀਤਾ। ਕੁਲ ਲੋਕਾਈ ਅੰਦਰ ਗੁਰ ਪ੍ਰਮੇਸ਼ਰ ਕੇਵਲ ਤੇ ਕੇਵਲ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੀ ਜੋਤਿ ਦੇ ਵਾਰਸ ਹਨ। ਇਸ ਤਰ੍ਹਾਂ ਉਪਰੋਕਤ ਬਖਸ਼ਿਸ਼ਾਂ ਪ੍ਰਾਪਤ ਕਰਕੇ ਆਪ ਜੀ ਵੇਈਂ ਨਦੀ ਵਿਚੋਂ ਵਾਪਸ ਆਏ। ਇਕ ਨਾਹਰਾ ਆਪ ਜੀ ਦੀ ਪਵਿੱਤਰ ਰਸਨਾ 'ਤੇ ਸੀ '***ਨਾ ਕੋ ਹਿੰਦੂ ਨਾ ਮੁਸਲਮਾਨ।***'

ਅਸਲ ਵਿਚ ਇਸ ਸਾਖੀ ਦਾ ਪ੍ਰਤੀਕ ਭਾਵ ਹੈ ਕਿ ਜੇ ਕੁਝ ਪਾਉਣਾ ਹੈ ਤਾਂ ਡੁੱਬਣਾ ਪੈਣਾ ਹੈ। ਸਾਡੇ ਵਾਸਤੇ ਹੁਣ ਵੇਈਂ ਨਦੀ ਦਾ ਪ੍ਰਤੀਕ ਧਿਆਨ ਹੈ। ਗੁਰੂ ਦੇ ਧਿਆਨ ਵਿਚ ਡੁੱਬ ਕੇ ਹੀ ਨਵਾਂ ਜੀਵਨ ਪ੍ਰਾਪਤ ਹੋਵੇਗਾ-

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥*

*ਅੰਗ- ੮੭੯*

ਧਿਆਨ ਵਿਚ ਡੁਬਣਾ ਫਿਰ ਮਨ ਕਰਕੇ ਮਰ ਜਾਣਾ ਭਾਵ ਮਨੋ ਨਾਸ਼ ਵਾਸ਼ਨਾ ਖ੍ਹੈ ਵਾਲੀ ਅਵਸਥਾ ਧਾਰਨ ਕਰਨੀ। ਪਹਿਲਾਂ ਡੁੱਬਣਾ ਫਿਰ ਗਵਾਚਣਾ ਭਾਵ ਅਲੋਪ ਹੋ ਜਾਣਾ ਫਿਰ ਚਿਰੰਜੀਵ ਹੋ ਕੇ ਵਾਪਸ ਆਉਣਾ। ਇਹੀ ਸਮੁੱਚੀ ਰੂਹਾਨੀਅਤ ਦਾ ਆਤਮ ਮਾਰਗ ਹੈ। ਇਲਾਹੀ ਪੈਂਡਾ ਹੈ।

ਹੁਣ ਬਾਹਰ ਆ ਕੇ ਨਵਾਂ ਜੀਵਨ ਪ੍ਰਾਪਤ ਹੋਇਆ। ਚਿਰੰਜੀਵ ਹੋਏ। ਹੁਣ ਜੀਵਤਿਆਂ ਮਰ ਰਹੀਐ ਵਾਲੀ ਅਵਸਥਾ ਪ੍ਰਾਪਤ ਹੋਈ।'ਆਪਿ ਜਪਹੁ ਅਵਰਹ ਨਾਮ ਜਪਾਵਹੁ' ਹੁਣ ਹੋਰਨਾਂ ਵਿਚ ਇਹ ਅੰਮ੍ਰਿਤ ਰੂਪੀ ਪਿਆਲਾ ਵੰਡਣਾ ਹੈ। ਇਹੀ ਗੁਰਸਿੱਖ ਦਾ ਮੁੱਖ ਕਾਰਜ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ੧੬੪ ॥*

*ਅੰਗ- ੧੩੭੩*

ਇਸ ਤਰ੍ਹਾਂ ਦਾ ਗਾਡੀ ਰਾਹ ਸਤਿਗੁਰਾਂ ਨੇ ਸਾਨੂੰ ਬਖਸ਼ਿਆ। ਪਹਿਲਾਂ ਉਸ ਗਾਡੀ ਰਾਹ ਤੇ ਆਪ ਤੁਰੇ ਫਿਰ ਸਾਡੇ ਵਾਸਤੇ ਪੂਰਨੇ ਪਾ ਕੇ ਦਿਤੇ ਤਾਂ ਜੋ ਸਮੁੱਚੀ ਮਾਨਵਤਾ ਦਾ ਉਧਾਰ ਹੋ ਸਕੇ। ਵੇਈਂ ਨਦੀ ਪ੍ਰਵੇਸ਼ ਵੀ ਇਕ ਪ੍ਰਮੇਸ਼ਰ ਵਾਹਿਗੁਰੂ ਨਾਲ ਨੂਰਾਨੀ ਮਿਲਾਪ ਸੀ ਜੋ ਮਿਲਾਪ ਸਮੁੱਚੀ ਲੋਕਾਈ ਦੇ ਉਧਾਰ ਦਾ ਵਸੀਲਾ ਬਣਿਆ।

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੧

### ੩੦.. ਪਉੜੀ (ਭਾਰਤ ਦੀ ਦੁਰਦਸ਼ਾ)

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ॥

**ਕਲਿ ਆਈ=ਕਲਜੁਗ ਵਰਤ ਗਿਆ। ਕੂੜੁ=ਝੂਠ, ਅਸੱਤਿ। ਕਾਜ਼ੀ=ਉਸ ਸਮੇਂ ਦੇ ਨਿਆਇ ਕਰਤਾ। ਦਾਮਹਿਤੁ=ਪੈਸੇ ਦਾ ਪਿਆਰ।**

ਹੇ ਗੁਸਾਈਂ! ਕਲਜੁਗ (ਦੀ ਸ੍ਰਿਸ਼ਟੀ) ਕੁੱਤੇ ਮੂੰਹੀਂ ਹੋ ਗਈ ਹੈ (ਹੱਕ ਬੇਹੱਕ ਨਹੀਂ ਦੇਖਦੀ) ਤੇ ਖਾਣਾ (ਇਸ ਦਾ) ਮੁਰਦਿਆਂ ਦਾ ਮਾਸ (ਅਣਹੱਕ) ਹੋ ਗਿਆ ਹੈ। ਰਾਜੇ ਪਾਪ ਕਰਦੇ ਹਨ, ਵਾੜ (ਜਿਹੜੀ ਖੇਤ ਦੀ ਰਾਖੀ ਸੀ) ਉਲਟਾ ਖੇਤ ਨੂੰ ਖਾਂਦੀ ਹੈ। ਪਰਜਾ ਗਿਆਨ ਬਾਝ ਅੰਨ੍ਹੀ ਹੋ ਰਹੀ ਹੈ ਤੇ ਕੂੜ ਕੁਧਰਮ ਮੂੰਹੋਂ ਬੋਲਦੀ ਹੈ। ਚੇਲੇ (ਛੈਣੇ ਆਦਿ) ਸਾਜ਼ ਵਜਾਉਂਦੇ ਹਨ ਤੇ ਗੁਰੂ ਬਹੁਤ ਤਰ੍ਹਾਂ ਨਾਲ ਨੱਚਦੇ ਹਨ। ਹੇ ਭਾਈ! ਸੇਵਕ ਘਰਾਂ ਵਿਖੇ ਬੈਠੇ ਰਹਿੰਦੇ ਹਨ, ਗੁਰੂ ਉਠ ਕੇ ਉਨ੍ਹਾਂ ਦੇ ਘਰੀਂ ਜਾਂਦੇ ਹਨ। ਕਾਜ਼ੀ ਵੱਢੀ ਖੋਰੇ ਹੋ ਗਏ ਹਨ, ਵੱਢੀ ਲੈ ਕੇ (ਪਰਾਇਆ) ਹੱਕ ਗਵਾ ਦਿੰਦੇ ਹਨ। ਇਸਤ੍ਰੀ ਦਾ ਭਰਤੇ ਨਾਲ ਦਾਮ ਹਿਤ (ਪੈਸੇ ਨੁਲ ਪਿਆਰ) ਹੋ ਗਿਆ, (ਥਾਂ ਕੁਥਾਂ) ਭਾਵੇਂ ਕਿਤੇ ਜਾਵੇ ਆਵੇ। ਸਾਰੇ ਜੱਗ ਵਿਖੇ ਪਾਪ ਦਾ ਵਰਤਾਰਾ ਹੋ ਰਿਹਾ ਹੈ।

ਭਾਵ - ਮਾਤ ਲੋਕ ਦੀ ਦਸ਼ਾ ਦਸਦੇ ਹਨ - ਹੱਕ ਨਾਹੱਕ ਦੀ ਵਿਚਾਰ ਨਹੀਂ ਰਹੀ। ਰਾਜੇ ਜ਼ਾਲਮ ਹਨ। ਪਰਜਾ ਵਿਚ ਅਗਿਆਨ ਹੈ, ਤੇ ਝੂਠੀ ਹੋ ਗਈ ਹੈ। ਧਰਮ ਦੇ ਉਪਦੇਸ਼ਕ ਰਾਸ ਮੰਡਲਾਂ ਤੇ ਲੀਲ੍ਹਾ ਵਿਚ ਰੁੱਝ ਰਹੇ ਹਨ। ਗੁਰੂ ਚੇਲੇ ਦਾ ਤਅੱਲਕ ਉਲਟ ਗਿਆ ਹੈ, ਗੁਰੂ ਚੇਲਿਆਂ ਨੂੰ ਲੱਭਦੇ ਫਿਰਦੇ ਹਨ ਤੇ ਉਨ੍ਹਾਂ ਦੇ ਘਰੀਂ ਜਾ ਕੇ ਜਾਲ ਵਿਛਾ ਕੇ ਚਿੜੀਆਂ ਫਾਹੁੰਦੇ ਹਨ, ਨਿਆਉਂ ਕਰਨਾ ਜਿਨ੍ਹਾਂ ਦੇ ਹੱਥ ਹੈ, ਉਹ ਰਿਸ਼ਵਤ ਖੋਰੇ ਹੋ ਗਏ ਹਨ, ਗ੍ਰਿਹਸਤ ਧਰਮ ਨਸ਼ਟ ਹੋ ਗਿਆ ਹੈ, ਇਸਤ੍ਰੀ ਭਰਤੇ ਦਾ ਪਿਆਰ ਪੈਸੇ ਦਾ ਪਿਆਰ ਰਹਿ ਗਿਆ ਹੈ, ਪਤਿਬ੍ਰਤ ਧਰਮ ਸਤਿਬ੍ਰਤ ਧਰਮ, ਦੋਵੇਂ ਉਡ ਗਏ ਹਨ। ਗੱਲ ਕੀ ਪਾਪ ਹੀ ਪਾਪ ਸਾਰੇ ਪਸਰ ਰਿਹਾ ਹੈ।

### ੩੧. ਗੁਰੂ ਪ੍ਰੀਖਿਆ

ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।
ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।
ਫਿਰਿ ਆਇਆ ਗੁਰ: ਨਾਥ ਜੀ ਪਾਣੀ ਠਉੜ ਨਹੀਂ ਉਸਿ ਤਾਲਾ।
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ॥

ਦਰਸਨ=ਭੇਖ। ਉਜਿਆਲਾ=ਰੋਸ਼ਨ। ਖੱਪਰ=ਚਿੱਪੀ

ਸਿੱਧਾਂ ਨੇ ਮਨ ਵਿਖੇ ਸੋਚ ਕੀਤੀ ਕਿ ਕਿਸੇ ਤਰ੍ਹਾਂ ਇਹ ਬਾਲਕਾ (ਜੋਗੀ) ਭੇਖ ਲਵੇ। (ਕਿਉਂ ਜੋ) ਅਜਿਹਾ ਜੋਗੀ ਕਲੀ ਵਿਖੇ ਸਾਡੇ ਪੰਥ ਨੂੰ ਰੌਸ਼ਨ ਕਰ ਦੇਵੇਗਾ। (ਤਦ) ਨਾਥ ਨੇ ਚਿੱਪੀ ਦਿਤੀ, ਪਾਣੀ ਭਰਨ ਲਈ (ਬਾਬਾ) ਉੱਠ ਤੁਰਿਆ। (ਜਦ) ਬਾਬਾ ਪਾਣੀ ਕੋਲ ਆਇਆ (ਅੱਗੋਂ) ਰਤਨ ਜਵਾਹਰ ਤੇ ਮਾਣਕ ਡਿੱਠੇ। ਸਤਿਗੁਰੂ ਵੱਡੇ ਅਗਮ ਤੇ ਪੂਰਨ ਪੁਰਖ (ਸਨ, ਉਸ) ਗੁਰੂ ਦੀ ਝਾਲ ਕੌਣ ਝੱਲੇ? ਗੁਰੂ (ਬਾਬਾ) ਮੁੜ ਆਇਆ (ਤੇ ਗੋਰਖ ਨੂੰ ਕਿਹਾ) ਨਾਥ ਜੀ! ਉਸ ਥਾਵੇਂ ਤਾਲ ਵਿਚ ਪਾਣੀ ਨਹੀਂ ਹੈ। (ਭਾਵੇਂ ਕਿ ਨਾਥ ਦਾ ਛਲ ਨਾਥ ਪਰ ਵਿਦਤ ਕਰ ਦਿਤਾ) (ਗੁਰੂ ਜੀ ਨੇ) ਸ਼ਬਦ ਨਾਲ ਸਾਰੀ ਸਿੱਧ ਮੰਡਲੀ ਜਿੱਤ ਲੀਤੀ, ਆਪਣਾ ਪੰਥ ਵੱਖਰਾ ਕੀਤਾ। ਕਲਿਜੁਗ ਵਿਖੇ (ਗੁਰੂ) ਨਾਨਕ (ਦਾ ਦੱਸਿਆ ਹੋਇਆ) ਨਾਮ ਹੀ ਸੁੱਖਾਂ ਦਾ ਘਰ ਹੈ।

ਭਾਵ – ਗੋਰਖ ਨਾਥ ਨੇ ਗੁਰੂ ਜੀ ਨੂੰ ਲਾਲਚ ਨਾਲ ਆਪਣੇ ਮਤ ਵਿਖੇ ਲਿਆਉਣ ਲਈ ਤਲਾਉ ਵਿਖੇ ਰਤਨ ਤੇ ਮਾਣਿਕ ਭਰ ਦਿਤੇ ਕਿ ਗੁਰੂ ਜੀ ਦੇਖ ਕੇ ਭਰਮ ਜਾਣਗੇ। ਗੁਰੂ ਜੀ ਦੀ ਝਾਲ ਕੌਣ ਝੱਲੇ, ਉਨ੍ਹਾਂ ਨੂੰ ਹੀਰੇ ਜਵਾਹਰਾਂ ਦੀ ਜ਼ਰਾ ਭੀ ਚਾਹ ਨ ਫੁਰੀ। ਜਦ ਹੈਰਾਨ ਹੋ ਗੋਰਖ ਨਾਥ ਨੇ ਆਪਣੀ ਵਰਤਾਈ ਮਾਇਆ ਵਲ ਤੱਕਿਆ ਤਾਂ ਉਸ ਦੀ ਰਚਨਾ ਗੁੰਮ ਸੀ। ਫੇਰ ਸ਼ਬਦ ਦੀ ਚਰਚਾ ਹੋਈ, ਜਿਸ ਵਿਚ ਜੋਗੀ ਸਿੱਧ ਸਾਰੇ ਹਾਰ ਗਏ, ਗੁਰੂ ਜੀ ਨੇ ਆਪਣਾ ਪੰਥ ਨਿਰਾਲਾ ਕਰਕੇ ਉਨ੍ਹਾਂ ਨੂੰ ਦਿਖਾ ਦਿਤਾ। ਇਹ ਚਰਚਾ "ਸਿੱਧ ਗੋਸ਼ਟ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਜਿਸਦਾ ਭਾਵ ਇਹ ਹੈ ਕਿ ਕਲਜੁਗ ਵਿਚ 'ਨਾਮ' ਹੀ ਸਾਧਨ ਹੈ, ਅਰ ਬਹੁਤ ਸਿੱਧਾ ਤੇ ਮੁਕੰਮਲ ਯਤਨ ਹੈ, ਗੁਰੂ ਜੀ ਦਾ ਮਤ ਹੈ।

## ੩੨. ਮੱਕੇ ਦੀ ਯਾਤਰਾ

**ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।**
**ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।**
**ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।**
**ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?**
**ਲਤਾਂ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬਜਿਗਾਰੀ।**
**ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।**
**ਹੋਇ ਹੈਰਾਨੁ ਕਰੇਨਿ ਜੁਹਾਰੀ॥੩੨॥**

ਬਨਵਾਰੀ=ਹਰੀ। ਕੂਜਾ=ਅਸਤਾਵਾ, ਲੋਟਾ। ਮਹਿਰਾਬ=ਡਾਟ। ਖਾਸ ਥਾਉਂ ਮੱਕੇ ਦੀ। ਜੀਵਣ=ਨਾਮ (ਅ) ਜੀ ਵੱਟ ਕੇ, ਜ਼ੋਰ ਨਾਲ। ਕੁਫਰ=ਵਾਹਿਗੁਰੂ ਦੀ ਏਕਤਾ ਨੂੰ ਨਾ ਮੰਨਣਾ। ਕੁਫਾਰੀ=ਨਾਸ਼ੁਕਰਾ। ਬਜਿਗਾਰੀ=ਫ਼ਾ: ਬ:ਜ਼ਹਕਾਰ, ਪਾਪੀ। ਜੁਹਾਰੀ=ਨਮਸਕਾਰ

ਬਾਬਾ ਫੇਰ ਮੱਕੇ ਨੂੰ ਗਿਆ, ਨੀਲੇ ਕੱਪੜੇ ਪਹਿਨ ਕੇ (ਮਾਨੋ) ਬਨਵਾਰੀ ਰੂਪ ਧਾਰ ਕੇ। ਆਸਾ ਹੱਥ ਵਿਖੇ, ਕਿਤਾਬ ਕੱਛ ਵਿਚ, ਅਸਤਾਵਾ ਤੇ ਬਾਂਗ (ਦੇਣ ਵਾਲਾ ਮੁਸੱਲਾ) ਆਸਣ ਬੀ ਹੈਸੀ। ਮਸੀਤ ਵਿਚ ਜਾ ਕੇ ਬੈਠ ਗਿਆ, ਜਿੱਥੇ ਹਾਜੀਆਂ (ਮੱਕੇ ਦੇ ਜਾਤ੍ਰੀਆਂ) ਨੇ ਹੱਜ ਕੀਤਾ। ਜਦ ਰਾਤ ਪਈ ਤਾਂ ਬਾਬਾ ਮੱਕੇ ਵਲ ਲੱਤਾਂ ਪਸਾਰ ਕੇ ਸੌਂ ਗਿਆ। ਜੀਵਣ (ਨਾਮੇ ਮੁੱਲਾਂ ਨੇ ਵੱਟ ਕੇ) ਲੱਤ ਦੀ (ਚੋਟ) ਮਾਰੀ (ਤੇ ਕਿਹਾ) ਕਿਹੜਾ ਨਾਸ਼ੁਕਰਾ ਕਾਫਰ ਇਥੇ ਸੁੱਤਾ ਹੈ। ਲੱਤਾਂ ਖ਼ੁਦਾ ਦੇ ਵੱਲ ਕੀਤੀਆਂ ਹਨ, ਕਿਉਂ ਪਾਪੀ ਹੋ ਕੇ ਲੰਮਾ ਪੈ ਰਿਹਾ ਹੈਂ। (ਜਦ ਉਸ ਨੇ) ਟੰਗੋਂ ਫੜ ਕੇ ਘਸੀਟਿਆ (ਅਜਿਹੀ ਗੁਰੂ ਜੀ ਨੇ) ਸ਼ਕਤੀ ਦਿਖਾਈ ਕਿ ਮੱਕਾ ਬੀ ਫਿਰ ਗਿਆ ਤੇ ਸਾਰੇ ਅਸਚਰਜ ਹੋ ਕੇ (ਫਿਰ) ਲੱਗੇ ਨਮਸਕਾਰਾਂ ਕਰਨ।

ਭਾਵ ਗੁਰੂ ਜੀ ਮੱਕੇ ਦੇ ਮੌਲਵੀਆਂ ਦਾ ਹੰਕਾਰ ਤੋੜਨ ਲਈ ਉਨ੍ਹਾਂ ਦਾ ਹੀ ਭੇਖ ਧਾਰ ਕੇ ਮੱਕੇ ਜਾ ਪੁੱਜੇ। ਬਨਵਾਰੀ ਵਿਸੇਖਣ ਦਾ ਭਾਵ ਇਹ ਹੈ ਕਿ ਫਤੇ ਦਾ ਚਿੰਨ੍ਹ ਵੈਜਯੰਤੀ ਮਾਲਾ ਪਹਿਲੇ ਹੀ ਮਾਨੋ ਗਲ ਵਿਖੇ ਪਹਿਰੀ ਹੋਈ ਸੀ।

ਜਿਧਰ ਗੁਰੂ ਜੀ ਦੀਆਂ ਲੱਤਾਂ ਕਰਨ, ਉਧਰ ਹੀ ਮੱਕੇ ਹੁਰੀਂ ਪਏ ਫਿਰਨ। ਧਵਨੀ ਇਹ ਕਿ ਈਸ਼ਵਰ ਭਗਤਾਂ ਦੇ ਅਧੀਨ ਹੈ 'ਮੇਰੀ ਬਾਂਧੀ ਭਗਤੁ ਛਡਾਵੈ ਬਾਂਧੇ ਭਗਤੁ ਨ ਛੂਟੈ ਮੋਹਿ। ਏਕ ਸਮੇ ਮੋ ਕਉ ਗਹਿ ਬਾਂਧੈ ਤਉ ਫੁਨਿ ਮੋਪੈ ਜਬਾਬੁ ਨ ਹੋਇ।' ਮੁਕਦੀ ਗੱਲ ਸਾਰੇ ਮੁਲਾਣੇ ਸ਼ਰਣੀ ਪਏ ਤੇ ਸਤਿਗੁਰੂ ਜੀ ਦੀ ਅਲੂਹੀਅਤ ਦੇ ਕਾਇਲ ਹੋ ਗਏ।

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 24. ਹਮੇਸ਼ਾ ਹੈ ਹਾਜ਼ਿਰ, ਨਾ ਹਰਗਿਜ਼ ਛੁਪਾ ਹੈ

ਜਿਧਰ ਦੇਖਤਾ ਹੂੰ ਖ਼ੁਦਾ ਹੀ ਖ਼ੁਦਾ ਹੈ, ਖ਼ੁਦਾ ਸੇ ਨਹੀਂ ਕੋਈ ਚੀਜ਼ ਜੁਦਾ ਹੈ।
ਜੋ ਅੱਵਲ ਔਰ ਆਖ਼ਿਰ ਖ਼ੁਦਾ ਹੀ ਖ਼ੁਦਾ ਹੈ, ਤੋ ਅਬ ਭੀ ਕਿਆ ਉਸ ਸੇ ਕੋਈ ਸ਼ੈਅ ਜੁਦਾ ਹੈ?
ਹੈ ਆਗਾਜ਼ ਹੀ ਅੰਜਾਮ ਜ਼ੇਵਰ ਮੇਂ ਜ਼ਰ ਕਾ, ਮਿਆਨ ਮੇਂ ਨਾ ਹਰਗਿਜ਼ ਵੋਹ ਗ਼ੈਰੇ ਤਿਲਾ ਹੈ।
ਵੋਹੀ ਆਪ ਹਰ ਏਕ ਸੂਰਤ ਮੇਂ ਆਇਆ, ਕਹੀਂ ਆਬੋ ਆਤਿਸ਼ ਜ਼ਮੀਨੋ ਹਵਾ ਹੈ।
ਖ਼ੁਦਾ ਮੇਂ ਜੋ ਦੂਈ ਕੋ ਦੇਤਾ ਦਖ਼ਲ ਹੈ, ਵੋਹ ਕਾਫ਼ਿਰ, ਵ ਮੁਨਕਿਰ ਵ ਅਹਿਲੇ ਖ਼ਤਾ ਹੈ।
ਕਹਾਂ ਉਸ ਕੋ ਦੂਰ ਔਰ ਜੁਦਾ ਢੂੰਢਤੇ ਹੋ, ਹਮੇਸ਼ਾ ਹੈ ਹਾਜ਼ਿਰ ਨਾ ਹਰਗਿਜ਼ ਛੁਪਾ ਹੈ।
ਜਿਸੇ ਤੁਮ ਸਮਝਦੇ ਹੋ ਦੁਨੀਆਂ ਐ ਗ਼ਾਫ਼ਿਲ, ਵੋਹ ਕੁਲ ਹੱਕ ਹੀ ਹੱਕ, ਨਾ ਜੁਦਾ, ਨਾ ਮਿਲਾ ਹੈ।
ਸਫ਼ਾਤੀ ਤਾਈਯਨ ਮਿਟਾ ਦਿਲ ਸੇ ਦੇਖੋ, ਯਹੀ ਏਕ ਜ਼ਾਤ-ਏ-ਖ਼ੁਦਾ ਜਾ-ਬਜਾ ਹੈ।
ਯਹੀ ਚੀਜ਼ ਜ਼ਾਤੀ ਯਹੀ ਹੈ ਸਫ਼ਾਤੀ, ਸਿਰਫ਼ ਇਕ ਤਾਈਯਨ ਮੇਂ ਦੋ ਹੋ ਰਹਾ ਹੈ।
ਨਜ਼ਰ ਆਤੀਂ ਹੈਂ ਮੁਖਤਲਿਫ਼ ਮੂਰਤੇਂ ਗੋ, ਮਗਰ ਰੂਏ-ਮਾਅਨੀ ਸੇ ਸਭ ਏਕਤਾ ਹੈ।
ਹਰ ਇਕ ਚੀਜ਼ ਹਸਤੀ ਮੇਂ ਅਪਨੀ ਹੈ ਕਾਇਮ, ਨਹੀਂ ਪੈਦਾ ਹੋਤਾ ਨਹੀਂ ਕੁਛ ਫ਼ਨਾ ਹੈ।
ਨਹੀਂ ਹੋਤਾ ਹਰਗਿਜ਼ ਫ਼ਨਾ ਕਾ ਫ਼ਨਾ ਭੀ, ਹੂਆ ਇਸ ਸੇ ਸਾਬਤ ਬਕਾ ਹੀ ਬਕਾ ਹੈ।
'ਧਰਮ ਕਾ' ਸਮਝੇਗਾ ਵੋਹ ਬਾਤ ਮੇਰੀ, ਦੂਈ ਸੇ ਕੀਆ ਜਿਸ ਨੇ ਦਿਲ ਕੋ ਸਫ਼ਾ ਹੈ।

1. ਹਰਗਿਜ਼=ਕਦੀ ਵੀ ਨਹੀਂ, ਬਿਲਕੁਲ 2. ਅੱਵਲ=ਆਦਿ ਪਹਿਲਾਂ 3. ਆਗਾਜ਼=ਆਦਿ 4. ਅੰਜਾਮ=ਅੰਤ 5. ਜ਼ੇਵਰ=ਗਹਿਨਾ 6. ਜ਼ਰ=ਸੋਨਾ 7. ਗ਼ੈਰੇ=ਬਗ਼ੈਰ 8. ਤਿਲਾ=ਸੋਨਾ 9. ਆਬੋ=ਪਾਣੀ 10. ਆਤਿਸ਼=ਅੱਗ 11. ਗ਼ਾਫ਼ਿਲ=ਲਾ-ਪ੍ਰਵਾਹ 12. ਸਫ਼ਾਤੀ=ਬਗਾਨਾ 13. ਤਾਈਯਨ=ਨਿਸਚੇ ਕਰਨਾ 14. ਜਾ-ਬਜਾ=ਹਰ ਜਗ੍ਹਾ 15. ਜ਼ਾਤੀ=ਨਿਜੀ, ਆਪਣੀ 16. ਮੁਖਤਲਿਫ਼=ਅੱਡੋ ਅਡੀ 17. ਗੋ=ਚਾਹੇ 18. ਰੂਏ ਮਾਅਨੀ=ਅਸਲੀ ਮਾਅਨੇਂ, ਦਰ-ਅਸਲ 19. ਬਕਾ=ਏਕਤਾ

## 25. ਇਸ਼ਕੇ ਹੱਕ ਕੀ ਖ਼ੁਮਾਰੀ

ਮੈਂ ਦੀਵਾਨਾ ਹੋ ਗਿਆ ਹੂੰ, ਜਾਮ ਵਾਹਦਿਤ ਕਾ ਪੀਆ।
ਮਿਲ ਗਿਆ ਥਾ ਏਕ ਸਾਕੀ, ਕਿਆ ਕਹੂੰ ਉਨ ਕਿਆ ਕਹਾ।

ਲਬਾ ਲਬ ਭਰ ਕਰ ਪਿਆਲਾ ਦੇ ਦੀਆ ਤੌਹੀਦ ਕਾ,
ਦੀਦ ਉਲਟੀ ਹੋ ਗਈ, ਮਸਤੀ ਨੇ ਮਸਤਾਨਾ ਕੀਆ।
ਫੈਲ ਗਈ ਉਸ ਕੀ ਖ਼ੁਮਾਰੀ ਵੋਹੀ ਵੋਹ ਦਿਖਨੇ ਲਗਾ,
ਕਿਆ ਬਤਾਊਂ ਦੋਸਤੋ, ਬਸ ਜਾਦੂਗਰ, ਜਾਦੂ ਕੀਆ।

ਗ਼ੈਰ ਕੀ ਗਰਦਸ਼ ਮਿਟੀ, ਉਸ ਕਾ ਉਜਾਲਾ ਹੋ ਗਿਆ,

ਵੋਹੀ ਵੋਹ ਇਕ ਨਜ਼ਰ ਆਇਆ ਗ਼ੈਰ ਦਿਲ ਸੇ ਮਿਟ ਗਿਆ।

ਲੇ ਲੀਆ ਦੀਦਾਰ ਹਮਨੇ ਅਪਨੇ ਦਿਲਦਾਰ ਕਾ,

ਦੇ ਦੀਆ ਦਿਲਦਾਰ ਕੋ ਦਿਲ ਦਿਲਬੋਰ ਸੌਦਾ ਕੀਆ।

## 26. ਨਿਰਵਿਕਲਪ ਦ੍ਰਿਸ਼ਟੀ

ਜਬ ਅੱਛੀ ਤਰਹ ਸੇ ਗਿਆਨ ਚਖਸ਼ੂ ਖੁੱਲ੍ਹ ਗਏ ਤੋ ਨਿਰਵਿਕਲਪ ਸੇ ਬਗ਼ੈਰ ਕਿਆ ਹੈ। ਪਾਂਚ ਗਿਆਨ ਇੰਦਰੀਓਂ ਕੇ ਵਿਸ਼ੇ ਜੋ ਕਿ ਤਮਾਮ ਸੰਸਾਰ ਹੈ, ਵੋਹ ਬ੍ਰਹਮ ਰੂਪ ਹੀ ਹੈਂ ਔਰ ਬ੍ਰਹਮ ਨਿਰਵਿਕਲਪ ਹੈ। ਇਸ ਵਾਸਤੇ ਨਿਰਵਿਕਲਪ ਸਮਾਧ ਸਿੱਧ ਹੁਈ। ਚਿਦਾਕਾਸ਼ ਮੇਂ (ਜੋ ਕਿ ਬ੍ਰਹਮ ਪੂਰਨ ਹੈ) ਤੋ ਕੋਈ ਵਿਕਲਪ ਹੀ ਨਹੀਂ ਹੈ। ਲੇਕਿਨ ਜਿਸਮ, ਜੋ ਕਿ ਪਾਂਚ ਤੱਤੋਂ ਕਾ ਬਨਾ ਹੂਆ ਹੈ, ਤਮਾਮ ਝਗੜੇ ਝਾਟੇ ਤੋ ਉਸੀ ਬਿਨਾਸ਼ੀ ਸ਼ਰੀਰ ਮੇਂ ਹੈਂ।

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥ ੫੨ ॥* *ਅੰਗ- ੧੪੨੯*

ਬਚਪਨ ਅਵਸਥਾ ਤੋ ਮੂੜ੍ਹ ਅਵਸਥਾ ਮਾਨੀ ਗਈ ਹੈ। ਜੁਆਨੀ ਵਿਸ਼ਿਓਂ ਕਾ ਘਰ ਹੈ ਔਰ ਬੁਢਾਪਾ ਰੋਗੋਂ ਕਾ ਘਰ ਹੂਆ ਕਰਤਾ ਹੈ। ਯੁਵਾ ਅਵਸਥਾ ਮੇਂ ਜੋ ਲੋਗ ਭਗਤੀ ਸਾਧਨ ਕਮਾਤੇ ਹੈਂ ਵੋਹ ਬੁਢਾਪੇ ਮੇਂ ਉਸ ਕਾ ਫਲ, ਸੁਖ ਪ੍ਰਾਪਤਿ ਕਰਤੇ ਹੈਂ ਔਰ ਬਾਦ ਮੇਂ ਵਿਦੇਹ-ਕੈਵਲ।

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥*
*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥ ੩੫ ॥* *ਅੰਗ- ੧੪੨੮*

## 27. ਬਾਬਾ ਫਰੀਦ ਜੀ

*ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥*
*ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥ ੧੧੨ ॥* *ਅੰਗ- ੧੩੮੪*

*ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥*
*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥ ੧੦੭ ॥* *ਅੰਗ- ੧੩੮੩*

*ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ੍ ਜਿੰਨ੍ਾ ਪਿਆਰੇ ਨੇਹ ॥ ੮੩ ॥* *ਅੰਗ- ੧੩੮੨*

ਜਿਨ ਲੋਗੋਂ ਕੋ ਪੂਰਬ ਜਨਮ ਕੀ ਭਗਤੀ ਕੇ ਸੰਸਕਾਰੋਂ ਕੇ ਬਲ ਸਤਿਸੰਗ ਔਰ ਸਤਿਪੁਰਸ਼ ਕਾ ਮਿਲਾਪ ਯੁਵਾ ਅਵਸਥਾ ਮੇਂ ਯਾ ਬਚਪਨ ਮੇਂ ਹੀ ਹੋ ਜਾਇਆ ਕਰਤਾ ਹੈ, ਵੋਹ ਲੋਗ ਯੁਵਾ ਅਵਸਥਾ ਮੇਂ ਭਗਤੀ ਸਾਧਨ ਜੋਰ ਲਗਾ ਕਰ ਕੀਆ ਕਰਤੇ ਹੈਂ। ਜਿਨ ਭਗਤੀ ਸਾਧਨੋਂ ਕਾ ਫਲ ਬ੍ਰਹਮ ਗਿਆਨ ਯਾ ਪ੍ਰਭੂ ਪ੍ਰਾਪਤੀ ਹੋਤਾ ਹੈ। ਜਿਸ ਕੋ ਪਾ ਕਰ ਤਮਾਮ ਦੁਖੋਂ ਸੇ ਬਰੀ ਔਰ ਮੌਤ ਕੇ ਬਾਦ ਫਿਰ ਜਨਮ ਨਾ ਧਾਰਨਾ ਹੋਤਾ ਹੈ ਔਰ ਹਮੇਸ਼ਾ ਵਾਸਤੇ ਸਤਿ-ਚਿੱਤ-ਅਨੰਦ ਪਰੀਪੂਰਨ ਮੇਂ ਹੀ ਇਸਥਿਤ ਹੋਨਾ ਹੋਤਾ ਹੈ। ਜਿਸ ਮੇਂ ਬਿਲਕੁਲ ਦੁਖੋਂ ਕਾ ਅਭਾਵ ਹੈ।

ਵੋਹ ਜੀਵਨ ਮੁਕਤ ਔਰ ਵਿਦੇਹ ਮੁਕਤ ਹੈਂ।

# ਭਾਈ ਨੰਦ ਲਾਲ ਜੀ
## (ਜ਼ਿੰਦਗੀਨਾਮਾ)

**ਖ਼ੁਦ-ਪ੍ਰਸਤੀ ਖ਼ਾਸਾਇ ਨਾਦਾਨਿ ਤੂ**
**ਹੱਕ ਪ੍ਰਸਤੀ ਮਾਇਆਇ ਈਮਾਨਿ ਤੂੰ॥**

ਇਹ ਹਉਮੈ ਤੇਰੀ ਮੂਰਖਤਾ ਦਾ ਖ਼ਾਸਾ ਹੈ, ਸੱਚ ਦੀ ਪੂਜਾ ਤੇਰੇ ਈਮਾਨ ਦੀ ਰਾਸ ਹੈ।

**ਜਿਸਮਿ ਤੂ ਅਜ਼ ਬਾਦੋ ਖ਼ਾਕੋ ਆਸ਼ਿ ਅਸਤ**
**ਕਤਰਾਇ ਆਬੀ ਨੂਰਿ ਜਾਤਿਸ਼ ਅਸਤ॥੫੪॥**

ਤੇਰਾ ਸਰੀਰ ਤਾਂ ਹਵਾ, ਮਿੱਟੀ, ਅਤੇ ਅੱਗ ਦਾ ਬਣਿਆ ਹੋਇਆ ਹੈ, ਤੂੰ ਤਾਂ ਪਾਣੀ ਦਾ ਇਕ ਕਤਰਾ ਹੈਂ, ਤੇ ਇਹ ਨੂਰ ਉਸ ਰੱਬ ਵਲੋਂ ਹੈ।

**ਖ਼ਾਨਾਅਤ ਅਜ਼ ਨੂਰਿ ਹੱਕ ਰੌਸ਼ਨ ਸ਼ੁਦਾ**
**ਯਕ ਗੁਲੇ ਬੁਦੀ ਕਨੂੰ ਗੁਲਸ਼ਨ ਸ਼ੁਦਾ॥੫੫॥**

ਤੇਰਾ ਹਿਰਦੇ ਰੂਪੀ ਘਰ ਰੱਬ ਦੇ ਨੂਰ ਨਾਲ ਰੋਸ਼ਨ ਹੈ, ਤੂੰ ਇਕ ਫੁੱਲ ਸੀ, ਹੁਣ ਗੁਲਸ਼ਨ ਬਣ ਗਿਆ ਹੈ।

**ਪਸ ਦਰੂਨਿ ਗੁਲਸ਼ਨਿ ਖ਼ੁਦ ਸੈਰ ਕੁਨ**
**ਹਮਚੂ ਮੁਰਗ਼ਿ ਕੁੱਦਸਿ ਦਰ ਵੈ ਤੈਰ ਕੁਨ॥੫੬॥**

ਆਪਣੇ ਇਸ ਗੁਲਸ਼ਨ ਅੰਦਰ ਤੂੰ ਸੈਰ ਕਰ, ਪਾਕ ਪਵਿਤ੍ਰ ਪੰਛੀ ਵਾਂਗ ਉਸ ਵਿਚ ਉਡਾਰੀਆਂ ਲਾ।

**ਸਦ ਹਜ਼ਾਰਾਂ ਖੁਲਦ ਅੰਦਰ ਗੋਸ਼ਾ ਅਸ਼**
**ਹਰ ਦੋ ਆਲਮ ਦਾਨਾਇ ਅਜ਼ ਖ਼ੋਸ਼ਾ ਅਸ਼॥੫੭॥**

ਉਸ ਦੀ ਇਕ-ਇਕ ਨੁੱਕਰ ਵਿਚ ਲੱਖਾਂ ਬਹਿਸ਼ਤੀ ਬਾਗ਼ ਹਨ, ਇਹ ਦੋਵੇਂ ਜਹਾਨ ਉਸੇ ਦੇ ਸਿੱਟੇ ਦੇ ਦਾਣੇ ਹਨ।

**ਕੂਤਿ ਆਂ ਮੁਰਗ਼ਿ ਮੁਕੱਦਸ ਯਾਦਿ ਊ,**
**ਯਾਦਿ ਊ ਹਾਂ ਯਾਦਿ ਊ ਹਾਂ ਯਾਦਿ ਊ॥੫੮॥**

ਉਸ ਪਾਕ ਪਵਿੱਤਰ ਪੰਛੀ ਦਾ ਚੋਗਾ ਰੱਬ ਦੀ ਯਾਦ ਹੈ, ਉਸ ਦੀ ਯਾਦ, ਬਸ ਉਸ ਦੀ ਯਾਦ, ਹਾਂ ਉਸੇ ਦੀ ਯਾਦ।

**ਹਰ ਕਸੇ ਕੂ ਮਾਇਲਿ ਖ਼ੁਦਾ-ਸਤ**
**ਖ਼ਾਕਿ ਰਾਹਸ਼ ਤੂਤਿਆਇ ਚਸ਼ਮਿ ਮਾ-ਸਤ॥੫੯॥**

ਜਿਹੜਾ ਵੀ ਰੱਬ ਦੀ ਯਾਦ ਵੱਲ ਲੱਗਾ ਹੋਇਆ ਹੈ, ਉਸ ਦੇ ਰਾਹ ਦੀ ਧੂੜ ਸਾਡੇ ਨੇਤਰਾਂ ਦਾ ਸੁਰਮਾ ਹੈ।

**ਗਰ ਤੁਰਾ ਯਾਦਿ ਖ਼ੁਦਾ ਹਾਸਿਲ ਸ਼ਵਦ**
**ਹੱਲਿ ਹਰ ਮੁਸ਼ਕਿਲ ਤੁਰਾ, ਐ ਦਿਲ ਸ਼ਵਦ॥੬੦॥**

ਜੇਕਰ ਤੈਨੂੰ ਰੱਬ ਦੀ ਯਾਦ ਪ੍ਰਾਪਤ ਹੋ ਜਾਏ, ਹੇ ਮੇਰੇ ਦਿਲ! ਸਮਝ ਕਿ ਤੇਰੀ ਹਰ ਮੁਸ਼ਕਿਲ ਦਾ ਹੱਲ ਹੋ ਗਿਆ।

**ਹੱਲਿ ਹਰ ਮੁਸ਼ਕਿਲ ਹਮੀਂ ਯਾਦਿ ਖ਼ੁਦਾ-ਸਤ**
**ਹਰ ਕਿ ਯਾਦਿ ਹੱਕ ਕੁਨਦ ਜ਼ਾਤਿ ਖ਼ੁਦਾ-ਸਤ॥੬੧॥**

ਹਰ ਮੁਸ਼ਕਿਲ ਦਾ ਹੱਲ ਬੱਸ ਇਹੀ ਰੱਬ ਦੀ ਯਾਦ ਹੈ, ਰੱਬ ਦੀ ਯਾਦ ਕਰਨ ਵਾਲਾ ਰੱਬ ਦੀ ਹੀ ਜ਼ਾਤ ਹੁੰਦਾ ਹੈ।

**ਦਰ ਹਕੀਕਤ ਗ਼ੈਰ ਹੱਕ ਮਨਜ਼ੂਰ ਨੀਸਤ**
**ਕੀਸਤ ਐ ਜਾਨ ਕੂ ਸਰਾਪਾ ਨੂਰ ਨੀਸਤ॥੬੨॥**

ਅਸਲ ਵਿਚ ਰੱਬ ਤੋਂ ਬਿਨਾਂ ਕੋਈ ਭੀ ਹੋਰ ਚੀਜ਼ ਪ੍ਰਵਾਨ ਨਹੀਂ ਹੈ, ਹੇ ਮੇਰੇ ਮਨ! ਅਜਿਹਾ ਕੌਣ ਹੈ, ਜਿਹੜਾ ਸਿਰ ਤੋਂ ਪੈਰਾਂ ਤਕ ਰੱਬ ਦਾ ਨੂਰ ਨਹੀਂ।

**ਕਤਰਾਇ ਨੂਰੀ ਸਰਾਪਾ ਨੂਰ ਬਾਸ਼**
**ਬਿਗੁਜ਼ਰ ਅਜ਼ ਗਮ ਦਾਇਮਾ ਮਸਰੂਰ ਬਾਸ਼॥੬੩॥**

ਤੂੰ ਉਸ ਮਹਾਨ ਨੂਰ ਦੀ ਇਕ ਕਿਰਨ ਹੈ, ਸਿਰ ਤੋਂ ਪੈਰਾਂ ਤਕ ਨੂਰ ਹੋ ਜਾ। ਚਿੰਤਾ ਨੂੰ ਛੱਡ ਦੇ ਅਤੇ ਸਦਾ ਲਈ ਸਰੂਰ ਵਿਚ ਰਹੁ।

**ਤਾ ਬਕੈ ਦਰ ਬੰਦਿ ਗ਼ਮ ਬਾਸ਼ੀ ਮਦਾਮ**
**ਬਿਗੁਜ਼ਰ ਅਜ਼ ਗ਼ਮ ਯਾਦਿ ਹੱਕ ਕੁਨ**
**ਵ=ਸਲਾਮ॥੬੪॥**

ਕਦ ਤਕ ਤੂੰ ਗ਼ਮ ਦੀ ਸਦੀਵੀ ਕੈਦ ਵਿਚ ਪਿਆ ਰਹੇਂਗਾ? ਗ਼ਮ ਨੂੰ ਛੱਡ, ਰੱਬ ਦੀ ਯਾਦ ਕਰ ਅਤੇ ਸਦਾ ਸਲਾਮਤ ਰਹੁ।

**ਗ਼ਮ ਚਿਹ ਬਾਸ਼ਦ ਗ਼ਫਲਤ ਅਜ਼ ਯਾਦਿ ਖ਼ੁਦਾ**
**ਚੀਸਤ ਸ਼ਾਦੀ ਯਾਦਿ ਆਂ ਬੇ-ਮਿਨਤਹਾ॥੬੫॥**

ਗ਼ਮ ਕੀ ਹੈ? ਉਸ ਰੱਬ ਦੀ ਯਾਦ ਤੋਂ ਗ਼ਫ਼ਲਤ, ਖੁਸ਼ੀ ਕੀ ਹੈ, ਉਸ ਅਪਰਮ ਅਪਾਰ ਦੀ ਯਾਦ।

**ਮਾਅਨੀਇ ਬੇ-ਮਿਤਹਾ ਦਾਨੀ ਕੀ ਚੀਸਤ**
**ਆਂ ਕਿ ਊ ਨਾਇਦ ਬਕੈਦਿ ਮਰਗੋ ਜ਼ੀਸਤ॥੬੬॥**

ਜਾਣਦਾ ਹੈ ਕਿ ਉਸ ਅਪਰਮ ਅਪਾਰ ਦੇ ਕੀ

ਅਰਥ ਹਨ? ਅਪਰਮ ਅਪਾਰ ਉਹ ਹੈ, ਜਿਹੜਾ ਜਨਮ ਮਰਨ ਵਿਚ ਨਹੀਂ ਆਉਂਦਾ।

**ਦਰ ਸਰਿ ਹਰ ਮਰਦੋ ਜ਼ਨ ਸੋਦਾਇ ਊ-ਸਤ**
**ਦਰ ਦੋ ਆਲਮ ਸ਼ੋਰਸੇ=ਗ਼ੋਗਾਇ ਊ-ਸਤ॥੬੭॥**

ਹਰ ਪੁਰਸ਼ ਅਤੇ ਇਸਤ੍ਰੀ ਨੂੰ ਉਸੇ ਦੀ ਹੀ ਧੁਨ ਸਮਾਈ ਹੋਈ ਹੈ। ਦੋਹਾਂ ਜਹਾਨਾਂ ਵਿਚ ਇਹ ਸਭ ਉਸੇ ਦਾ ਹੀ ਰੌਲਾ ਰੱਪਾ ਹੈ।

**ਮੰਜ਼ਲਿ ਊ ਬਰ ਜ਼ੁਬਾਨਿ ਔਲੀਆ-ਸਤ**
**ਰੂਜ਼ੇ ਸ਼ਬ ਕਾਂਦਰ ਦਿਲਸ਼ ਯਾਦਿ ਖ਼ੁਦਾ-ਸਤ॥੬੮॥**

ਵਲੀਆਂ (ਸੰਤਾਂ) ਦੀ ਰਸਨਾ ਉਤੇ ਉਸ ਦਾ ਟਿਕਾਣਾ ਹੈ, ਜਾਂ ਉਸ ਜੀਵ ਦੇ ਹਿਰਦੇ ਅੰਦਰ, ਜਿੱਥੇ ਦਿਨ ਰਾਤ ਉਸ ਦੀ ਯਾਦ ਰਹਿੰਦੀ ਹੈ।

**ਚਸ਼ਮਿ ਊ ਬਰ ਗ਼ੈਰ ਹਰਗਿਜ਼ ਵਾ ਨ-ਸ਼ੁਦ**
**ਕਤਰਾਇ ਊ ਜੁਜ਼ ਸੂਇ ਦਰਿਆ ਨ-ਸ਼ੁਦ॥੬੯॥**

ਉਸ (ਰੱਬ ਨੂੰ ਯਾਦ ਕਰਨ ਵਾਲੇ) ਦੀ ਅੱਖ ਗ਼ੈਰ ਉਪਰ ਖੁਲ੍ਹਦੀ ਹੀ ਨਹੀਂ, ਉਸ ਦਾ ਕਤਰਾ ਬਿਨਾਂ ਸਾਗਰ ਦੀ ਦਿਸ਼ਾ ਦੇ ਹੋਰ ਕਿਸੇ ਪਾਸੇ ਰੁੜ੍ਹਦਾ ਹੀ ਨਹੀਂ।

**ਬੰਦਾਇ ਊ ਸਾਹਿਬ ਹਰ ਦੋ ਸਰਾ**
**ਕੂ ਨ ਬੀਨਦ ਗ਼ੈਰ ਨਕਸ਼ਿ ਕਿਬਰੀਆ॥੭੦॥**

ਰੱਬ ਦਾ ਬੰਦਾ ਦੋਹਾਂ ਜਹਾਨਾਂ ਦਾ ਮਾਲਿਕ ਹੈ, ਕਿਉਂ ਜੋ ਉਹ ਰੱਬ ਦੇ ਉਸ ਮਹਾਨ ਸੱਚ ਸਰੂਪ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ।

**ਈਂ ਜਹਾਨੋ ਆਂ ਜਹਾਂ ਫ਼ਾਨੀ ਬਵਦ**
**ਗ਼ੈਰਿ ਯਾਦਸ਼ ਜੁਮਲਾ ਨਾਦਾਨੀ ਬਵਦ॥੭੧॥**

ਇਹ ਲੋਕ ਅਤੇ ਪਰਲੋਕ ਦੋਵੇਂ ਨਾਸ਼ਵਾਨ ਹਨ, ਉਸ ਦੀ ਯਾਦ ਤੋਂ ਛੁਟ ਬਾਕੀ ਸਭ ਕੁਝ ਬੇਸਮਝੀ ਹੈ।

**ਯਾਦ ਕੁਨ ਹਾਂ ਤਾਂ ਤਵਾਨੀ ਯਾਦ ਕੁਨ**
**ਖ਼ਾਨਾ ਰਾ ਅਜ਼ ਗ਼ਾਦਿ ਹੱਕ ਆਬਾਦ ਕੁਨ॥੭੨॥**

ਉਸ ਦੀ ਯਾਦ ਕਰ; ਜਿਥੋਂ ਤਕ ਤੇਰੇ ਪਾਸੋਂ ਹੋ ਸਕੇ ਉਸ ਨੂੰ ਯਾਦ ਰੱਖ। ਆਪਣੇ (ਹਿਰਦੇ ਰੂਪੀ) ਘਰ ਨੂੰ ਰੱਬ ਦੀ ਯਾਦ ਨਾਲ ਆਬਾਦ ਕਰ।

**ਈਂ ਦਿਲਿ ਤੂ ਖ਼ਾਨਾਇ ਹੱਕ ਬੂਦਾ ਅਸਤ**
**ਮਨ ਕਿਹ ਗੋਇਮ ਹੱਕ ਚੁਨੀਂ ਫ਼ਰਮੂਦਾ**
**ਅਸਤ॥੭੩॥**

ਤੇਰਾ ਇਹ ਹਿਰਦਾ ਰੱਬ ਦਾ ਹੀ ਘਰ ਹੈ, ਮੈਂ ਕੀ ਆਖਾਂ, ਰੱਬ ਨੇ ਹੀ ਇਉਂ ਕਿਹਾ ਹੈ।

**ਸ਼ਾਹ ਬਾ ਤੂ ਹਮਨਸ਼ੀਨੋ ਹਮ ਜ਼ੁਬਾਂ**
**ਤੂ ਬ=ਸੂਇ ਹਰ ਕਸੋ ਨਾਕਸ ਦਵਾਂ॥**

ਤੇਰਾ ਸਾਥੀ ਅਤੇ ਤੇਰੀ ਹਾਂ ਨਾਲ ਹਾਂ ਮਿਲਾਣ ਵਾਲਾ ਤਾਂ ਬਾਦਸ਼ਾਹ ਹੈ, ਪਰ ਤੂੰ ਤਾਂ ਹਰ ਮੰਦੇ ਚੰਗੇ ਮਗਰ ਸਵਾਰਥ ਲਈ ਨੱਸਦਾ ਫਿਰਦਾ ਹੈਂ।

**ਵਾਇ ਤੂ ਬਰ ਜਾਨਿ ਤੂ ਅਹਿਵਾਲਿ ਤੂ**
**ਵਾਇ ਬਰ ਈਂ ਗ਼ਫ਼ਲਤੋ ਅਫ਼ਆਲਿ ਤੂ॥**

ਅਫ਼ਸੋਸ ਤੇਰੇ ਉਤੇ, ਤੇਰੀ ਜਾਨ ਉਤੇ ਅਤੇ ਤੇਰੇ ਹਾਲ ਉਤੇ। ਅਫ਼ਸੋਸ ਹੈ ਤੇਰੀ ਇਸ ਅਣਗਹਿਲੀ ਉਤੇ ਅਤੇ ਤੇਰੀ ਚਾਲ ਉਤੇ।

**ਹਰ ਕਸੇ ਕੂ ਤਾਲਿਬਿ ਦੀਦਾਰ ਸ਼ੁਦ**
**ਪੇਸ਼ਿ ਚਸ਼ਮਸ਼ ਜੁਮਲਾ ਨਕਸ਼ਿ ਯਾਰ ਸ਼ੁਦ॥**

ਜਿਹੜਾ ਵੀ ਉਸ ਦੇ ਦੀਦਾਰ ਦਾ ਤਾਲਬ ਹੋ ਗਿਆ, ਉਸ ਦੀਆਂ ਨਜ਼ਰਾਂ ਵਿਚ ਸਭ ਕੁਝ ਉਸੇ ਦਾ ਸਰੂਪ ਹੋ ਗਿਆ।

**ਦਰਮਿਆਨਿ ਨਕਸ਼ ਨੱਕਾਸ਼ ਅਸਤੋ ਬਸ**
**ਈਂ ਸ਼ਗੁਨ ਰਾ ਦਰ ਨਯਾਬਦ ਬੂਅਲ-ਹਵਸ॥**

ਹਰ ਚਿਤ੍ਰ ਵਿਚ ਉਹ ਚਿਤ੍ਰਕਾਰ ਹੀ ਝਲਕਦਾ ਹੈ, ਪਰੰਤੂ ਇਸ ਭੇਤ ਨੂੰ ਮਨਮੁਖ ਨਹੀਂ ਜਾਣ ਸਕਦਾ।

**ਗਰ ਤੂ ਮੀਖ਼ਾਨੀ ਜ਼ਿ ਇਸ਼ਕਿ ਹੱਕ ਸਬਕ**
**ਯਾਦਿ ਹੱਕ ਕੁਨ ਯਾਦਿ ਹੱਕ ਕੁਨ ਯਾਦਿ ਹੱਕ॥**

ਜੇਕਰ ਤੂੰ ਰੱਬ ਦੇ ਪ੍ਰੇਮ ਦਾ ਸਬਕ ਪੜ੍ਹਨਾ ਹੈ ਤਾਂ ਰੱਬ ਦੀ ਯਾਦ ਕਰ, ਤੂੰ ਬਸ ਰੱਬ ਦੀ ਯਾਦ ਕਰ।

**ਐ ਬਰਾਦਰ ਯਾਦਿ ਹੱਕ ਦਾਨੀ ਕਿ ਚੀਸਤ**
**ਅੰਦਰੂਨਿ ਜੁਮਲਾ ਦਿਲਹਾਇ ਜਾਇ ਕੀਸਤ॥**

ਹੇ ਭਾਈ! ਕੀ ਤੈਨੂੰ ਪਤਾ ਹੈ ਰੱਬ ਦੀ ਯਾਦ ਕੀ ਹੁੰਦੀ ਹੈ ਅਤੇ ਇਨ੍ਹਾਂ ਸਾਰੇ ਦਿਲਾਂ ਅੰਦਰ ਕੌਣ ਵਸਦਾ ਹੈ?

**ਚੂੰ ਦਰੂਨਿ ਜੁਮਲਾ ਦਿਲਹਾ ਸਾਇ ਊ-ਸਤ**
**ਖ਼ਾਨਾਇ ਦਿਲ ਮੰਜ਼ਲੋ ਮਾਵਾਇ ਊ-ਸਤ॥**

ਜਦ ਸਭਨਾਂ ਦਿਲਾਂ ਵਿਚ ਉਹ ਹੀ ਵਸਦਾ ਹੈ, ਦਿਲ ਦਾ ਘਰ ਉਸ ਦਾ ਟਿਕਾਣਾ ਅਤੇ ਪਨਾਹ ਹੈ।

**ਚੂੰ ਬਿਦਾਨਿਸਤੀ ਕਿ ਦਰ ਦਿਲਹਾ ਖ਼ੁਦਾ-ਸਤ**
**ਪਸ ਤੁਰਾ ਆਦਾਬਿ ਹਰ ਦਿਲ ਮੁਦਆ-ਸਤ॥**

ਜਦ ਤੈਨੂੰ ਪਤਾ ਲੱਗ ਗਿਆ, ਕਿ ਸਾਰੇ ਦਿਲਾਂ ਵਿਚ ਰੱਬ ਵਸਦਾ ਹੈ, ਤਾਂ ਤੇ ਹਰ ਦਿਲ ਦੀ ਇੱਜ਼ਤ ਕਰਨਾ ਤੇਰਾ ਮਨੋਰਥ ਹੋਣਾ ਚਾਹੀਦਾ ਹੈ।

*'ਚਲਦਾ.............।'*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-55)*

**ਸਿਰੀਰਾਗੁ ਮਹਲਾ ੪**
**ਹਉ ਪੰਥੁ ਦਸਾਈ ਨਿਤ ਖੜੀ**
**ਕੋਈ ਪ੍ਰਭੁ ਦਸੇ ਤਿਨਿ ਜਾਉ॥**

ਜਗਿਆਸੂ ਰੂਪ ਹੋ ਕੇ ਬੇਨਤੀ ਕਰਦੇ ਹਨ ਕਿ ਹਉ=ਮੈਂ (ਜਗਿਅਸੂ ਰੂਪ ਇਸਤ੍ਰੀ) ਨਿੱਤ ਹੀ ਖੜ੍ਹੀ ਭਾਵ ਬਿਰਤੀ ਟਿਕਾ ਕੇ ਸਾਵਧਾਨੀ ਪੂਰਵਕ ਪੰਥੁ=ਰਸਤਾ ਦਸਾਈ=ਪੁੱਛਦੀ ਹਾਂ। ਜੇ ਕੋਈ ਪ੍ਰਭੂ ਪਿਆਰੇ ਦਾ ਪਤਾ ਦੱਸੇ, ਮੈਂ ਤਿਨਿ= ਉਨ੍ਹਾਂ ਪਾਸ ਜਾਉ=ਜਾਣਾ ਕਰਾਂ। ਜੇਕਰ ਕੋਈ ਪ੍ਰਭੂ ਬਾਰੇ ਦੱਸੇ ਤਾਂ ਉਸ ਮਾਰਗ 'ਤੇ ਚੱਲ ਕੇ ਜਾਵਾਂ। ਪਰ ਐਸੇ ਰੱਬ ਦੇ ਪਿਆਰੇ ਸੰਤ ਜਨ ਵਿਰਲੇ ਹੀ ਹੁੰਦੇ ਹਨ।

**ਜਿਨੀ ਮੇਰਾ ਪਿਆਰਾ ਰਾਵਿਆ**
**ਤਿਨ ਪੀਛੈ ਲਾਗਿ ਫਿਰਾਉ॥**

ਹੇ ਭਾਈ! ਜਿਨੀ=ਜਿਨ੍ਹਾਂ ਨੇ ਮੇਰੇ ਪਿਆਰੇ ਵਾਹਿਗੁਰੂ ਦੇ ਅਨੰਦ ਨੂੰ ਰਾਵਿਆ=ਮਾਣਿਆ ਹੈ, ਭਾਵ ਉਸ ਦੇ ਅਨੰਦ ਨੂੰ ਮਾਨਣਾ ਕੀਤਾ ਹੈ। ਤਿਨ=ਉਨ੍ਹਾਂ ਸੰਤ ਜਨਾਂ ਦੇ ਪਿਛੇ ਲੱਗੇ ਫਿਰੀਏ ਭਾਵ ਉਨ੍ਹਾਂ ਦੇ ਦਸੇ ਰਾਹ 'ਤੇ ਚੱਲਣਾ ਕਰੀਏ।

**ਕਰਿ ਮਿੰਨਤਿ ਕਰਿ ਜੋਦੜੀ**
**ਮੈ ਪ੍ਰਭੁ ਮਿਲਣੈ ਕਾ ਚਾਉ॥੧॥**

ਉਨ੍ਹਾਂ ਪਾਸ ਮਿੰਨਤਾਂ (ਤਰਲੇ) ਕਰੀਏ ਤੇ ਜੋਦੜੀ=ਮਿਹਨਤ ਭਾਵ ਸੇਵਾ ਕਰੀਏ ਅਰਥਾਤ ਫਰੀਦ ਜੀ ਵਾਂਗ ਕੜੀ ਸਾਧਨਾ ਕਰੀਏ। (ਜੋਦੜੀ ਨਾਮ ਮਿੰਨਤ ਦਾ ਹੈ। ਇਥੇ ਮਿੰਨਤ ਤੋਂ ਭਾਵ ਨਾਮ ਦੀ ਕਮਾਈ ਤੇ ਗੁਰੂ ਸੇਵਾ ਤੋਂ ਹੈ।) ਫਿਰ ਉਨ੍ਹਾਂ ਦੀ ਪ੍ਰਸੰਨਤਾ ਪਾ ਕੇ ਬੇਨਤੀ ਕਰੀਏ ਕਿ ਮੈਨੂੰ ਵੀ ਉਸ ਪ੍ਰਭੂ ਨਾਲ ਮਿਲਣੇ ਕਾ=ਦਾ ਚਾਉ=ਉਤਸ਼ਾਹ ਹੈ।

**ਮੇਰੇ ਭਾਈ ਜਨਾ ਕੋਈ ਮੋ ਕਉ**
**ਹਰਿ ਪ੍ਰਭੁ ਮੇਲਿ ਮਿਲਾਇ॥**

ਹੇ ਮੇਰੇ ਭਾਈ ਜਨੋਂ! ਅਰਥਾਤ ਭਗਤ ਜਨੋਂ! ਕੋਈ ਮੋ ਕਉ=ਮੈਨੂੰ ਵੀ ਹਰੀ ਪ੍ਰਭੂ ਨਾਲ ਮਿਲਾ ਦੇਵੋ ਜੋ ਆਪ ਮਿਲਿਆ ਹੋਇਆ ਹੈ, ਭਾਵ ਇਥੇ ਗੁਰਮੁਖਾਂ ਜਾ ਸੰਤ, ਸਿੱਖਾਂ ਨੂੰ ਪਿਆਰ ਪੂਰਬਕ 'ਭਾਈ' ਸ਼ਬਦ ਨਾਲ ਸੰਬੋਧਨ ਕੀਤਾ ਹੈ ਭਾਵ ਸਭਨਾਂ ਨੂੰ ਏਕਤਾ ਬਖਸ਼ਿਸ਼ ਕਰਦੇ ਹਨ।

**ਹਉ ਸਤਿਗੁਰ ਵਿਟਹੁ ਵਾਰਿਆ**
**ਜਿਨਿ ਹਰਿ ਪ੍ਰਭੁ ਦੀਆ ਦਿਖਾਇ॥੧॥ਰਹਾਉ॥**

ਅੱਗੋਂ ਉਹ ਸੰਤ ਜਨ ਵਾ: ਰੱਬ ਦੇ ਪਿਆਰੇ ਗੁਰਮੁਖ ਜਨ ਦਸਦੇ ਹਨ ਕਿ ਸਾਨੂੰ ਤਾਂ ਸਤਿਗੁਰਾਂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੋਇਆ ਹੈ। ਇਸ ਲਈ ਹਉ=ਅਸੀਂ ਆਪਣੇ ਸਤਿਗੁਰ ਵਿਟਹੁ=ਉਪਰੋਂ ਵਾਰਿਆ=ਬਲਿਹਾਰਨੇ ਜਾਂਦੇ ਹਾਂ, ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਹਿਰਦੇ ਵਿਚੋਂ ਪ੍ਰਗਟ ਕਰਕੇ ਦਿਖਾ ਦਿਤਾ ਹੈ ਵਾ: ਵਾਹਿਗੁਰੂ ਦਾ ਸਰੂਪ ਬੁੱਧੀ ਰੂਪੀ ਤਲੀ 'ਤੇ ਪ੍ਰਗਟ ਕਰਕੇ ਦਿਖਾ ਦਿਤਾ ਹੈ। ਜਿਵੇਂ ਕਿਸੇ ਚੀਜ਼ ਨੂੰ ਕੱਢ ਕੇ ਤਲੀ 'ਤੇ ਦਿਖਾ ਦੇਈਏ।

**ਹੋਇ ਨਿਮਾਣੀ ਢਹਿ ਪਵਾ**
**ਪੂਰੇ ਸਤਿਗੁਰ ਪਾਸਿ॥**

ਹੇ ਭਾਈ! ਮੈਂ ਤਾਂ ਆਪਣੇ ਜਪ, ਤਪ, ਹਠ ਆਦਿ ਸਾਧਨਾ ਤੇ ਮਿਹਨਤ ਦਾ ਮਾਣ ਤਿਆਗ ਕੇ ਹੋਇ ਨਿਮਾਣੀ=ਮਾਣ ਰਹਿਤ ਹੋ ਕੇ ਉਨ੍ਹਾਂ ਪਾਸਿ ਕੋਲ ਚਰਨਾਂ 'ਤੇ ਜਾ ਕੇ ਢਹਿ ਪਵਾ=ਡਿੱਗ ਪਵਾਂ, ਜੋ ਪੂਰੇ ਸਤਿਗੁਰੂ ਬ੍ਰਹਮ ਨੇਸਟੀ ਤੇ ਬ੍ਰਹਮ ਸ੍ਰੋਤਰੀ ਹਨ।

**ਨਿਮਾਣਿਆ ਗੁਰੁ ਮਾਣੁ ਹੈ**
**ਗੁਰੁ ਸਤਿਗੁਰੁ ਕਰੇ ਸਾਬਾਸਿ॥**

ਕਿਉਂਕਿ ਸੱਚੇ ਸਤਿਗੁਰੂ ਤਾਂ ਨਿਮਾਣਿਆ=ਮਾਣ ਰਹਿਤ ਵਾਲਿਆਂ ਦੇ ਮਾਣ ਹਨ ਵਾ: ਜਿਨ੍ਹਾਂ ਨੂੰ ਕੋਈ ਮਾਣ ਨਹੀਂ ਦਿੰਦਾ, ਉਨ੍ਹਾਂ ਗਰੀਬ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲੇ ਹਨ ਵਾ: ਮਾਣ ਰਹਿਤ ਗੁਰਮੁਖ ਰੂਪੀ ਨਿਮਾਣਿਆ ਨੂੰ ਬ੍ਰਹਮ ਗਿਆਨ ਦੀ ਦਾਤ ਬਖਸ਼ਿਸ਼ ਕਰ ਕੇ ਲੋਕ ਪ੍ਰਲੋਕ 'ਚ ਮਾਣ ਬਖਸ਼ਦੇ ਹਨ।

**ਹਉ ਗੁਰ ਸਾਲਾਹਿ ਨ ਰਜਊ**
**ਮੈ ਮੇਲੇ ਹਰਿ ਪ੍ਰਭੁ ਪਾਸਿ॥੨॥**

ਹਉ=ਮੈਂ ਐਸੇ ਗੁਰ=ਸਤਿਗੁਰਾਂ ਦੀ ਸਲਾਹਨਾ ਕਰਦਾ ਰਜਊ=ਤ੍ਰਿਪਤ ਨਹੀਂ ਹੁੰਦਾ। ਗੁਰਾਂ ਦੀ ਸਿਫਤ ਸਲਾਹਨਾ ਕਰਦੇ ਹੀ ਰਹੀਏ, ਕਿਉਂਕਿ ਸਤਿਗੁਰੂ ਜੀ ਮੈ=ਮੈਨੂੰ ਹਰੀ ਪ੍ਰਭੂ ਪਾਸ ਮੇਲਣ ਵਾਲੇ ਹਨ।

**ਸਤਿਗੁਰ ਨੋ ਸਭ ਕੋ ਲੋਚਦਾ**
**ਜੇਤਾ ਜਗਤੁ ਸਭੁ ਕੋਇ॥**

ਹੇ ਭਾਈ! ਸਤਿਗੁਰਾਂ ਨੂੰ ਤੂੰ ਤਾਂ ਸਭ ਕੋ=ਕੋਈ ਹੀ ਲੋਚਦਾ=ਚਾਹੁੰਦਾ ਹੈਂ, ਕਿਉਂਕਿ ਜੇਤਾ=ਜਿਤਨਾ ਵੀ ਇਹ ਜਗਤ (ਜ+ਗਤ) ਜ=ਪੈਦਾ ਹੋਇਆ ਹੈ ਤੇ ਗਤ=ਨਾਸ਼ ਹੋਣ ਵਾਲਾ ਸੰਸਾਰ ਹੈ, ਸਿ ਵਿਚ ਸਭ ਕੋਇ=ਹਰ ਕੋਈ ਜੀਵ ਸਤਿਗੁਰੂ ਦੀ ਪ੍ਰਾਪਤੀ ਨੂੰ ਲੋਚਦਾ ਹੈ।

**ਬਿਨੁ ਭਾਗਾ ਦਰਸਨੁ ਨ ਥੀਐ**
**ਭਾਗਹੀਣ ਬਹਿ ਰੋਇ॥**

*(ਬਾਕੀ ਪੰਨਾ 56 'ਤੇ)*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-55)*

### ਤਿੰਨ ਆਤਮ ਭਾਵ

ਮਨੁੱਖ ਦੇ ਤਿੰਨ ਆਤਮ ਭਾਵ ਹਨ, ਤਿੰਨ ਸਵੈ ਭਾਵ, ਆਪਾ ਹੈ ਇਕ, ਉਹ ਨਾਸ਼ਵਾਨ ਹੈ, ਇਕ ਅਧੂਰਾ ਨਾਸ਼ਵਾਨ, ਇਕ ਅਟੱਲ, ਅਜਰ, ਅਮਰ। ਵਾਸਤਵ ਵਿਚ ਸਾਨੂੰ ਇਹਨਾਂ ਤਿੰਨਾਂ ਆਤਮਭਾਵਾਂ ਨੂੰ ਸਮਝਣਾ ਚਾਹੀਦਾ ਹੈ, ਧਿਆਨ ਦੇਣਾ ਚਾਹੀਦਾ ਹੈ, ਜੀਵਨ ਦੇ ਸਾਰੇ ਪੱਖ, ਸਾਰੀਆਂ ਘਟਨਾਵਾਂ ਨੂੰ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਅਸੀਂ ਸਦੀਵੀ ਖੁਸ਼ੀ ਪ੍ਰਾਪਤ ਕਰ ਸਕੀਏ। ਨਾਸ਼ਵਾਨ ਪੱਧਰ ਉਹ ਹੈ ਜਿਹੜਾ ਹਰ ਸਮੇਂ ਬਦਲਦਾ ਰਹਿੰਦਾ ਹੈ। ਇਹ ਸਾਡਾ ਸਰੀਰ ਹੈ। ਹੋਰ ਸਭ ਕੁਝ ਜੋ ਸਰੀਰ ਤੋਂ ਬਾਹਰ ਹੈ। ਇਸ ਸੰਸਾਰ ਵਿਚ, ਕੁਝ ਵੀ ਐਸਾ ਨਹੀਂ ਹੈ ਜਿਹੜਾ ਬਦਲਦਾ ਨਹੀਂ, ਜਿਹੜਾ ਨਾਸ਼ਵਾਨ ਨਹੀਂ। ਸਭ ਕੁਝ ਬਦਲਦਾ ਹੈ, ਨਾਸ਼ਵਾਨ ਹੈ। ਲੋਕ ਇਸ ਧਰਤੀ ਤੇ ਸਦੀਵੀ ਖੁਸ਼ੀ ਲੱਭਦੇ ਹਨ, ਜਿਹੜੀ ਉਨ੍ਹਾਂ ਨੂੰ ਲੱਭਦੀ ਨਹੀਂ। ਕਿਉਂਕਿ ਇਹ ਸੰਸਾਰ ਨਾਸ਼ਵਾਨ ਹੈ, ਇਸ ਕਰਕੇ ਇਹ ਸਦੈਵੀ ਖੁਸ਼ੀ ਅਨੰਦ ਦੇ ਹੀ ਨਹੀਂ ਸਕਦੀ। ਸਰੀਰ ਬਦਲਦਾ ਹੈ - ਬਚਪਨ, ਜੁਆਨੀ ਬੁਢਾਪਾ, ਮੌਤ। ਇਹ ਸਾਗਰ ਵਿਚ ਬੂੰਦ ਦੀ ਤਰ੍ਹਾਂ ਹੈ। ਸਰੀਰ ਖਤਮ ਹੁੰਦਿਆਂ ਹੀ ਚੇਤਨ ਮਨ ਕੰਮ ਕਰਨਾ ਬੰਦ ਕਰ ਦਿੰਦਾ ਹੈ। ਜੀਵਨ ਦੇ ਦੋ ਪਹਿਰੇਦਾਰ ਭਾਵ ਸੁਆਸ ਅੰਦਰ ਜਾਣੇ ਬਾਹਰ ਆਉਣੇ ਬੰਦ ਹੋ ਜਾਂਦੇ ਹਨ। ਜੀਵਨ ਖਤਮ ਹੋ ਜਾਂਦਾ ਹੈ, ਸਰੀਰ ਤੇ ਮਨ ਖਤਮ ਹੋ ਜਾਂਦੇ ਹਨ। ਸੋ ਅਸੀਂ ਕਹਿ ਸਕਦੇ ਹਾਂ, ਮਨ, ਸੁਆਸ ਤੇ ਸਰੀਰ ਇਹ ਸਾਡੇ ਨਾਸ਼ਵਾਨ ਭਾਗ ਹਨ।

ਸਾਡਾ ਅਚੇਤ ਮਨ ਇਕ ਵਾਹਨ ਦੀ ਤਰ੍ਹਾਂ ਹੈ, ਉਹ ਵਾਹਨ ਅਸੀਂ ਚਲਾ ਰਹੇ ਹਾਂ। ਸਾਡੇ ਹਰ ਇਕ ਕੋਲ ਆਪਣਾ-ਆਪਣਾ ਵਾਹਨ ਹੈ ਜਿਹੜਾ ਅਸੀਂ ਚਲਾ ਰਹੇ ਹਾਂ। ਜਦੋਂ ਸਾਡੇ ਅੰਦਰ ਐਨੀ ਸ਼ਕਤੀ ਆ ਜਾਂਦੀ ਹੈ ਕਿ ਅਸੀਂ ਆਪਣੇ ਆਪ ਨੂੰ ਅਚੇਤ ਮਨ ਤੋਂ ਛੁਟ ਜਾਈਏ ਤਾਂ ਅਸੀਂ ਬ੍ਰਹਿਮੰਡ ਵਿਚ ਜਾ ਮਿਲਦੇ ਹਾਂ। ਜਦੋਂ ਹੀ ਅਸੀਂ ਵਾਹਨ ਤੋਂ ਸੁਤੰਤਰ ਹੋ ਜਾਂਦੇ ਹਾਂ, ਅਸੀਂ ਹਮੇਸ਼ਾ ਲਈ ਸੁਤੰਤਰ ਹੋ ਜਾਂਦੇ ਹਾਂ। ਅਸੀਂ ਸਾਰੇ ਹੀ

ਹਮੇਸ਼ਾ ਲਈ ਸੁਤੰਤਰ ਹੋ ਜਾਂਦੇ ਹਾਂ। ਅਸੀਂ ਸਾਰੇ ਹੀ ਵੱਖ-ਵੱਖ ਵਿਅਕਤੀ ਹਾਂ, ਅਸੀਂ ਸਾਰੇ ਹੀ ਵੱਖ-ਵੱਖ ਵਾਹਨ ਚਲਾ ਰਹੇ ਹਾਂ, ਸਭ ਦਾ ਆਪਣਾ-ਆਪਣਾ ਵਾਹਨ ਹੈ, ਅਸੀਂ ਸਾਰੇ ਹੀ ਇਕ ਦੂਸਰੇ ਤੋਂ ਵੱਖ ਹਾਂ, ਫਰਕ ਰਖਦੇ ਹਾਂ। ਇਹ ਭਿੰਨਤਾ ਹੀ ਸਾਡੀ ਵਖਰੀ ਸਖਸ਼ੀਅਤ ਬਣਾਉਂਦਾ ਹੈ। ਜਦੋਂ ਲੋਕ ਮਰਦੇ ਹਨ, ਉਹ ਆਪਣੇ ਆਪ, ਆਪਣੀ ਸੋਚ ਵਿਚ ਐਨੇ ਜਕੜੇ ਰਹਿੰਦੇ ਹਨ, ਮੈਂ ਇਹ ਕੀਤਾ, ਮੈਂ ਉਹ ਕੀਤਾ, ਮੈਂ ਇਹ ਨਹੀਂ ਕੀਤਾ, ਮੈਂ ਉਹ ਨਹੀਂ ਕੀਤਾ, ਉਹ ਆਪਣੇ ਅਚੇਤ ਮਨ ਵਿਚ ਹੀ ਫਸੇ ਰਹਿੰਦੇ ਹਨ। ਇਹ ਅਧੂਰਾ ਨਾਸ਼ਵਾਨ ਆਪਾ ਹੈ। ਸਰੀਰ, ਸੁਆਸ ਤੇ ਚੇਤਨ ਮਨ, ਇਹ ਬਦਲਦੇ ਹਨ, ਮਰਦੇ ਹਨ, ਪਰ ਆਤਮਾ ਅਮਰ ਹੈ। ਸੋ ਸਮੱਸਿਆ ਕੀ ਹੈ? ਕਿਥੇ ਹੈ? ਸਮੱਸਿਆ ਸਾਰੀ ਮਨ ਦੇ ਅੰਦਰ ਹੈ। ਮਨ ਨੇ ਤੁਹਾਡੇ ਤੇ ਸਤਿ ਦੇ ਵਿਚ ਦੀਵਾਰ ਖੜ੍ਹੀ ਕੀਤੀ ਹੋਈ ਹੈ, ਜਿਹੜੀ ਦੀਵਾਰ ਮਨ ਨੇ ਖੜ੍ਹੀ ਕੀਤੀ ਹੋਈ ਹੈ, ਇਹ ਤੁਸੀਂ ਮੈਡੀਟੇਸ਼ਨ ਕਰਕੇ, ਚਿੰਤਨ ਕਰਕੇ, ਅਰਦਾਸ ਕਰਕੇ, ਆਪਣੇ ਆਪ ਨੂੰ ਸੁਤੰਤਰ ਕਰ ਸਕਦੇ ਹੋ। ਅਮਰ ਆਤਮਾ ਤਕ ਪਹੁੰਚ ਸਕਦੇ ਹੋ। ਵਾਸਤਵ ਵਿਚ ਆਪਾ ਸਾਗਰ ਵਿਚ ਬੂੰਦ ਦੀ ਤਰ੍ਹਾਂ ਹਾਂ, ਜਿਹੜਾ ਵਿਸਤ੍ਰਿਤ ਹੋ ਕੇ, ਸਾਗਰ ਬਣ ਜਾਂਦਾ ਹੈ, ਬ੍ਰਹਿਮੰਡ ਵਿਚ ਮਿਲ ਜਾਂਦਾ ਹੈ। ਸੋ ਗੁਣਆਤਮਕ ਪੱਖੋਂ ਦੇਖੀਏ ਤਾਂ ਤੁਸੀਂ ਤੇ ਪ੍ਰਮਾਤਮਾ ਇਕ ਹੋ ਮਾਤਰਾਤਮਕ ਪੱਖੋਂ ਤੁਸੀਂ ਇਕ ਨਹੀਂ ਹੋ, ਉਹ ਅਵਸਥਾ ਪ੍ਰਾਪਤ ਕਰਨ ਲਈ ਤੁਹਾਨੂੰ ਮਿਹਨਤ ਕਰਨੀ ਪਵੇਗੀ, ਕੋਸ਼ਿਸ਼ ਕਰਨੀ ਪਵੇਗੀ। ਜੋ ਕੁਝ ਵੀ ਲੋਕ ਕਰਦੇ ਹਨ, ਕਰਮਕਾਂਡ ਹੋਰ ਅਭਿਆਸ, ਇਹ ਸਭ ਕੁਝ ਜਾਦੂਗਰ ਮਨ ਨੂੰ ਸਾਧਣ ਲਈ ਹੀ ਹੈ।

### ਅੰਤਰਮੁਖੀ ਹੋਣਾ

ਮਨੁੱਖ ਦਾ ਮਨ ਤਾਂ ਉਲਝਿਆ ਪਿਆ ਹੈ, ਬੌਦਲਿਆ ਹੋਇਆ ਹੈ, ਜੀਵਨ ਦੇ ਪ੍ਰਸ਼ਨਾਂ ਦੇ ਉਤਰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਬਹੁਤ ਸਾਰੇ ਲੋਕ ਪ੍ਰਸ਼ਨਾਂ ਦੇ ਉਤਰ ਬਾਹਰੀ ਸੰਸਾਰ ਵਿਚ ਲੱਭਦੇ ਹਨ, ਬਾਕੀ ਦੇ ਆਪਣੇ ਅੰਦਰ ਢੂੰਡਦੇ ਹਨ। ਜਿਹੜੇ ਅੰਦਰ

ਲੱਭਦੇ ਨੇ, ਉਹ ਦਸਦੇ ਹਨ ਜੋ ਬ੍ਰਹਿਮੰਡ ਵਿਚ ਹੈ ਉਹ ਹੀ ਅੰਦਰ ਹੈ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ- ੬੯੫*

ਜੋ ਅੰਦਰ ਹੈ, ਉਹ ਹੀ ਬ੍ਰਹਿਮੰਡ ਵਿਚ ਹੈ, ਜਿਹੜੇ ਸਮੂੰਹ ਤੋਂ ਵੱਡਾ ਫੇਰ ਉਸ ਤੋਂ ਵੱਡਾ ਹੋਰ ਲੱਭਦੇ ਹਨ, ਉਹ ਆਧੁਨਿਕ ਹਨ, ਪੱਛਮੀ ਦਾਰਸ਼ਨਕ ਹਨ। ਜਿਹੜੇ ਅੰਤਰਮੁਖੀ ਹਨ, ਅੰਤਰ ਖੋਜਦੇ ਹਨ, ਉਹ ਪੂਰਬ ਦੇ ਦਾਰਸ਼ਨਕ ਹਨ। ਇਹ ਪੱਛਮੀ ਤੇ ਪੂਰਬੀ ਧਾਰਨਾਵਾਂ ਦੀ ਕੋਈ ਭੂਗੋਲ ਸੀਮਾ ਨਹੀਂ ਹੈ। ਪੂਰਬੀ ਦਾਰਸ਼ਨਕ ਦਸਦੇ ਹਨ ਜੇਕਰ ਤੁਸੀਂ ਆਪਣੇ ਆਪ ਨੂੰ ਜਾਣ ਜਾਂਦੇ ਹੋ, ਪਹਿਚਾਣ ਜਾਂਦੇ ਹੋ, ਫੇਰ ਤੁਸੀਂ ਸਾਰਾ ਬ੍ਰਹਿਮੰਡ ਜਾਣ ਜਾਂਦੇ ਹੋ। ਤੁਸੀਂ ਸਮਝ ਲੈਂਦੇ ਹੋ ਕਿ ਵਿਅਕਤੀ 'ਚ ਆਪਾ ਹੀ ਸਰਬੱਤ ਦਾ ਆਪਾ ਹੈ। ਇਹ ਸਭ ਤੋਂ ਵੱਡੀ ਖੁਸ਼ੀ ਹੈ। ਸਭ ਤੋਂ ਵੱਡੀ ਆਸ ਹੈ। ਇਕ ਦਾ ਆਪਾ ਸਭ ਦਾ ਆਪਾ ਹੈ, ਜਦੋਂ ਤੁਸੀਂ ਇਹ ਜਾਣ ਲੈਂਦੇ ਹੋ ਫੇਰ ਤੁਸੀਂ ਕਿਸੇ ਨਾਲ ਵੀ ਨਫਰਤ ਨਹੀਂ ਕਰ ਸਕਦੇ ਕਿਉਂਕਿ ਤੁਸੀਂ ਸਮਝ ਜਾਂਦੇ ਹੋ। ਜੇਕਰ ਤੁਸੀਂ ਕਿਸੇ ਨਾਲ ਨਫਰਤ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਨਾਲ ਨਫਰਤ ਕਰ ਰਹੇ ਹੋ। ਜਿਹੜੇ ਦੂਸਰਿਆਂ ਨਾਲ ਨਫਰਤ ਕਰਦੇ ਹਨ, ਉਹ ਆਪਣੇ ਆਪ ਨਾਲ ਨਫਰਤ ਕਰਕੇ ਨਸ਼ਟ ਹੋ ਰਹੇ ਹਨ। ਜਿਹੜੇ ਦੂਸਰਿਆਂ ਤੇ ਟਿਪਣੀ ਕਰਦੇ ਹਨ, ਉਹ ਆਪਣੇ ਆਪ ਦੀ ਟਿਪਣੀ ਕਰ ਰਹੇ ਹਨ। ਉਹ ਅੰਤਰ ਆਤਮਾ ਨੂੰ ਜਾਣਦੇ ਹੀ ਨਹੀਂ, ਉਹ ਆਤਮਾ ਜਿਹੜੀ ਸਭ ਦੀ ਹੈ।

ਜਦੋਂ ਤੁਸੀਂ ਅੰਤਰਮੁਖੀ ਹੁੰਦੇ ਹੋ, ਤੁਸੀਂ ਜਾਣ ਜਾਂਦੇ ਹੋ, ਸਮਝ ਜਾਂਦੇ ਹੋ ਕਿ ਮਨ ਹੀ ਤੁਹਾਡੇ ਤੇ ਸਤਿ ਦੇ ਵਿਚ ਇਕ ਦੀਵਾਰ ਹੈ। ਬਹੁਤ ਸਾਰੇ ਲੋਕ ਜਿਹੜੇ ਮੈਡੀਟੇਸ਼ਨ ਕਰਦੇ ਹਨ, ਸੋਚਦੇ ਹਨ ਕਿ ਉਹ ਮਨ ਨੂੰ ਸੋਚਣ ਤੋਂ ਰੋਕ ਲੈਣਾ ਹੈ, ਪਰ ਇਹ ਨਹੀਂ ਹੋ ਸਕਦਾ। ਬਹੁਤ ਸਾਰੇ, ਬਹੁਤ ਵਾਰੀ ਸੋਚਦੇ ਹਨ ਕਿ ਕਿੰਨਾ ਬੁਰਾ ਵਿਚਾਰ ਆ ਰਿਹਾ ਹੈ। ਮੇਰਾ ਮੈਡੀਟੇਸ਼ਨ ਦਾ ਤਰੀਕਾ ਠੀਕ ਨਹੀਂ। ਮੈਡੀਟੇਸ਼ਨ ਦਾ ਤਰੀਕਾ ਗਲਤ ਨਹੀਂ ਪਰ ਉਹ ਉਸ ਵਿਚਾਰ ਵਿਚ ਪਕੜੇ ਜਾਂਦੇ ਹਨ, ਉਸ ਦੇ ਪ੍ਰਭਾਵ ਥੱਲੇ ਆ ਜਾਂਦੇ ਹਨ। ਉਹਨਾਂ ਦਾ ਮਨ ਸਰੀਰ ਜਕੜਿਆ ਜਾਂਦਾ ਹੈ, ਜਿਸ ਕਰਕੇ ਉਹ ਸਥਿਰ ਨਹੀਂ ਹੋਣ ਦਿੰਦੇ। ਮਨ ਬਹੁਤ ਭਟਕਦਾ ਰਹਿੰਦਾ ਹੈ। ਤੁਹਾਨੂੰ ਸਮਝ ਨਹੀਂ ਆਉਂਦੀ ਕਿ ਤੁਸੀਂ ਆਪਣੇ ਆਪ ਨੂੰ ਕਿਸ ਤਰ੍ਹਾਂ ਸਮੇਟੋ ,ਠੀਕ ਰਖੋ, ਕਿਉਂਕਿ ਕਿਸੇ ਨੇ ਤੁਹਾਡਾ ਮਨ ਸਾਧਣ ਦੀ ਸਹਾਇਤਾ ਹੀ ਨਹੀਂ ਕੀਤੀ।

ਤੁਹਾਡਾ ਮਨ ਸਾਧਨ ਵਿਚ ਕੀ ਸਹਾਈ ਹੋ ਸਕਦਾ ਹੈ? ਬਾਹਰ ਦੀ ਕੋਈ ਚੀਜ਼ ਵੀ ਤੁਹਾਡੀ ਸਹਾਇਤਾ ਨਹੀਂ ਕਰ ਸਕਦੀ। ਯੋਗੀ ਅਰਦਾਸ ਕਰਦੇ ਹਨ, ਹੇ ਪ੍ਰਮਾਤਮਾ ਬੇਨਤੀ ਹੈ ਕਿ ਇਹ ਸੰਸਾਰ ਤੋਂ ਮੈਂ ਦੁਖੀ ਨਾ ਹੋਵਾਂ। ਤੁਹਾਨੂੰ ਆਪਣਾ ਜੀਵਨ ਇਸ ਤਰ੍ਹਾਂ ਸੁਆਰਨਾ ਚਾਹੀਦਾ ਹੈ ਤਾਂ ਜੋ ਬਾਹਰੀ ਸੰਸਾਰ, ਵਸਤੂਆਂ, ਸਬੰਧ ਤੁਹਾਨੂੰ ਅਸ਼ਾਂਤ ਨਾ ਕਰਨ ਕਿਉਂਕਿ ਤੁਸੀਂ ਅੰਤਰਮੁਖੀ ਹੋ ਰਹੇ ਹੋ। ਤੁਹਾਨੂੰ ਇਸ ਗੱਲ ਦਾ ਧਿਆਨ ਰਖਣਾ ਪਵੇਗਾ ਕਿ ਤੁਸੀਂ ਬਾਹਰੀ ਵਾਤਾਵਰਣ ਤੋਂ ਪਰੇਸ਼ਾਨ ਨਾ ਹੋਵੋ। ਸੰਸਾਰ ਇਕ ਹੀ ਗੱਲ ਕਰ ਸਕਦਾ ਹੈ ਜਿਹੜੇ ਮੈਡੀਟੇਸ਼ਨ ਕਰਦੇ ਹਨ, ਜਿਹੜੇ ਅੰਤਰਮੁਖੀ ਹਨ ਉਹਨਾਂ ਨੂੰ ਪਰੇਸ਼ਾਨ ਨਾ ਕਰਨ।

ਜਦੋਂ ਤੁਸੀਂ ਸਾਰੀਆਂ ਔਕੜਾਂ ਹਟਾ ਲੈਂਦੇ ਹੋ, ਜਿਹੜੀਆਂ ਵੀ ਤੁਹਾਡੇ ਰਾਹ ਵਿਚ ਆਉਂਦੀਆਂ ਹਨ ਜਾਂ ਜਿਹੜੀਆਂ ਤੁਸੀਂ ਆਪ ਖੜ੍ਹੀਆਂ ਕੀਤੀਆਂ ਹਨ, ਉਸ ਤੋਂ ਬਾਦ ਹੀ ਤੁਸੀਂ ਜਾਗ੍ਰਿਤ ਹੋ ਸਕਦੇ ਹੋ। ਜਾਗ੍ਰਿਤੀ ਕੋਈ ਐਸੀ ਅਵਸਥਾ ਨਹੀਂ ਜਿਹੜੀ ਤੁਸੀਂ ਪ੍ਰਾਪਤ ਕਰਦੇ ਹੋ, ਜਾਗ੍ਰਿਤੀ ਮਨ ਦੀ ਉਹ ਅਵਸਥਾ ਹੈ ਜਿਹੜੀ ਦੁਖ ਸੰਤਾਪ ਤੋਂ ਸੁਤੰਤਰ ਹੈ। ਮਨੁੱਖਾ ਜੀਵਨ ਨੂੰ ਸਮਝਣ ਲਈ ਉਹਨਾਂ ਦਾ ਸਾਰੇ ਪੱਧਰਾਂ ਦਾ, ਤਰੀਕੇ ਨਾਲ ਵਿਸ਼ਲੇਸ਼ਨ ਕਰਨਾ ਪੈਂਦਾ ਹੈ। ਮਨੁੱਖੀ ਜੀਵਨ ਦੀ ਤੁਲਨਾ ਇਕ ਲੈਂਪ ਨਾਲ ਕੀਤੀ ਜਾ ਸਕਦੀ ਹੈ। ਉਹ ਲੈਂਪ ਜਿਹੜਾ ਕਈ ਚਾਦਰਾਂ ਨਾਲ ਢਕਿਆ ਹੋਇਆ ਹੈ। ਜਿਵੇਂ-ਜਿਵੇਂ ਤੁਸੀਂ ਚਾਦਰਾਂ ਚੁਕਦੇ ਜਾਓਗੇ, ਚਾਨਣਾ ਵਧਦਾ ਜਾਏਗਾ। ਅੰਤ ਵਿਚ ਪੂਰੀ ਰੋਸ਼ਨੀ ਪੂਰਾ ਚਾਨਣਾ ਹੋ ਜਾਵੇਗਾ। ਕੋਈ ਹਨ੍ਹੇਰਾ ਨਹੀਂ ਰਹੇਗਾ। ਤੁਸੀਂ ਪਹਿਲਾਂ ਹੀ ਜਾਗ੍ਰਿਤ ਹੋ ਪਰ ਤੁਹਾਨੂੰ ਪਤਾ ਨਹੀਂ ਕਿਉਂਕਿ ਤੁਸੀਂ ਤਾਂ ਆਪਣੇ ਆਪ ਨੂੰ ਬਾਹਰ ਦੀ ਚਾਦਰ ਨਾਲ ਜੋੜ ਰਹੇ ਹੋ। ਅਭੇਦ ਕਰ ਰਹੇ ਹੋ। ਬਾਹਰੀ ਸੰਸਾਰ ਨਾਲ ਆਪਣੇ ਆਪ ਨੂੰ ਜੋੜ ਰਹੇ ਹੋ। ਇਹ ਇਕ ਕਮਜ਼ੋਰ ਨਾਲ ਮਿਤਰਤਾ ਹੈ। ਸੰਸਾਰ ਨਾਲ ਮਿਤਰਤਾ ਕਮਜ਼ੋਰ ਨਾਲ ਮਿਤਰਤਾ ਹੈ ਜਿਹੜੀ ਕਿ ਖਤਰਨਾਕ ਹੈ ਕਿਉਂਕਿ ਤੁਸੀਂ ਉਹਨਾਂ ਉਤੇ ਨਿਰਭਰ ਹੋ ਜਾਂਦੇ ਹੋ। ਫੇਰ ਉਹਨਾਂ ਕੋਲੋਂ ਆਸ ਰਖਦੇ ਹੋ, ਫੇਰ ਉਹ ਤੁਹਾਨੂੰ 'ਮਾਫ ਕਰਨਾ' ਕਹਿ ਕੇ ਨਿਰਾਸ ਕਰਦੇ ਹਨ। ਜਦੋਂ ਤੁਸੀਂ ਸੰਸਾਰ ਛੱਡੋਗੇ, ਕਮਜ਼ੋਰ ਤੁਹਾਨੂੰ ਛੱਡ ਜਾਣਗੇ। ਉਹ ਤੁਹਾਡੀ ਸਹਾਇਤਾ ਨਹੀਂ ਕਰਨਗੇ। ਉਹ ਸ਼ਕਤੀਸ਼ਾਲੀ ਨਾਲ ਹਨ, ਉਹ ਤੁਹਾਡੀ ਸਹਾਇਤਾ ਨਹੀਂ ਕਰ ਸਕਦੇ। ਉਹ ਕੋਈ ਤੁਹਾਡੇ ਚੰਗੇ ਮਿੱਤਰ ਨਹੀਂ ਹਨ।

*ਚਲਦਾ........।'*

*(ਪੰਨਾ 53 ਦੀ ਬਾਕੀ)*

ਨਿਸ਼ਕਾਮ ਕਰਮਾਂ ਦੇ ਅਭਾਵ ਕਾਰਨ ਭਾਗਾਂ ਤੋਂ ਵਿਹੂਣਿਆਂ ਨੂੰ ਸਤਿਗੁਰਾਂ ਦੇ ਦਰਸ਼ਨ ਪ੍ਰਾਪਤ ਨਹੀਂ ਹੁੰਦੇ। ਉਹ ਭਾਗਾਂ ਤੋਂ ਹੀਣੇ ਬੈਠ ਕੇ ਫਿਰ ਰੋਂਦੇ ਹਨ ਕਿਉਂਕਿ ਉਨ੍ਹਾਂ ਨੇ ਕੋਈ ਭਗਤੀ, ਸੇਵਾ ਜਾਂ ਨਿਸ਼ਕਾਮ ਕਰਮ ਆਦਿ ਨਹੀਂ ਕੀਤੇ ਹੁੰਦੇ।

**ਜੋ ਹਰਿ ਪ੍ਰਭ ਭਾਣਾ ਸੋ ਥੀਆ**
**ਧੁਰਿ ਲਿਖਿਆ ਨ ਮੇਟੈ ਕੋਇ॥**

ਹੇ ਭਾਈ! ਜੋ ਕੁਝ ਹਰੀ ਪ੍ਰਭੂ ਨੂੰ ਭਾਣਾ=ਭਾਇਆ ਹੈ, ਸੋ ਥੀਆ=ਉਹੋ ਹੋਇਆ ਹੈ ਭਾਵ ਇਸ ਵਿਚ ਕਿਸੇ ਨੂੰ ਕੀ ਦੋਸ਼ ਦੇਈਏ। ਪ੍ਰਭੂ ਨੇ ਕਰਮਾਂ ਅਨੁਸਾਰ ਹੀ ਜੀਵਾਂ ਨੂੰ ਫਲ ਭੁਗਤਾਏ ਹਨ। ਜੀਵਾਂ ਦਾ ਲੇਖ ਪ੍ਰਭੂ ਨੇ ਧੁਰੋਂ ਹੀ ਲਿਖਿਆ ਹੈ। ਉਸ ਨੂੰ ਕੋਈ ਵੀ ਮੇਟ ਨਹੀਂ ਸਕਦਾ। ਪਰ ਸਤਿਗੁਰਾਂ ਦੀ ਸ਼ਰਣ 'ਚ ਆਇਆਂ, ਗੁਰੂ ਜੀ ਆਪਣੀ ਰਹਿਮਤ ਕਰਕੇ ਸੁੱਖ ਪ੍ਰਦਾਨ ਕਰਦੇ ਹਨ।

**ਆਪੇ ਸਤਿਗੁਰੁ ਆਪਿ ਹਰਿ**
**ਆਪੇ ਮੇਲਿ ਮਿਲਾਇ॥**

ਉਹ ਪਰਮਾਤਮਾ ਆਪ ਹੀ ਸਤਿਗੁਰੂ ਸਰੂਪ ਹੈ ਤੇ ਆਪ ਹੀ ਹਰਿ=ਪਰਮੇਸ਼ਰ ਸਰੂਪ ਹੈ, ਭਾਵ ਗੁਰੂ ਤੇ ਪ੍ਰਭੂ 'ਚ ਕੋਈ ਭੇਦ ਨਹੀਂ ਹੈ।

**ਆਪਿ ਦਇਆ ਕਰਿ ਮੇਲਸੀ**
**ਗੁਰ ਸਤਿਗੁਰ ਪੀਛੈ ਪਾਇ॥**

ਉਹ ਆਪ ਹੀ ਅੱਗੇ ਨੂੰ ਵੀ ਜੀਵਾਂ ਉਤੇ ਦਇਆ=ਤਰਸ ਕਰਕੇ ਆਪਣੇ ਸਰੂਪ 'ਚ ਮੇਲ ਲਵੇਗਾ, ਭਾਵ ਭੂਤ ਕਾਲ, ਵਰਤਮਾਨ ਕਾਲ ਤੇ ਭਵਿੱਖਤ ਕਾਲ 'ਚ ਜੀਵਾਂ ਨੂੰ ਆਪਣੇ ਸਰੂਪ 'ਚ ਮਿਲਾਉਣ ਵਾਲਾ ਆਪ ਹੀ ਹੈ। ਉਹ ਮੇਲਦਾ ਕਿਵੇਂ ਹੈ? ਉਹ ਜੀਵਾਂ ਨੂੰ ਸਤਿਗੁਰਾਂ ਦੇ ਪਿੱਛੇ ਪਾ ਕੇ ਭਾਵ ਲੜ ਲਗਾ ਕੇ ਮੇਲਦਾ ਹੈ ।

**ਸਭੁ ਜਗਜੀਵਨੁ ਜਗਿ ਆਪਿ ਹੈ**
**ਨਾਨਕ ਜਲੁ ਜਲਹਿ ਸਮਾਇ॥੪॥੪॥੬੮**

ਇਸ ਜਗਿ=ਜਗਤ ਵਿਚ ਸਾਰਿਆਂ ਦਾ ਜਗਜੀਵਨੁ=ਜੀਵਨ ਰੂਪ, ਚੇਤਨ ਰੂਪ ਉਹ ਆਪ ਹੀ ਹੈ, ਭਾਵ ਸਾਰੇ ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ ਉਹ ਆਪ ਪ੍ਰਭੂ ਹੀ ਹੈ। ਉਸ ਦੇ ਬਖਸ਼ੇ ਹੋਏ ਪ੍ਰਾਣਾਂ ਤੇ ਚੇਤਨ ਸਤਾ ਦੁਆਰਾ ਹੀ ਸੰਸਾਰ ਦੇ ਜੀਵ ਜੀਵਤ ਨਜ਼ਰ ਆ ਰਹੇ ਹਨ, ਨਹੀਂ ਤਾਂ ਸ਼ਭ ਜੜ੍ਹ ਰੂਪ ਹੀ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਸਤਿਗੁਰਾਂ ਦੀ ਕ੍ਰਿਪਾ ਦਾ ਸਦਕਾ ਜੀਵ ਉਸ ਪ੍ਰਭੂ ਸਰੂਪ 'ਚ ਇਉਂ ਮਿਲ ਜਾਂਦਾ ਹੈ ਜਿਵੇਂ ਪਾਣੀ ਵਿਚ ਪਾਣੀ ਸਮਾਇ=ਮਿਲ ਜਾਂਦਾ ਹੈ। ਜਿਵੇਂ ਸਮੁੰਦਰ ਦੀ ਅਤੇ ਲਹਿਰ ਦੀ ਅਭੇਦਤਾ ਹੋ ਜਾਂਦੀ ਹੈ, ਇਵੇਂ ਤੱਤ ਪਦ ਤੇ ਤੂੰ ਪਦ ਦੀ ਅਭੇਦਤਾ ਹੋ ਜਾਂਦੀ ਹੈ।

*'ਚਲਦਾ.....।*

# ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਪੂਰਨਮਾਸ਼ੀ - (1, 31 ਅਕਤੂਬਰ, ਦਿਨ ਵੀਰਵਾਰ, ਸ਼ਨਿੱਚਰਵਾਰ-ਰਤਵਾੜਾ ਸਾਹਿਬ)**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**
**ਕਤਿਕਿ - ਸੰਗਰਾਂਦ-17 ਅਕਤੂਬਰ, ਦਿਨ ਸ਼ਨਿੱਚਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900, SWIFT CODE - PUNBINBBMOH**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ**
**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

**Foreign Membership**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ

ਪਤਾAddress.......................................................................................................

.......................................................................................................................

..............................Pin Code........................................Phone......................... E-mail :...............................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ......................ਮਿਤੀ..........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਉ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/- |
| 17. | The Story of Immortality (**ਅਮਰ ਗਾਥਾ**) | 260/- |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/- |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank – **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# The Purpose of Life
# (Discourse 1)

**(The audience given by Sri 108 Sant Ishar Singh Ji of Rara Sahib to the Sangat at Chandigarh.)**

**As on other days, a large congregation took their seats with all love and faith, long before the arrival of the Sant Maharaj and kept looking at their watches. The great Saint came out at the punctual time and graced his seat with his presence. The lovers greeted him with Waheguru Ji Ki Fateh, bent their heads and took their seats. The great Saint cast a loving glance at the whole audience, he smiled and the following words came out of his lotus mouth :**

*This human body has come to thy hand.*
*This is thy chance to meet the Lord of the world.*
*Other works are of no avail to thee.*
*Joining the society of saints, contemplate over the Name alone.*

***ਭਈ ਪਰਾਪਤਿ ਮਾਨੁਖ ਦੇਹੁਰੀਆ।।***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।***
***ਅਵਰਿ ਕਾਜ ਤੇਰੈ ਕਿਤੈ ਨ ਕਾਮ।।***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।*** ***ਅੰਗ*** *- 12*

*Out of eighty four lakh forms of life, the human birth is the best.*

***ਚੌਰਾਸੀ ਲੱਖ ਜੋਨਿ ਵਿੱਚ***
***ਉਤਮ ਜਨਮ ਸੁ ਮਾਨਸ ਦੇਹੀ।***

***ਭਾਈ ਗੁਰਦਾਸ ਜੀ, ਵਾਰ*** *- 1/3*

**On casting his glance at the entire audience, the great Saint ordained thus : there must be many persons among you who keep these great statements of Guru Maharaj in their memory. Hearing this remark, all the persons started looking at each other. After sometime, there was a voice from behind : Great Sir, in our memory are stored thousands of books, thousands of auspicious instructions, just as thousands of books are kept stored on the racks of a library. We see a book, we recognise its title and we recall that this book is the work of that particular author; also we remember what particular topic has been dealt with in that book. Like this, the part of the Holy Writ that has been uttered by you, enters our memory for a second and we pronounce it, when we are doing the holy reading of *Rehraas*. And then it vanishes out. We do not remember it at all times. We stay in deep ignorance. Such an invaluable instruction remains with us and is still not there. Now hearing it from your goodself, a part of it has entered inside us, but it does not leave permanent effect on us. It is a great favour on your part to have attracted our attention towards this great quotation. We make the request to you to tell us more about this.**

**Hearing this, the great Saint smiled a little, and said, tell me one thing. Suppose a person is carrying rupees one lakh in his bag and during the summer month, he is greatly tortured by thirst. He could not forget his great money. So having all money, he does not feel comfortable. He can't make any use of it. Then the big in his bag is only a burden to him. Similarly there are countless**

lessons in the *Gurbani*, which can destroy all the obstacles; which can rid one of all troubles and sufferings and which tell us the way to merge ourselves in supreme bliss. If you do not pay full attention towards them, then they just remain as a treasure kept in the store-house of memory, which are just kept stored, but one cannot make any use of them. The correct thing is that the instructions taught by Guru Maharaj should be always present in one's heart. For example, take the present quotation just read by us. The human body is the greatest achievement. This is your chance of union with 'God'.

The right thing is that as soon as we read this line, this eternal lesson should enter into our heart and at once we should cry out : this *human body* has been got by me through the *infinite Grace of Waheguru*. This has been given to me to achieve union with God. Instead of following the real purpose of life - namely love of God, I am immersed in other useless tasks. This human body was given to me to achieve God. But I am doing nothing to realise this supreme purpose of this human life. Instead of devoting all my time to the love of God, I am uselessly wasting my time in other activities. One trembles to think that so much time has passed in doing other useless acts and I have been able to do nothing about the real purpose of life. Time that has been passed uselessly can't be called back again. It is not like the reel of the tape-recorder which can be repeated at will, nor like the film, of which you can do the reverse. Time wasted without prayer is lost forever. One must feel a great regret in his mind that he has just wasted such a valueless time and was able to do nothing for the achievement of God. I did not meet with any Sant who had made realisation of reality, nor any beloved of God and man of the Gurus, in whose company I should have learnt how to do *jap* of God. Now hearing this great writ of the Guru, we are reminded that this human body has been given to us for attainment of God. Suppose there is plate full of delicious eatables lying on our dining table, and we do not eat it and stay very hungry – the mere knowledge of this fact is not going to satiate our appetite. Exactly the same thing is happening to us. We have read the holy sentence :

'We have realised that we have been given this human body, this is your means of meeting God.' What effect had this sentence made on us?

"Of what use to you are the other activities? Meet saints and holy men and do the jap of only His Name."

These are two instructions, but they have made no impression on us. So the mere knowledge is no sign of greatness; this is just the load of the prophets words that we carry in our brain.

On hearing these words of the great saint, all audience realised in their inner mind that what the great one had spoken was complete truth. Remembering these holy words, we study these texts, we sing them, but we do absolutely nothing to practise these teachings. What should be done by us? What is that (negative)

power, which does not allow the deep meanings of this holy sentence to sink into our inner consciousness. Such thoughts were crossing our mind, when the great saint once again resumed his talk. He said, dear ones Waheguru has created numberless shapes from His own One being. Along with that, he has spread *maya* (illusion or false appearances) all round.

*His mammon, He Himself has spread and He Himself is the Beholder thereof.*
*He assumes many forms and plays many sports, yet he remains distinct from all.*

ਅਪਨੀ ਮਾਇਆ ਆਪਿ ਪਸਾਰੀ
ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ
ਸਭ ਤੇ ਰਹੈ ਨਿਆਰਾ॥ **ਅੰਗ** - 537

The purpose of that Maya (illusion) is to keep us away from the true reality and to look upon God, Who is Immanent in everything inside and outside and Who is All Perfection as non-entity. It makes us cast doubt on God's existence and Omnipresence. And the being wanders as lost. Just as the lightening flashes in the clouds and then it is all dark, in the same manner, the wise words of the saints give us a flash of lightening (of true knowledge) for a few seconds and then there is pitch darkness very soon.

*O Lord of the world and Master of the universe, this worldliness has made me forget Thine feet.*
*Even a bit of love for Thee wells not up in Thy slave. What can the poor slave do?*

ਇਨਿ ਮਾਇਆ ਜਗਦੀਸ ਗੁਸਾਈ
ਤੁਮਰੇ ਚਰਨ ਬਿਸਾਰੇ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ
ਜਨ ਕਹਾ ਕਰਹਿ ਬੇਚਾਰੇ॥ **ਅੰਗ** - 857

The purpose of Maya is to induce forgetfulness (of godly things) and not to allow any love for Waheguru to take root in ones mind, by offering him joys and pleasures, which deceive and which rob us. Maya's purpose is to perpetuate to keep us forgetfull (of our true purpose of life). It is the work of this Maya, which attracts to itself man's internal tendencies, his mind and intellect all together. For their help, countless powers of desires render a person helpless and put him under the influence of sex, anger, covetousness, illusion, pride, jealousy, censuring others and backbiting them. Jealousy, deceitfulness, fraud, hypocrisy and thinking ill of others, doing evil acts, troubling others, violence (killing), quenchless thirst (for worldly achievements), hope, false sense of danger and ambitions etc. All this stops such golden advice from entering inside one. What then should we do? This being is helpless and alone. He has not the power within himself to give battle to these killing tendencies inside of him. For that, he needs the help of some perfect great man, who has realised *Brahm* (God), who hears about God, who talks of God, who has attained the knowledge of God – the company of such a person, complete love for him and behaving with him with all devotion, because meeting such men of God, you will begin to feel some power inside of you, due to their influence and the darkness will begin to shatter because you have developed love for them. Respect for them will enter your head,

and you would try your best to put into practice their teachings, with complete faith and firmness. As soon as you come into contact with holy men, these demonic tendencies would start vanishing by themselves. One begins to visibly experience the love of that man of God, you know very well, that if attachment to a woman of bad character enters one's mind, what a great change and disturbance start in one's mind. If some naked woman's image gets fixed in your mind, then under its influence, what a great disturbance takes place in mind. For this reason, the need to meet with men of God, keeping company with great souls, and to listen to their talks has been repeatedly stressed in Guru Granth Sahib. In the following writ, Guru Maharaj has ordained thus :

*Joining the society of saints, contemplate over the Name alone.*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥* **ਅੰਗ** - *12*

Thus there is the very great need to keep the holy company of the men of Truth (God). When you meditate on Gurbani (the writ of the Gurus), these commands of the Guru, would keep occurring again and again.

The human being is called the lord of creation (best among created beings). It is a rare opportunity to achieve union with God. Apart from the human body, all the 84 lakh births on this planet earth have been manifested in the four classes. These 84 lakh types of life, do not understand this important matter that there is something called Waheguru (God) and that uniting with Him means the end of all troubles and suffering. They don't understand this eternal truth, because of their absence of intellect. Alone among the 84 lakh births (species), it is only among the human birth, that God has kept the path for the man to achieve God in order to be relieved of all sufferings. Only in this human body God has provided the eye, which can see God in His full glory and we can also know about ourselves as to what we are. In this human body, Waheguru has created a fort with many gates. God has kept the tenth gate in this fort secret. No one has been able to open this gate (to know the final truth about life), though man has made thousands of efforts, through penances and doing the jap (repetition) of God's Name. For the welfare of the world, God has sent here many great men, scholars, Saints – knowers of the Brahm (God), *Sadhus* men of the Gurus. Gurus, apostles, prophets, sages and philosophers, with this purpose that they should effect the welfare of mankind who are wandering through 84 lakh births by showing him the way to meet God. Only a realised Guru has the key to meet God Himself. By using this key only the perfect Guru can open that rock gate and make us see God Himself in this human body itself.

*He, whose Home it is, has put the lock to it, and gives the key to the Guru.*
*Without seeking the shelter of the True Guru, man cannot get the key, though he makes various other efforts.*

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥* **ਅੰਗ** - *205*

The Guru generally has the key in the shape of the gospel. Without the *sabad*, inside the human body pervades intense darkness, so that he can see nothing and keeps losing his way in that darkness. When he obtains the key in the shape of the *sabad* from the realised Guru, he can with this key open the (Tenth) Gate and enter inside, where he can obtain the glimpse of that Perfect God and obtain the knowledge about the secret of the human life.

*Without the Lord's Name there is all darkness within.*
*One receives not the real thing and ends not the round.*
*In the True Guru's hand is the key. None else can open the door. By perfect good luck the Guru is met.*

ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ॥ **ਅੰਗ** - 124

All the religions, creeds and sects have their own different ways. The Tenth Master, the True Emperor of the world, proclaimed that Guru Granth Sahib is the form of the Guru; he also started the tradition of giving the gift of Holy Name (of God) by initiating men through the *Punj Piaras* (Five Beloveds of God); and with the help of the *gurmukhs*, the holy men, and those who have realised the Truth, who are true Sikhs of the Guru, who are men of God, thus leading a life of intense faith and love and recognising great souls as the indistinguishable form of God Himself. He the Tenth Master stressed the need to win spiritual achievements. Guru Maharaj has commanded thus :

*What are they like, who forget not the Name?*
*They are like the Lord. Know that there is absolutely no difference between the two.*

ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ **ਅੰਗ** - 397

*The great god, Shiva, searches for the man, who knows God.*
*Nanak the Brahm-gyani, is Himself the Exalted Lord.*

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
**ਅੰਗ** - 273

*The one who has tasted the Divine Nectar,*
*He alone deserves to be addressed 'Khalsa', the pure.*
*Between God, me and him, there exists not the slightest difference.*

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ 'ਚੋਂ)

And so when we fully act upon the instructions given in Guru Granth Sahib, we shall develop the capacity of reaching our destination, by making use of the key of the Holy Writ. Great men make us confirmed in the view, that God whom we want to meet remains with us all the time. Just the face, eye and ear of every person are never away from him, but to see them he has the need of the mirror. Even though, the eyes see all things, yet they cannot see themselves, even though they are so near. To see themselves, they (eyes) feel the need of a mirror. It is necessary that the mirror

**should be straight not crooked or upside down; it should be perfectly clear, not dirty; it should be placed right in front of the face, it should not be shaking this way or that. In such a mirror, one can see one's face and eyes. If the mirror is covered with filth, then one's face cannot be seen clearly in it. If there is some disorder in the polish on the glass then one cannot see one's face right in it. Waheguru lives with us all, it is the shape of all and is nearest of the near; just as everyone's face and eyes are. We can have the glimpse of God through the mirror of our inner mind (conscience). But if there is feeling of the presence of God in it, rather if there is the feeling of atheism, or if the inner mind is covered with the filth of dirty thoughts, then one cannot see God, even though He is inside of us all the time. If there is the filth of duplicit thoughts in one's conscience, one cannot see God (who is inside of him). Bhai Gurdas was the Ved Vyas in the house of Guru Nanak Dev Ji . His *Bani* (words) has been regarded as the key of Guru Granth Sahib (the key which opens the lock of the meanings of Granth Sahib). He ordains that to achieve the state of God, the methods given below are very necessary. (One has to leave worldly ideas and be a man of God). He ordains as under :**

*I love him deeply who cultivates humility through Gurmat, the wisdom of Guru.*
*I love him deeply who does not go near another's wife.*
*I love him deeply who touches not the other's wealth.*
*I also love him deeply who becoming indifferent to the backbiting of others detaches himself.*
*I love him deeply who listening to the teaching of the true Guru practises it in actual life.*
*I love him deeply who sleeps less and eats little.*
*Such a gurmukh absorbs himself in the equipoise.*

*ਹਉਂ ਤਿਸ ਘੋਲ ਘੁਮਾਇਆ*
*ਗੁਰਮਤਿ ਰਿਦੈ ਗਰੀਬੀ ਆਵੈ।।*
*ਹਉਂ ਤਿਸ ਘੋਲਿ ਘੁਮਾਇਆ*
*ਪਰ ਨਾਰੀ ਦੇ ਨੇੜਿ ਨ ਜਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਪਰ ਦਰਬੇ ਨੂੰ ਹਥ ਨ ਲਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਪਰ ਨਿੰਦਾ ਸੁਣਿ ਆਪੁ ਹਟਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਸਤਿਗੁਰ ਦਾ ਉਪਦੇਸ਼ ਕਮਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਥੋੜਾ ਸਵੈ ਥੋੜਾ ਹੀ ਖਾਵੈ।।*
*ਗੁਰਮੁਖ ਸੋਈ ਸਹਜਿ ਸਮਾਵੈ।।*

*ਭਾਈ ਗੁਰਦਾਸ ਜੀ, ਵਾਰ - 12/4*

**In this context, he has mentioned six means, first humility lowliness; the second instruction is that a Guru's Sikh should practise self-restraint and celibacy. In the Guru's ideology, a man of the Guru neither leaves his home, nor does he go to live in the caves of the mountains; rather he stays in his home, among his children and there practises self-control and celibacy.**

*Having one women as wife he (the Sikh) is a celibate and considers any other's wife his daughter or a sister.*

*ਏਕਾ ਨਾਰੀ ਜਤੀ ਹੋਇ*
*ਪਰ ਨਾਰੀ ਧੀ ਭੈਣ ਵਖਾਣੈ।।*

*ਭਾਈ ਗੁਰਦਾਸ ਜੀ, ਵਾਰ - 6/8*

*The Sikh ought to treat beautiful women of others as his mothers, sisters, and daughters.*

*ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।।*
*ਭਾਈ ਗੁਰਦਾਸ ਜੀ, ਵਾਰ - 29/11*

*To other woman's abode, one should not go even in a dream.*

*ਪਰਨਾਰੀ ਕੀ ਸੇਜ, ਭੁਲਿ ਸੁਪਨੇ ਹੂੰ ਨ ਜੈਯਹੁ।।*
*(ਰੂਪਕੁਅਰ ਪ੍ਰਥਾਇ, ਪਾ: 10)*

*Whose eyes see not the beauty of others wives.*

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।।* **ਅੰਗ** *- 274*

*Concealed in places they look at others women.*

*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।।*
**ਅੰਗ** *- 315*

**Living as a householder, practising self restraint and preserving the full vitality of one's body, one should take to prayers and *simran* of God. One should never look with an evil eye on the other woman.**

**In the third verse, it is ordained that one should never touch someone else's wealth; he should stand guard over the purity of his earning which should come with the sweat of his brow. He should be content with whatever he earns with the sweat of his brow. He should be content with that and thank Waheguru. Let not the evils creep in like theft of others' wealth, snatching and loot, corruption or bribery (earning money through) adulteration, charging commission and also other major scandals.**

**The fourth means is – one should never feel pleased to hear other people's slander. Rather indirectly he should stop the slanderer from evil talk and advise him about the right path. The fifth means is to mould one's life according to the counsel given by the Guru, and by repeating the *mantar Waheguru* given by the Guru. In the sixth it is hinted as under :**

*Thou fillest thy belly, sleepest like a beast and loseth thy human life. Pause.*

*ਪੇਟੁ ਭਰਿਓ ਪਸੂਆ ਜਿਉ ਸੋਇਓ*
*ਮਨੁਖੁ ਜਨਮੁ ਹੈ ਹਾਰਿਓ।।* **ਅੰਗ** *- 1105*

**In place of this, one should adopt the adage of "little eating and little sleep." When a lover of the Guru adopts these precepts, then naturally he becomes a man of God and is able to meet with Waheguru. Hence, for achieving salvation the following six means are very necessary, according to Bhai Gurdas.**

**1. Humility**

**2. Celibacy**

**3. Contentment**

**4. No slandering**

**5. Practising the Words of the Guru, and Guru's instructions and repeating the secret *mantar*, given by the Guru.**

**6. Little eating and little sleeping.**

**From this, it is quite clear, that in order to have a glimpse of God and to achieve Him, we will have to remove all the above-mentioned defects from the mirror of our inner mind. Bidding farewell to atheistic feelings and performing noble acts without any selfish motive removes the dirt and filth from the inner consciousness. To remove**

